ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 183| 9 July to 15 July, 2025 | Ph.: (510) 240-5949 | Email: asrtimes@gmail.com

# ਕੀ ਮਸਕ ਦੀ 'ਅਮਰੀਕਾ ਪਾਰਟੀ' ਟਰੰਪ ਦਾ ਸਿਆਸੀ ਨੁਕਸਾਨ ਕਰ ਸਕੇਗੀ ?

## ਬਿਗ ਬਿਊਟੀਫੁੱਲ ਬਿੱਲ ਨੇ ਮਚਾਇਆ ਹੰਗਾਮਾ, ਮਸਕ ਨੂੰ ਖੋਲ੍ਹਣਾ ਪਿਆ ਨਵਾਂ ਸਿਆਸੀ ਮੋਰਚਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੀ ਸਿਆਸੀ ਧਰਤੀ 'ਤੇ ਐਲਨ ਮਸਕ ਨੇ ਇੱਕ ਅਜਿਹਾ ਸਿਆਸੀ ਧਮਾਕਾ ਕੀਤਾ ਹੈ, ਜਿਸ ਨੇ ਸਾਰਿਆਂ ਦੇ ਕੰਨ ਖੜ੍ਹੇ ਕਰ ਦਿੱਤੇ ਹਨ। ਦੁਨੀਆ ਦੇ ਸਭ ਤੋਂ ਅਮੀਰ ਬੰਦੇ, ਟੈਸਲਾ ਅਤੇ ਸਪੇਸਐਕਸ ਦੇ ਮਾਲਕ ਮਸਕ ਨੇ 'ਅਮਰੀਕਾ ਪਾਰਟੀ' ਦੀ ਸਥਾਪਨਾ ਕਰਕੇ ਸਿਆਸੀ ਅਖਾੜੇ ਵਿੱਚ ਛਾਲ ਮਾਰ ਦਿੱਤੀ ਹੈ। ਇਹ ਸਭ ਕੁਝ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਉਸ ਦੀ ਤਿੱਖੀ ਤਕਰਾਰ ਦੇ ਵਿਚਕਾਰ ਹੋਇਆ, ਜਿਸ ਨੇ ਮਸਕ ਦੀਆਂ ਕੰਪਨੀਆਂ ਨੂੰ ਸਬਸਿਡੀਆਂ 'ਤੇ ਚੱਲਣ ਵਾਲੀਆਂ ਦੱਸਦਿਆਂ ਉਸ ਨੂੰ ਦੱਖਣੀ ਅਫ਼ਰੀਕਾ ਵਾਪਸ ਜਾਣ ਦੀ ਚਿਤਾਵਨੀ ਦਿੱਤੀ ਸੀ। ਪਰ ਮਸਕ ਕਿਤੇ ਝੁਕਣ ਵਾਲਿਆਂ ਵਿਚੋਂ ਨਹੀਂ ਹੈ। ਉਸ ਨੇ ਆਪਣੇ 'ਐਕਸ' ਪਲੇਟਫ਼ਾਰਮ 'ਤੇ ਪੋਲ ਕਰਵਾਇਆ, ਜਿੱਥੇ 66% ਲੋਕਾਂ ਨੇ ਨਵੀਂ ਪਾਰਟੀ ਦੀ ਹਮਾਇਤ ਕੀਤੀ। ਬੱਸ, ਫ਼ਿਰ ਕੀ, ਮਸਕ ਨੇ ਐਲਾਨ ਕਰ ਦਿੱਤਾ, 'ਅਮਰੀਕਾ ਪਾਰਟੀ ਅੱਜ ਤੁਹਾਡੀ ਆਜ਼ਾਦੀ ਵਾਪਸ ਦੇਣ ਲਈ ਬਣੀ ਹੈ!'

**ਟਰੰਪ ਦਾ ਪ੍ਰਤੀਕਰਮ: 'ਮਸਕ ਦਾ ਮਜ਼ਾਕ'**

ਟਰੰਪ ਨੇ ਮਸਕ ਦੀ ਨਵੀਂ ਪਾਰਟੀ ਨੂੰ 'ਚਾਰ ਦਿਨ ਦੀ ਚਾਂਦਨੀ' ਦੱਸਦਿਆਂ ਮਜ਼ਾਕ ਉਡਾਇਆ। ਏਅਰ ਫ਼ੋਰਸ ਵਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਉਨ੍ਹਾਂ ਕਿਹਾ, 'ਅਮਰੀਕਾ ਵਿੱਚ ਦੋ-ਪਾਰਟੀ ਸਿਸਟਮ ਸਭ ਤੋਂ ਵਧੀਆ ਹੈ। ਮਸਕ ਆਪਣੀ ਖੇਡ ਖੇਡ ਸਕਦਾ ਹੈ, ਪਰ ਇਹ ਸਿਰਫ਼ ਮੂਰਖਤਾ ਹੈ।' ਟਰੰਪ ਦਾ ਮੰਨਣਾ ਹੈ ਕਿ ਮਸਕ ਦੀ ਪਾਰਟੀ ਕੋਈ ਵੱਡਾ ਅਸਰ ਨਹੀਂ ਪਾਵੇਗੀ। ਉਨ੍ਹਾਂ ਨੇ ਮਸਕ ਨੂੰ ਚਿਤਾਵਨੀ ਵੀ ਦਿੱਤੀ ਕਿ ਜੇ ਸਬਸਿਡੀਆਂ ਬੰਦ ਹੋਈਆਂ ਤਾਂ ਟੈਸਲਾ ਅਤੇ ਸਪੇਸਐਕਸ ਦਾ ਕੰਮ-ਧੰਦਾ ਬੰਦ ਹੋ ਜਾਵੇਗਾ।

ਕੀ ਹੈ ਮਸਕ ਦੀ ਪਾਰਟੀ ਦੀ ਰਣਨੀਤੀ ? ਮਸਕ ਦੀ ਪਾਰਟੀ 2026 ਦੇ ਮਿਡਟਰਮ ਚੋਣਾਂ ਵਿੱਚ 2-3 ਸੀਨੇਟ ਸੀਟਾਂ ਅਤੇ 8-10 ਹਾਊਸ ਸੀਟਾਂ 'ਤੇ ਨਿਸ਼ਾਨਾ ਸਾਧੇਗੀ। ਮਸਕ ਦਾ ਇਰਾਦਾ ਹੈ ਕਿ ਉਸ ਦੀ ਪਾਰਟੀ ਕਾਂਗਰਸ ਵਿੱਚ ਘੱਟ ਬਹੁਮਤ ਵਾਲੀ ਸਥਿਤੀ ਵਿੱਚ 'ਕਿੰਗਮੇਕਰ' ਦੀ ਭੂਮਿਕਾ ਨਿਭਾਵੇ। ਉਸ ਨੇ ਪ੍ਰਾਚੀਨ ਯੂਨਾਨ ਦੇ ਸੈਨਾਪਤੀ ਐਪਾਮਿਨੋਂਡਸ ਦੀ ਮਿਸਾਲ ਦਿੱਤੀ, ਜਿਸ ਨੇ ਥੋੜ੍ਹੀ ਫ਼ੌਜ ਨਾਲ ਵੱਡੇ ਸਾਮਰਾਜ ਨੂੰ ਹਿਲਾ ਦਿੱਤਾ ਸੀ। ਮਸਕ ਦਾ ਕਹਿਣਾ ਹੈ ਕਿ ਉਸ ਦੀ ਪਾਰਟੀ ਵੀ ਅਮਰੀਕੀ ਸਿਆਸਤ ਵਿੱਚ ਅਜਿਹੀ ਹੀ ਕ੍ਰਾਂਤੀ ਲਿਆਵੇਗੀ।

### ਕੀ 2026 ਦੀਆਂ ਚੋਣਾਂ 'ਚ ਮਸਕ ਦੀ ਪਾਰਟੀ ਬਣੇਗੀ 'ਕਿੰਗਮੇਕਰ' ?




**ਮੀਡੀਆ ਤੇ ਸਿਆਸੀ ਮਾਹਿਰਾਂ ਦੇ ਵਿਚਾਰ**

ਅਮਰੀਕੀ ਮੀਡੀਆ ਅਤੇ ਵਿਦਵਾਨ ਮਸਕ ਦੀ ਇਸ ਚਾਲ ਨੂੰ ਲੈ ਕੇ ਦੋਫਾੜ ਹਨ। 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਮੁਤਾਬਕ, ਮਸਕ ਨੂੰ ਕਾਨੂੰਨੀ, ਵਿੱਤੀ ਅਤੇ ਸੰਗਠਨਾਤਮਕ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕਾ ਪਾਰਟੀ ਅਜੇ ਫ਼ੈਡਰਲ ਇਲੈਕਸ਼ਨ ਕਮਿਸ਼ਨ ਵਿੱਚ ਰਜਿਸਟਰਡ ਨਹੀਂ ਹੈ, ਜਿਸ ਨਾਲ ਇਸ ਦੀ ਸਰਕਾਰੀ ਮਾਨਤਾ 'ਤੇ ਸਵਾਲ ਉੱਠਦੇ ਹਨ। ਪਰ ਕੁਆਂਟਸ ਇਨਸਾਈਟਸ ਦੇ ਸਰਵੇਖਣ ਮੁਤਾਬਕ, 40% ਵੋਟਰ ਮਸਕ ਦੀ ਪਾਰਟੀ ਨੂੰ ਸਮਰਥਨ ਦੇਣ ਲਈ ਤਿਆਰ ਹਨ, ਜਿਸ ਵਿੱਚ ਕਈ ਰਿਪਬਲੀਕਨ ਵੀ ਸ਼ਾਮਲ ਹਨ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿੱਚ ਤੀਜੀ ਪਾਰਟੀ ਦੀ ਸਫ਼ਲਤਾ ਦਾ ਰਿਕਾਰਡ ਬਹੁਤ ਕਮਜ਼ੋਰ ਹੈ। ਛੋਟੀਆਂ ਪਾਰਟੀਆਂ ਨੂੰ ਬੈਲਟ 'ਤੇ ਜਗ੍ਹਾ ਪਾਉਣ ਲਈ ਹਜ਼ਾਰਾਂ ਦਸਤਖ਼ਤਾਂ ਦੀ ਲੋੜ ਹੁੰਦੀ ਹੈ, ਅਤੇ ਫ਼ੈਡਰਲ ਫ਼ੰਡਿੰਗ ਸਿਰਫ਼ ਉਦੋਂ ਮਿਲਦੀ ਹੈ ਜੇ ਪਿਛਲੀ ਚੋਣ ਵਿੱਚ 5% ਵੋਟਾਂ ਮਿਲੀਆਂ ਹੋਣ।

**ਬਿਗ ਬਿਊਟੀਫੁੱਲ ਬਿੱਲ: ਫ਼ਾਇਦਾ ਜਾਂ ਨੁਕਸਾਨ ?**

ਟਰੰਪ ਦਾ ਬਿੱਲ ਗਰੀਨ ਐਨਰਜੀ ਸਬਸਿਡੀਆਂ ਨੂੰ ਖ਼ਤਮ ਕਰਕੇ ਜੈਵਿਕ ਬਾਲਣ ਅਤੇ ਨਿਰਮਾਣ ਉਦਯੋਗਾਂ ਨੂੰ ਉਤਸ਼ਾਹ ਦੇਵੇਗਾ। ਟਰੰਪ ਦਾ ਦਾਅਵਾ ਹੈ ਕਿ ਇਹ ਅਮਰੀਕੀ ਅਰਥਚਾਰੇ ਨੂੰ ਮਜ਼ਬੂਤ ਕਰੇਗਾ। ਪਰ ਮਸਕ ਅਤੇ ਵਾਤਾਵਰਣ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਿੱਲ ਤਕਨੀਕੀ ਨਵੀਨਤਾ ਅਤੇ ਸਾਫ਼ ਊਰਜਾ ਨੂੰ ਪਛਾੜ ਦੇਵੇਗਾ। ਟੈਸਲਾ ਵਰਗੀਆਂ ਕੰਪਨੀਆਂ ਨੂੰ ਨੁਕਸਾਨ ਹੋਣ ਨਾਲ ਅਮਰੀਕੀ ਬਜ਼ਾਰ ਵਿੱਚ ਇਲੈਕਟ੍ਰਿਕ ਵਾਹਨਾਂ ਦੀ ਮੰਗ ਘਟ ਸਕਦੀ ਹੈ।

**ਕੀ ਮਸਕ ਦੀ ਪਾਰਟੀ ਕਾਰਨ ਟਰੰਪ ਨੂੰ ਨੁਕਸਾਨ ਹੋਵੇਗਾ ?**

ਮਸਕ ਕੋਲ 405 ਡਾਲਰ ਬਿਲੀਅਨ ਦੀ ਦੌਲਤ ਹੈ ਅਤੇ ਉਹ ਪਹਿਲਾਂ ਹੀ ਟਰੰਪ ਦੀ ਚੋਣ ਮੁਹਿੰਮ 'ਤੇ 2500 ਕਰੋੜ ਰੁਪਏ ਖਰਚ ਚੁੱਕਾ ਹੈ। ਪੈਸੇ ਦੀ ਕੋਈ ਕਮੀ ਨਹੀਂ, ਪਰ ਸਿਆਸੀ ਸਫ਼ਲਤਾ ਦੀ ਗੱਲ ਹੋਰ ਹੈ। ਅਮਰੀਕੀ ਸਿਆਸਤ ਵਿੱਚ ਤੀਜੀ ਪਾਰਟੀਆਂ ਦਾ ਇਤਿਹਾਸ ਧੁੰਦਲਾ ਹੈ। 1912 ਅਤੇ 2000 ਦੀਆਂ ਚੋਣਾਂ ਵਿੱਚ ਛੋਟੀਆਂ ਪਾਰਟੀਆਂ ਨੇ ਵੋਟਾਂ ਵੰਡ ਕੇ ਨਤੀਜੇ ਜ਼ਰੂਰ ਬਦਲੇ, ਪਰ ਖ਼ੁਦ ਸੱਤਾ ਵਿੱਚ ਨਹੀਂ ਆ ਸਕੀਆਂ।

(ਬਾਕੀ ਸਫ਼ਾ 30 'ਤੇ)

### ਕੀ ਹੈ ਮਸਕ ਦੀ ਚਾਲ ?

ਮਸਕ ਦੀ ਇਹ ਸਿਆਸੀ ਨੀਤੀ ਟਰੰਪ ਦੇ 'ਬਿਗ ਬਿਊਟੀਫੁੱਲ ਬਿੱਲ' ਦੇ ਜਵਾਬ ਵਿੱਚ ਬਣਾਈ ਗਈ ਹੈ। ਇਸ ਬਿੱਲ ਨੇ ਇਲੈਕਟ੍ਰਿਕ ਵਾਹਨਾਂ 'ਤੇ ਮਿਲਣ ਵਾਲੀ 7,500 ਡਾਲਰ ਦੀ ਟੈਕਸ ਸਹੂਲਤ ਨੂੰ ਖ਼ਤਮ ਕਰ ਦਿੱਤਾ, ਜਿਸ ਨਾਲ ਟੈਸਲਾ ਵਰਗੀਆਂ ਕੰਪਨੀਆਂ ਦੀ ਕਮਰ ਟੁੱਟਣ ਦੀ ਨੌਬਤ ਆ ਗਈ। ਮਸਕ ਦਾ ਕਹਿਣਾ ਹੈ ਕਿ ਇਹ ਬਿੱਲ ਅਮਰੀਕਾ ਨੂੰ ਦੀਵਾਲੀਆ ਕਰ ਦੇਵੇਗਾ ਅਤੇ ਗਰੀਨ ਐਨਰਜੀ ਦੀ ਬਜਾਏ ਜੈਵਿਕ ਬਾਲਣ ਵਾਲੇ ਉਦਯੋਗਾਂ ਨੂੰ ਫ਼ਾਇਦਾ ਪਹੁੰਚਾਏਗਾ। ਮਸਕ ਦਾ ਤਰਕ ਹੈ ਕਿ ਅਮਰੀਕਾ ਦੀਆਂ ਦੋਵੇਂ ਵੱਡੀਆਂ ਪਾਰਟੀਆਂ—ਰਿਪਬਲੀਕਨ ਤੇ ਡੈਮੋਕਰੇਟ—ਭ੍ਰਿਸ਼ਟਾਚਾਰ ਦੀ ਜੜ੍ਹ ਹਨ। ਉਸ ਦੀ ਪਾਰਟੀ ਇਸ 'ਇੱਕ-ਧਿਰੀ ਤਾਨਾਸ਼ਾਹੀ' ਨੂੰ ਤੋੜਨ ਦੀ ਕੋਸ਼ਿਸ਼ ਹੈ।

---

### ਟਰੰਪ ਬ੍ਰਿਕਸ ਦੇਸ਼ਾਂ ਤੋਂ ਨਾਰਾਜ਼

# ਅਮਰੀਕਾ ਵਿਰੋਧੀ ਨੀਤੀਆਂ ਨਾਲ ਜੁੜਨ ਵਾਲਿਆਂ 'ਤੇ ਲੱਗੇਗਾ 10 ਫ਼ੀਸਦੀ ਵਾਧੂ ਟੈਰਿਫ਼

ਨਿਊਯਾਰਕ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬ੍ਰਿਕਸ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਬ੍ਰਿਕਸ ਦੇਸ਼ ਅਮਰੀਕਾ ਵਿਰੋਧੀ ਨੀਤੀ ਦਾ ਸਮਰਥਨ ਕਰਦੇ ਹਨ, ਤਾਂ ਉਨ੍ਹਾਂ 'ਤੇ 10% ਵਾਧੂ ਟੈਰਿਫ ਲਗਾਇਆ ਜਾਵੇਗਾ। ਬ੍ਰਾਜ਼ੀਲ ਵਿੱਚ ਬ੍ਰਿਕਸ ਸੰਮੇਲਨ ਵਿੱਚ ਇਰਾਨ 'ਤੇ ਅਮਰੀਕਾ ਅਤੇ ਇਜ਼ਰਾਇਲ ਦੇ ਹਮਲਿਆਂ ਦੀ ਨਿੰਦਾ ਕੀਤੇ ਜਾਣ ਤੋਂ ਬਾਅਦ ਟਰੰਪ ਨੇ ਨਾਰਾਜ਼ਗੀ ਪ੍ਰਗਟ ਕੀਤੀ ਹੈ ਅਤੇ ਬ੍ਰਿਕਸ ਦੇਸ਼ਾਂ ਨੂੰ ਚਿਤਾਵਨੀ ਦਿੱਤੀ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਰੂਥ ਸੋਸ਼ਲ 'ਤੇ ਲਿਖਿਆ ਕਿ ਬ੍ਰਿਕਸ ਦੀਆਂ ਅਮਰੀਕਾ ਵਿਰੋਧੀ ਨੀਤੀਆਂ ਵਿੱਚ ਸ਼ਾਮਲ ਹੋਣ ਵਾਲੇ ਕਿਸੇ ਵੀ ਦੇਸ਼ 'ਤੇ 10% ਵਾਧੂ ਟੈਰਿਫ ਲਗਾਇਆ ਜਾਵੇਗਾ। ਇਸ ਨੀਤੀ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਇਸ ਮਾਮਲੇ ਵੱਲ ਧਿਆਨ ਦੇਣ ਲਈ ਤੁਹਾਡਾ ਧੰਨਵਾਦ!

ਉੱਧਰ ਬ੍ਰਾਜ਼ੀਲ ਵਿੱਚ ਹੋਏ ਬ੍ਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਵਾਲੇ ਦੇਸ਼ਾਂ ਨੇ ਅਮਰੀਕਾ ਦਾ ਨਾਮ ਲਏ ਬਿਨਾਂ ਇਰਾਨ 'ਤੇ ਹਾਲ ਹੀ ਵਿੱਚ ਹੋਏ ਹਮਲੇ ਅਤੇ ਵਪਾਰ ਡਿਊਟੀ (ਟੈਰਿਫ) ਦੀ ਨਿੰਦਾ ਕੀਤੀ। ਮੱਧ ਪੂਰਬ ਵਿੱਚ ਇਜ਼ਰਾਇਲ ਦੀ ਫ਼ੌਜੀ ਕਾਰਵਾਈ ਦੀ ਆਲੋਚਨਾ ਕੀਤੀ ਗਈ। ਸੰਮੇਲਨ ਤੋਂ ਪਹਿਲਾਂ ਬ੍ਰਿਕਸ ਦੇਸ਼ਾਂ ਨੇ ਅਮਰੀਕਾ 'ਤੇ ਸਿੱਧੇ ਤੌਰ 'ਤੇ ਹਮਲਾ ਨਹੀਂ ਕੀਤਾ, ਪਰ ਉਨ੍ਹਾਂ ਕਿਹਾ ਕਿ ਵਧ ਰਹੇ ਟੈਰਿਫ ਦਾ ਵਿਸ਼ਵ ਵਪਾਰ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ ਅਤੇ ਇਹ ਡਬਲਯੂ ਟੀ ਓ ਦੇ ਨਿਯਮਾਂ ਦੇ ਵਿਰੁੱਧ ਹੈ। ਬ੍ਰਾਜ਼ੀਲ ਦੇ ਰਾਸ਼ਟਰਪਤੀ ਲੂਲਾ ਡਾ ਸਿਲਵਾ ਨੇ ਨਾਟੋ ਦੇ ਫ਼ੌਜੀ ਖਰਚ ਵਧਾਉਣ ਦੇ ਫ਼ੈਸਲੇ ਦੀ ਆਲੋਚਨਾ ਕੀਤੀ।

### ਟਰੰਪ ਨੇ ਜਾਪਾਨ ਤੇ ਦੱਖਣੀ ਕੋਰੀਆ 'ਤੇ ਲਗਾਇਆ 25 ਫ਼ੀਸਦੀ ਟੈਕਸ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਪਾਨ ਅਤੇ ਦੱਖਣੀ ਕੋਰੀਆ ਤੋਂ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ 25 ਫ਼ੀਸਦੀ ਟੈਕਸ ਲਗਾਉਣ ਦੇ ਨਾਲ-ਨਾਲ ਇੱਕ ਦਰਜਨ ਹੋਰ ਮੁਲਕਾਂ 'ਤੇ ਨਵੀਆਂ ਟੈਕਸ ਦਰਾਂ ਲਗਾਉਣ ਦਾ ਐਲਾਨ ਕੀਤਾ ਹੈ, ਜੋ 1 ਅਗਸਤ ਤੋਂ ਅਮਲ ਵਿੱਚ ਆਉਣਗੀਆਂ। ਟਰੰਪ ਨੇ ਟਰੂਥ ਸੋਸ਼ਲ 'ਤੇ ਵੱਖ-ਵੱਖ ਮੁਲਕਾਂ ਦੇ ਆਗੂਆਂ ਨੂੰ ਸੰਬੋਧਤ ਪੱਤਰ ਪੋਸਟ ਕਰਕੇ ਨੋਟਿਸ ਦਿੱਤਾ ਹੈ। ਪੱਤਰਾਂ ਵਿੱਚ ਚਿਤਾਵਨੀ ਦਿੱਤੀ ਗਈ ਹੈ ਕਿ ਉਹ ਆਪਣੇ ਦਰਾਮਦ ਟੈਕਸ ਵਧਾ ਕੇ ਵਾਰੀ ਦਾ ਵੱਟਾ ਨਾ ਲਾਹੁਣ, ਨਹੀਂ ਤਾਂ ਟਰੰਪ ਪ੍ਰਸ਼ਾਸਨ ਟੈਕਸ ਹੋਰ ਵਧਾ ਦੇਵੇਗਾ।



ਟਰੰਪ ਨੇ ਜਾਪਾਨੀ ਪ੍ਰਧਾਨ ਮੰਤਰੀ ਸ਼ਿਗੇਰੂ ਇਸ਼ੀਬਾ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਲੀ ਜੇਅ ਮਯੁੰਗ ਨੂੰ ਲਿਖੇ ਪੱਤਰਾਂ ਵਿੱਚ ਕਿਹਾ, "ਜੇਕਰ ਕਿਸੇ ਕਾਰਨ ਕਰਕੇ ਤੁਸੀਂ ਆਪਣੇ ਦਰਾਮਦ ਟੈਕਸ ਵਧਾਉਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਸੀਂ ਜਿੰਨਾ ਫ਼ੀਸਦ ਉਨ੍ਹਾਂ ਨੂੰ ਵਧਾਉਣਾ ਚਾਹੁੰਦੇ ਹੋ, ਉਹ 25 ਫ਼ੀਸਦ ਟੈਕਸ ਵਿੱਚ ਜੋੜ ਦਿੱਤਾ ਜਾਵੇਗੀ ਜੋ ਅਸੀਂ ਤੁਹਾਡੇ ਤੋਂ ਲੈਂਦੇ ਹਾਂ।" ਟਰੰਪ ਨੂੰ ਵਿਸ਼ਵਾਸ ਹੈ ਕਿ ਘਰੇਲੂ ਨਿਰਮਾਣ ਨੂੰ ਵਾਪਸ ਲਿਆਉਣ ਅਤੇ ਟੈਕਸ ਕਟੌਤੀਆਂ ਨੂੰ ਫ਼ੰਡ ਦੇਣ ਲਈ ਟੈਰਿਫ਼ ਜ਼ਰੂਰੀ ਹਨ। ਇਨ੍ਹਾਂ ਟੈਕਸਾਂ 'ਤੇ ਉਨ੍ਹਾਂ ਪਿਛਲੇ ਸ਼ੁੱਕਰਵਾਰ ਨੂੰ ਦਸਤਖ਼ਤ ਕੀਤੇ ਸਨ।

ਉੱਧਰ ਦੱਖਣੀ ਕੋਰੀਆ ਦੇ ਵਣਜ ਮੰਤਰਾਲੇ ਨੇ ਕਿਹਾ ਕਿ ਉਹ ਆਪਣੀਆਂ ਬਰਾਮਦਾਂ 'ਤੇ 25 ਫ਼ੀਸਦੀ ਟੈਕਸ ਲਾਗੂ ਹੋਣ ਤੋਂ ਪਹਿਲਾਂ ਅਮਰੀਕਾ ਨਾਲ ਗੱਲਬਾਤ ਕਰੇਗਾ। (ਬਾਕੀ ਸਫ਼ਾ 30 'ਤੇ)

### ਜਲਦੀ ਹੀ ਹੋਵੇਗਾ ਅਮਰੀਕਾ-ਭਾਰਤ 'ਚ ਵਪਾਰ ਸਮਝੌਤਾ: ਟਰੰਪ

ਵਾਸ਼ਿੰਗਟਨ/ ਏ.ਟੀ. ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਅਮਰੀਕਾ ਭਾਰਤ ਨਾਲ ਵਪਾਰ ਸਮਝੌਤਾ ਕਰਨ ਦੇ ਬਹੁਤ ਨੇੜੇ ਹੈ। ਅਮਰੀਕੀ ਸਦਰ ਨੇ ਕਿਹਾ, "ਹੁਣ, ਅਸੀਂ ਯੂਨਾਈਟਿਡ ਕਿੰਗਡਮ ਨਾਲ ਸਮਝੌਤਾ ਕੀਤਾ ਹੈ, ਅਸੀਂ ਚੀਨ ਨਾਲ ਸਮਝੌਤਾ ਕੀਤਾ ਹੈ। ਅਸੀਂ ਭਾਰਤ ਨਾਲ ਇੱਕ ਸਮਝੌਤਾ ਕਰਨ ਦੇ ਬਹੁਤ ਨੇੜੇ ਹਾਂ। ਜਿਨ੍ਹਾਂ ਹੋਰਨਾਂ ਨੂੰ ਅਸੀਂ ਮਿਲੇ ਸੀ ਅਤੇ ਸਾਨੂੰ ਨਹੀਂ ਲੱਗਦਾ ਕਿ ਅਸੀਂ ਕੋਈ ਸਮਝੌਤਾ ਕਰ ਸਕਾਂਗੇ, ਇਸ ਲਈ ਅਸੀਂ ਉਨ੍ਹਾਂ ਨੂੰ ਪੱਤਰ ਭੇਜੇ ਹਨ।

(ਬਾਕੀ ਸਫ਼ਾ 30 'ਤੇ)

# ਕੈਨੇਡਾ ਵਿੱਚ ਪੰਜਾਬੀ ਬੋਲੀ ਸੰਕਟ ਵਿੱਚ ਕਿਉਂ?

## ਨਵੀਂ ਪੀੜ੍ਹੀ ਦੀ ਦੂਰੀ ਕਾਰਨ ਪੰਜਾਬੀ ਭਾਸ਼ਾ ਦੀ ਸਥਿਤੀ ਵਿਗੜੀ

## ਕੈਨੇਡਾ ਵਿੱਚ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ

### ਸੰਸਥਾਵਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਯਤਨ ਜਾਰੀ






ਕੈਨੇਡਾ ਵਿੱਚ ਪੰਜਾਬੀ ਬੋਲੀ ਦੀ ਹੋਂਦ ਨੂੰ ਖਤਰਾ ਮੁੱਖ ਤੌਰ 'ਤੇ ਨਵੀਂ ਪੀੜ੍ਹੀ ਦੇ ਇਸ ਨਾਲੋਂ ਵਧਦੀ ਦੂਰੀ ਕਾਰਨ ਹੈ। ਪੰਜਾਬੀ ਪਰਵਾਸੀਆਂ ਦੀ ਨਵੀਂ ਪੀੜ੍ਹੀ, ਖਾਸ ਕਰਕੇ ਜੋ ਕੈਨੇਡਾ ਵਿੱਚ ਜਨਮੀ ਅਤੇ ਵੱਡੀ ਹੋਈ, ਅੰਗਰੇਜ਼ੀ ਨੂੰ ਮੁੱਖ ਸੰਚਾਰ ਦੀ ਭਾਸ਼ਾ ਵਜੋਂ ਅਪਣਾ ਰਹੀ ਹੈ। ਇਸ ਦਾ ਮੁੱਖ ਕਾਰਨ ਮਾਪਿਆਂ ਦੀ ਘਰ ਵਿੱਚ ਅੰਗਰੇਜ਼ੀ ਦੀ ਵਰਤੋਂ ਅਤੇ ਪੰਜਾਬੀ ਬੋਲੀ ਨੂੰ ਉਤਸ਼ਾਹਿਤ ਨਾ ਕਰਨਾ ਹੈ।

ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਤਿੰਨ ਰੋਜ਼ਾ ਕਾਨਫਰੰਸ (2025) ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਅਤੇ ਹੋਰ ਵਿਦਵਾਨਾਂ ਨੇ ਮਾਪਿਆਂ 'ਤੇ ਜ਼ਿੰਮੇਵਾਰੀ ਮੜ੍ਹੀ ਕਿ ਉਹ ਘਰ ਵਿੱਚ ਬੱਚਿਆਂ ਨਾਲ ਅੰਗਰੇਜ਼ੀ ਸ਼ਬਦ ਵਰਤਦੇ ਹਨ, ਜਿਸ ਨਾਲ ਬੱਚਿਆਂ ਵਿੱਚ ਪੰਜਾਬੀ ਪ੍ਰਤੀ ਮੋਹ ਘਟਦਾ ਹੈ। ਸੁੱਖੀ ਬਾਠ, ਪੰਜਾਬ ਭਵਨ ਸਰੀ ਦੇ ਚੇਅਰਮੈਨ, ਨੇ ਜ਼ੋਰ ਦੇ ਕੇ ਕਿਹਾ ਕਿ ਘਰ ਵਿੱਚ ਪੰਜਾਬੀ ਦਾ ਮਾਹੌਲ ਬਣਾਉਣ ਦੀ ਲੋੜ ਹੈ, ਨਹੀਂ ਤਾਂ ਬੱਚਿਆਂ ਦੀ ਮਾਂ ਬੋਲੀ ਅੰਗਰੇਜ਼ੀ ਬਣ ਜਾਂਦੀ ਹੈ। ਇਸ ਤੋਂ ਇਲਾਵਾ, ਪੰਜਾਬੀ ਪਰਵਾਸੀਆਂ ਦੀ ਪਿਛਲੀ ਪੀੜ੍ਹੀ (40-60 ਸਾਲ ਦੀ ਉਮਰ) ਨੇ ਵੀ ਕੈਨੇਡਾ ਵਿੱਚ ਸਥਾਪਤ ਹੋਣ 'ਤੇ ਜ਼ਿਆਦਾ ਧਿਆਨ ਦਿੱਤਾ, ਜਿਸ ਕਾਰਨ ਉਹਨਾਂ ਦੇ ਬੱਚਿਆਂ ਨੂੰ ਪੰਜਾਬੀ ਸਿੱਖਣ ਦਾ ਮੌਕਾ ਨਹੀਂ ਮਿਲਿਆ। ਨਤੀਜੇ ਵਜੋਂ, ਨਵੀਂ ਪੀੜ੍ਹੀ ਦਾ 80% ਹਿੱਸਾ ਪੰਜਾਬੀ ਬੋਲੀ ਤੋਂ ਟੁੱਟ ਚੁੱਕਾ ਹੈ। ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦਾ ਦਰਜਾ ਅਤੇ ਸਥਿਤੀ ਵੈਸੇ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਦੀ ਸਥਿਤੀ ਮਜ਼ਬੂਤ ਹੈ ਅਤੇ ਇਹ ਦੇਸ਼ ਦੀਆਂ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ। 2021 ਦੀ ਕੈਨੇਡਾ ਦੀ ਮਰਦਮਸ਼ੁਮਾਰੀ ਅਨੁਸਾਰ, ਪੰਜਾਬੀ ਕੈਨੇਡਾ ਵਿੱਚ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਗੈਰ-ਸਰਕਾਰੀ ਭਾਸ਼ਾ ਹੈ, ਜਿਸ ਨੂੰ 520,000 ਤੋਂ ਵੱਧ ਲੋਕ ਆਪਣੀ ਮਾਂ ਬੋਲੀ ਵਜੋਂ ਵਰਤਦੇ ਹਨ। ਖਾਸ ਕਰਕੇ ਬ੍ਰਿਟਿਸ਼ ਕੋਲੰਬੀਆ, ਉਂਟਾਰੀਓ, ਅਤੇ ਅਲਬਰਟਾ ਵਰਗੇ ਸੂਬਿਆਂ ਵਿੱਚ ਪੰਜਾਬੀ ਭਾਈਚਾਰੇ ਦੀ ਵਧਦੀ ਗਿਣਤੀ ਕਾਰਨ ਇਸ ਦੀ ਮੌਜੂਦਗੀ ਮਹਿਸੂਸ ਕੀਤੀ ਜਾਂਦੀ ਹੈ।

ਸਰਕਾਰੀ ਅੰਕੜਿਆਂ ਅਨੁਸਾਰ, 2020 ਤੋਂ 2025 ਤੱਕ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ 10-12% ਦਾ ਵਾਧਾ ਹੋਇਆ ਹੈ, ਪਰ ਨਵੀਂ ਪੀੜ੍ਹੀ ਦੀ ਦੂਰੀ ਕਾਰਨ ਇਸ ਦੀ ਸਰਗਰਮ ਵਰਤੋਂ ਘਟ ਰਹੀ ਹੈ। ਕੈਨੇਡਾ ਸਰਕਾਰ ਨੇ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਕਈ ਕਦਮ ਚੁੱਕੇ ਹਨ। ਉਦਾਹਰਣ ਵਜੋਂ, ਬ੍ਰਿਟਿਸ਼ ਕੋਲੰਬੀਆ ਅਤੇ ਉਂਟਾਰੀਓ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਵਜੋਂ ਪੜ੍ਹਾਉਣ ਦੀ ਸਹੂਲਤ ਹੈ। ਸਰਕਾਰੀ ਦਸਤਾਵੇਜ਼ਾਂ ਅਤੇ ਸੇਵਾਵਾਂ ਵਿੱਚ ਵੀ ਪੰਜਾਬੀ ਦੀ ਵਰਤੋਂ ਦੇਖੀ ਜਾ ਸਕਦੀ ਹੈ।

ਕੈਨੇਡਾ ਦੇ ਸਿੱਖ ਬੁੱਧੀਜੀਵੀ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦੇ ਅਨੁਸਾਰ, ਸਰਕਾਰ ਇਕੱਲੀ ਇਸ ਸਮੱਸਿਆ ਨੂੰ ਹੱਲ ਨਹੀਂ ਕਰ ਸਕਦੀ; ਮਾਪਿਆਂ ਅਤੇ ਭਾਈਚਾਰੇ ਦੀ ਸਰਗਰਮ ਸ਼ਮੂਲੀਅਤ ਜ਼ਰੂਰੀ ਹੈ। ਉਹਨਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਨੂੰ ਬਚਾਉਣ ਅਤੇ ਪ੍ਰਚਾਰਨ ਲਈ ਕਈ ਸੰਸਥਾਵਾਂ ਅਤੇ ਗੁਰਦੁਆਰੇ ਕੰਮ ਕਰ ਰਹੇ ਹਨ। ਪੰਜਾਬ ਭਵਨ ਸਰੀ ਅਤੇ ਪੰਜਾਬ ਭਵਨ ਬਰੈਂਪਟਨ ਵਰਗੀਆਂ ਸੰਸਥਾਵਾਂ ਪੰਜਾਬੀ ਸਭਿਆਚਾਰ ਅਤੇ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਸਮਾਗਮ, ਵਰਕਸ਼ਾਪਾਂ ਅਤੇ ਸੱਭਿਆਚਾਰਕ ਪ੍ਰੋਗਰਾਮ ਆਯੋਜਿਤ ਕਰਦੀਆਂ ਹਨ। ਕਈ ਗੁਰਦੁਆਰਿਆਂ ਵਿੱਚ ਹਫ਼ਤਾਵਾਰੀ ਪੰਜਾਬੀ ਕਲਾਸਾਂ ਚਲਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚ ਬੱਚਿਆਂ ਨੂੰ ਪੰਜਾਬੀ ਬੋਲਣ, ਪੜ੍ਹਨ ਅਤੇ ਲਿਖਣ ਦੀ ਸਿਖਲਾਈ ਦਿੱਤੀ ਜਾਂਦੀ ਹੈ।

ਵਿਸ਼ਵ ਪੰਜਾਬੀ ਸਭਾ ਕੈਨੇਡਾ ਵਰਗੀਆਂ ਸੰਸਥਾਵਾਂ ਵਿਦਵਾਨਾਂ ਅਤੇ ਸੱਭਿਆਚਾਰਕ ਕਾਰਕੁੰਨਾਂ ਨੂੰ ਇਕੱਠੇ ਲਿਆ ਕੇ ਪੰਜਾਬੀ ਭਾਸ਼ਾ ਦੇ ਮੁੱਦੇ 'ਤੇ ਚਰਚਾ ਕਰਦੀਆਂ ਹਨ। ਇਸ ਤੋਂ ਇਲਾਵਾ, ਕਈ ਸਿੱਖ ਸੰਸਥਾਵਾਂ ਪੰਜਾਬੀ ਸਾਹਿਤ ਅਤੇ ਵਿਰਾਸਤ ਨੂੰ ਪ੍ਰਚਾਰਨ ਲਈ ਕਿਤਾਬ ਮੇਲੇ, ਕਵੀ ਦਰਬਾਰ ਅਤੇ ਸੱਭਿਆਚਾਰਕ ਪ੍ਰਤੀਯੋਗਤਾਵਾਂ ਦਾ ਆਯੋਜਨ ਕਰਦੀਆਂ ਹਨ। ਪਰ, ਇਨ੍ਹਾਂ ਯਤਨਾਂ ਦੇ ਬਾਵਜੂਦ, ਸਿਰਫ 20% ਨਵੀਂ ਪੀੜ੍ਹੀ ਹੀ ਪੰਜਾਬੀ ਨਾਲ ਜੁੜੀ ਹੋਈ ਹੈ, ਜੋ ਇਸ ਸਮੱਸਿਆ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ।

ਡਾਕਟਰ ਪੂਰਨ ਸਿੰਘ ਵੈਨਕੂਵਰ ਦਾ ਕਹਿਣਾ ਹੈ ਕਿ ਪੰਜਾਬੀਆਂ ਦੀ ਪਿਛਲੀ ਪੀੜ੍ਹੀ, ਜੋ 40-60 ਸਾਲ ਦੀ ਉਮਰ ਦੀ ਹੈ, ਵਿੱਚੋਂ ਜ਼ਿਆਦਾਤਰ ਲੋਕ ਪੰਜਾਬੀ ਬੋਲ ਸਕਦੇ ਹਨ, ਪਰ ਲਿਖਣ ਅਤੇ ਪੜ੍ਹਨ ਦੀ ਯੋਗਤਾ ਘੱਟ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਸਿੱਖਿਆ ਸਕੂਲੀ ਪਾਠਕ੍ਰਮ ਵਿੱਚ ਸੀਮਤ ਹੈ ਅਤੇ ਘਰਾਂ ਵਿੱਚ ਵੀ ਇਸ ਦੀ ਲਿਖਤੀ ਵਰਤੋਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਨਵੀਂ ਪੀੜ੍ਹੀ ਵਿੱਚ ਤਾਂ ਇਹ ਸਮੱਸਿਆ ਹੋਰ ਵੀ ਗੰਭੀਰ ਹੈ, ਕਿਉਂਕਿ ਉਹ ਅੰਗਰੇਜ਼ੀ ਵਿੱਚ ਸਿੱਖਿਆ ਪ੍ਰਾਪਤ ਕਰਦੇ ਹਨ ਅਤੇ ਸੋਸ਼ਲ ਮੀਡੀਆ 'ਤੇ ਵੀ ਅੰਗਰੇਜ਼ੀ ਦੀ ਵਰਤੋਂ ਕਰਦੇ ਹਨ।

### ਸਰਕਾਰ ਅਤੇ ਪੰਥਕ ਜਥੇਬੰਦੀਆਂ ਨੂੰ ਕੀ ਕਰਨ ਦੀ ਲੋੜ ਹੈ?

ਬੁੱਧੀਜੀਵੀਆਂ ਅਤੇ ਸੱਭਿਆਚਾਰਕ ਕਾਰਕੁੰਨਾਂ ਦਾ ਮੰਨਣਾ ਹੈ ਕਿ ਪੰਜਾਬੀ ਬੋਲੀ ਨੂੰ ਬਚਾਉਣ ਲਈ ਸਰਕਾਰ ਅਤੇ ਪੰਥਕ ਜਥੇਬੰਦੀਆਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ। ਸੁੱਖੀ ਬਾਠ ਨੇ ਸੁਝਾਅ ਦਿੱਤਾ ਕਿ ਪੰਜਾਬੀ ਵਿਰਾਸਤੀ ਸ਼ਬਦਾਂ ਦੇ ਮੁਕਾਬਲੇ ਅਤੇ ਇਨਾਮੀ ਪ੍ਰਤੀਯੋਗਤਾਵਾਂ ਸ਼ੁਰੂ ਕੀਤੀਆਂ ਜਾਣ। ਇਸ ਨਾਲ ਨਵੀਂ ਪੀੜ੍ਹੀ ਅਤੇ ਉਨ੍ਹਾਂ ਦੇ ਮਾਪਿਆਂ ਵਿੱਚ ਪੰਜਾਬੀ ਪ੍ਰਤੀ ਦਿਲਚਸਪੀ ਵਧੇਗੀ। ਸਰਕਾਰ ਨੂੰ ਸਕੂਲੀ ਪਾਠਕ੍ਰਮ ਵਿੱਚ ਪੰਜਾਬੀ ਨੂੰ ਹੋਰ ਪ੍ਰਮੁੱਖਤਾ ਦੇਣ ਅਤੇ ਸਥਾਨਕ ਪੰਜਾਬੀ ਸੱਭਿਆਚਾਰਕ ਸੰਸਥਾਵਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਲੋੜ ਹੈ। ਪੰਥਕ ਜਥੇਬੰਦੀਆਂ ਨੂੰ ਗੁਰਦੁਆਰਿਆਂ ਵਿੱਚ ਪੰਜਾਬੀ ਸਿੱਖਿਆ ਨੂੰ ਹੋਰ ਸਰਗਰਮੀ ਨਾਲ ਪ੍ਰਚਾਰਨ ਦੀ ਜ਼ਰੂਰਤ ਹੈ। ਵਿਦਵਾਨਾਂ ਨੇ ਸੁਝਾਅ ਦਿੱਤਾ ਹੈ ਕਿ ਲੰਮੇ ਸਮੇਂ ਦੀਆਂ ਯੋਜਨਾਵਾਂ ਬਣਾਈਆਂ ਜਾਣ, ਜਿਵੇਂ ਕਿ ਪੰਜਾਬੀ ਸਾਹਿਤ ਨੂੰ ਡਿਜੀਟਲ ਪਲੇਟਫਾਰਮਾਂ 'ਤੇ ਪ੍ਰਚਾਰਨਾ, ਸੋਸ਼ਲ ਮੀਡੀਆ 'ਤੇ ਪੰਜਾਬੀ ਕੰਟੈਂਟ ਨੂੰ ਉਤਸ਼ਾਹਿਤ ਕਰਨਾ ਅਤੇ ਪੰਜਾਬੀ ਸਭਿਆਚਾਰ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਸੱਭਿਆਚਾਰਕ ਸਮਾਗਮਾਂ ਦਾ ਆਯੋਜਨ।

ਪੰਜਾਬੀ ਸਾਹਿਤਕਾਰਾਂ ਡਾ. ਵਰਿਆਮ ਸਿੰਘ ਸੰਧੂ ਅਤੇ ਡਾ. ਜਸਪਾਲ ਕੌਰ ਕੰਗ ਨੇ ਜ਼ੋਰ ਦਿੱਤਾ ਹੈ ਕਿ ਮਾਪਿਆਂ ਨੂੰ ਘਰ ਵਿੱਚ ਪੰਜਾਬੀ ਦੀ ਵਰਤੋਂ ਵਧਾਉਣੀ ਚਾਹੀਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਰਕਾਰੀ ਯਤਨ ਤਾਂ ਮਹੱਤਵਪੂਰਨ ਹਨ, ਪਰ ਭਾਈਚਾਰਕ ਅਤੇ ਪਰਿਵਾਰਕ ਪੱਧਰ 'ਤੇ ਸਰਗਰਮੀਆਂ ਵਧਾਉਣ ਦੀ ਲੋੜ ਹੈ।

### 2020 ਤੋਂ 2025 ਤੱਕ ਦਾ ਡੇਟਾ

ਸਟੈਟਿਸਟਿਕਸ ਕੈਨੇਡਾ ਅਨੁਸਾਰ, 2020 ਵਿੱਚ 500,000 ਤੋਂ ਵੱਧ ਲੋਕਾਂ ਨੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਵਜੋਂ ਦਰਜ ਕੀਤਾ ਸੀ।

2021: ਮਰਦਮਸ਼ੁਮਾਰੀ ਨੇ ਪੰਜਾਬੀ ਨੂੰ ਪੰਜਵੀਂ ਸਭ ਤੋਂ ਵੱਧ ਬੋਲੀ ਜਾਣ ਵਾਲੀ ਗੈਰ-ਸਰਕਾਰੀ ਭਾਸ਼ਾ ਵਜੋਂ ਸਥਾਪਿਤ ਕੀਤਾ।

2023:ਪੰਜਾਬੀ ਸੱਭਿਆਚਾਰਕ ਸੰਸਥਾਵਾਂ ਨੇ 50 ਤੋਂ ਵੱਧ ਸਕੂਲਾਂ ਵਿੱਚ ਪੰਜਾਬੀ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤੇ।

2025: ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ 570,000 ਤੱਕ ਪਹੁੰਚ ਗਈ, ਪਰ ਨਵੀਂ ਪੀੜ੍ਹੀ ਵਿੱਚ ਸਿਰਫ਼ 20% ਹੀ ਪੰਜਾਬੀ ਨਾਲ ਜੁੜੇ ਹੋਏ ਹਨ।

# ਅਮਰੀਕਾ ਦੇ ਟੈਕਸਾਸ 'ਚ ਹੜ੍ਹਾਂ ਨੇ ਮਚਾਈ ਤਬਾਹੀ, 100 ਤੋਂ ਵੱਧ ਮੌਤਾਂ









ਟੈਕਸਾਸ/ਏ.ਟੀ.ਨਿਊਜ਼ : ਅਮਰੀਕਾ ਦੇ ਟੈਕਸਾਸ ਵਿੱਚ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਨਾਲ 100 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਕਈ ਹੋਰ ਅਜੇ ਵੀ ਲਾਪਤਾ ਹਨ, ਜਿਨ੍ਹਾਂ ਵਿੱਚ ਕੈਂਪ ਵਿੱਚ ਗਈਆਂ ਕੁੜੀਆਂ ਵੀ ਸ਼ਾਮਲ ਹਨ। ਪ੍ਰਸ਼ਾਸਨ ਲੋਕਾਂ ਨੂੰ ਬਚਾਉਣ ਲਈ ਵੱਡੇ ਪੱਧਰ 'ਤੇ ਬਚਾਅ ਕਾਰਜ ਚਲਾ ਰਿਹਾ ਹੈ। ਇਸ ਦੇ ਨਾਲ ਹੀ ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲਿਨ ਲੇਵਿਟ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਇਸ ਹਫ਼ਤੇ ਦੇ ਅੰਤ ਵਿੱਚ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰ ਸਕਦੇ ਹਨ। ਹਾਲਾਂਕਿ, ਟਰੰਪ ਦੇ ਦੌਰੇ ਬਾਰੇ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ।

ਕੇਰ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ, ਬੁਰੀ ਤਰ੍ਹਾਂ ਪ੍ਰਭਾਵਿਤ ਕੇਰ ਕਾਊਂਟੀ ਵਿੱਚ ਜਿੱਥੇ ਕੈਂਪ ਮਿਸਟਿਕ ਅਤੇ ਕਈ ਹੋਰ ਗਰਮੀਆਂ ਦੇ ਕੈਂਪ ਸਥਿਤ ਹਨ, ਖੋਜਕਰਤਾਵਾਂ ਨੂੰ 28 ਬੱਚਿਆਂ ਸਮੇਤ 84 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਇਸ ਦੇ ਨਾਲ ਹੀ ਕੇਂਦਰੀ ਟੈਕਸਾਸ ਵਿੱਚ ਮਰਨ ਵਾਲਿਆਂ ਦੀ ਗਿਣਤੀ ਹੁਣ ਤੱਕ ਘੱਟੋ-ਘੱਟ 104 ਹੋ ਗਈ ਹੈ।

ਇੱਕ ਰਿਪੋਰਟ ਅਨੁਸਾਰ, ਐਮਰਜੈਂਸੀ ਟੀਮਾਂ ਕਈ ਕਾਊਂਟੀਆਂ ਵਿੱਚ ਲਾਪਤਾ ਲੋਕਾਂ ਨੂੰ ਲੱਭਣ ਅਤੇ ਨੁਕਸਾਨ ਦਾ ਮੁਲਾਂਕਣ ਕਰਨ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ। ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਕਿ ਜਿਵੇਂ-ਜਿਵੇਂ ਹੋਰ ਖੇਤਰਾਂ ਵਿੱਚ ਪਹੁੰਚਿਆ ਜਾਂਦਾ ਹੈ ਅਤੇ ਖੋਜ ਕਾਰਜ ਜਾਰੀ ਰਹਿੰਦਾ ਹੈ, ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ।

ਇਸ ਤੋਂ ਇਲਾਵਾ ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲਿਨ ਲੇਵਿਟ ਨੇ ਕਿਹਾ ਕਿ ਸਥਾਨਕ ਅਤੇ ਸੰਘੀ ਮੌਸਮ ਸੇਵਾਵਾਂ ਨੇ ਹੜ੍ਹ ਤੋਂ ਪਹਿਲਾਂ ਕੇਰ ਕਾਊਂਟੀ ਭਾਈਚਾਰੇ ਨੂੰ ਲੋੜੀਂਦੀ ਚਿਤਾਵਨੀ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਹਫ਼ਤੇ ਦੇ ਅੰਤ ਵਿੱਚ ਟੈਕਸਾਸ ਵਿੱਚ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ ਕਰਨਗੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਸ਼ੁੱਕਰਵਾਰ ਨੂੰ ਦੌਰੇ 'ਤੇ ਜਾ ਸਕਦੇ ਹਨ, ਪਰ ਇਸ ਸਬੰਧ ਵਿੱਚ ਅਜੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਕੁਦਰਤੀ ਵਰਤਾਰਾ ਹੈ। ਇਹ ਪ੍ਰਸ਼ਾਸਨ ਦੀ ਗਲਤੀ ਨਹੀਂ ਹੈ ਕਿ ਉਸ ਸਮੇਂ ਹੜ੍ਹ ਆਇਆ, ਪਰ ਲਗਾਤਾਰ ਚਿਤਾਵਨੀਆਂ ਪਹਿਲਾਂ ਹੀ ਦਿੱਤੀਆਂ ਗਈਆਂ ਸਨ ਅਤੇ ਫਿਰ ਰਾਸ਼ਟਰੀ ਮੌਸਮ ਸੇਵਾ ਨੇ ਆਪਣਾ ਕੰਮ ਕੀਤਾ।

### 45 ਮਿੰਟਾਂ 'ਚ 26 ਫੁੱਟ ਵਧਿਆ ਪਾਣੀ ਦਾ ਪੱਧਰ

ਦੱਸਣਯੋਗ ਹੈ ਕਿ ਪਿਛਲੇ ਦਿਨੀਂ ਭਾਰੀ ਮੀਂਹ ਕਾਰਨ ਗੁਆਡਾਲੁਪ ਨਦੀ ਦਾ ਪਾਣੀ ਦਾ ਪੱਧਰ ਸਿਰਫ਼ 45 ਮਿੰਟਾਂ ਵਿੱਚ 26 ਫੁੱਟ (ਲਗਭਗ 8 ਮੀਟਰ) ਵੱਧ ਗਿਆ, ਜਿਸ ਨਾਲ ਟੈਕਸਾਸ ਹਿੱਲ ਕੰਟਰੀ ਖੇਤਰ ਵਿੱਚ ਭਾਰੀ ਤਬਾਹੀ ਮਚੀ। ਸਥਾਨਕ ਅਧਿਕਾਰੀਆਂ ਅਨੁਸਾਰ, ਕਾਰ ਕਾਊਂਟੀ ਵਿੱਚ ਘੱਟੋ-ਘੱਟ 68 ਲੋਕ ਮਾਰੇ ਗਏ, ਜਿਨ੍ਹਾਂ ਵਿੱਚ 28 ਬੱਚੇ ਸ਼ਾਮਲ ਹਨ।

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਟਨਾ ਸਾਹਿਬ ਦਾ ਟਕਰਾਅ: ਸਿੱਖ ਪੰਥ ਦੁਬਿਧਾ 'ਚ, ਜ਼ਿੰਮੇਵਾਰ ਕੌਣ ?

## ਸਿਧਾਂਤਹੀਣੀ ਸਿੱਖ ਲੀਡਰਸ਼ਿਪ ਨਹੀਂ ਦੇ ਸਕੀ ਸੁਚੱਜੀ ਅਗਵਾਈ

## ਸਿਆਸੀ ਦਖ਼ਲਅੰਦਾਜ਼ੀ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਠੇਸ ਪਹੁੰਚੀ





ਸਿੱਖ ਪੰਥ ਦੇ ਸਰਬਉੱਚ ਅਦਾਰੇ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਚਕਾਰ ਚੱਲ ਰਿਹਾ ਟਕਰਾਅ ਸਿੱਖ ਜਗਤ ਵਿੱਚ ਸੰਕਟ ਸਿਰਜ ਰਿਹਾ ਹੈ। ਇਹ ਤਕਰਾਰ ਨਾ ਸਿਰਫ਼ ਧਾਰਮਿਕ ਸੰਸਥਾਵਾਂ ਦੀ ਮਾਣ-ਮਰਯਾਦਾ ਨੂੰ ਠੇਸ ਪਹੁੰਚਾ ਰਿਹਾ ਹੈ, ਸਗੋਂ ਸਿੱਖ ਪੰਥ ਦੀ ਏਕਤਾ ਨੂੰ ਵੀ ਖੰਡਿਤ ਕਰਨ ਦੀ ਕਗਾਰ 'ਤੇ ਖੜ੍ਹਾ ਕਰ ਦਿੱਤਾ ਹੈ। ਇਸ ਵਿਵਾਦ ਦੀਆਂ ਜੜ੍ਹਾਂ ਸਿਆਸੀ ਦਖ਼ਲ-ਅੰਦਾਜ਼ੀ, ਸਿਧਾਂਤਹੀਣ ਲੀਡਰਸ਼ਿਪ ਦੀ ਨੈਤਿਕਹੀਣੀ ਸਿਆਸਤ ਹਨ।

**ਵਿਵਾਦ ਦੀ ਸ਼ੁਰੂਆਤ: ਤਖਤਾਂ ਦੀ ਟੱਕਰ ਦਾ ਮੁੱਢ**

ਇਹ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ 2022 ਦੇ ਇੱਕ ਹੁਕਮ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ ਸੀ। ਇਸ ਹੁਕਮ ਵਿੱਚ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਦੀ ਗੁਰਬਾਣੀ ਪੜ੍ਹਨ ਦੀ ਯੋਗਤਾ ਦੀ ਜਾਂਚ ਅਤੇ ਅੰਤਰਿਮ ਮੁਖੀ ਗ੍ਰੰਥੀ ਗੁਰਦਿਆਲ ਸਿੰਘ ਦੀ ਬਦਲੀ ਦੀ ਗੱਲ ਸੀ। ਪਰ ਪਟਨਾ ਸਾਹਿਬ ਦੀ ਕਮੇਟੀ ਨੇ ਇਸ ਹੁਕਮ ਨੂੰ ਨਾ ਮੰਨਿਆ ਅਤੇ ਇਸ ਨੂੰ ਆਪਣੇ ਅਧਿਕਾਰਾਂ ਵਿੱਚ ਦਖ਼ਲ-ਅੰਦਾਜ਼ੀ ਕਰਾਰ ਦਿੱਤਾ। ਇਸ ਦੇ ਜਵਾਬ ਵਿੱਚ, ਪਟਨਾ ਸਾਹਿਬ ਦੇ 'ਪੰਜ ਪਿਆਰਿਆਂ' ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਰੱਦ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 'ਤਨਖ਼ਾਹੀਆ' ਐਲਾਨ ਦਿੱਤਾ। ਉਨ੍ਹਾਂ ਨੇ ਸੁਖਬੀਰ ਨੂੰ 10 ਦਿਨਾਂ ਵਿੱਚ ਪਟਨਾ ਸਾਹਿਬ ਪੇਸ਼ ਹੋਣ ਦਾ ਹੁਕਮ ਦਿੱਤਾ, ਜਿਸ ਨੂੰ ਬਾਅਦ ਵਿੱਚ ਦੋ ਵਾਰ ਵਧਾਇਆ ਗਿਆ। ਸੁਖਬੀਰ ਨੇ ਹਾਜ਼ਰੀ ਨਾ ਭਰੀ ਅਤੇ 5 ਜੁਲਾਈ 2025 ਨੂੰ ਪਟਨਾ ਸਾਹਿਬ ਨੇ ਉਨ੍ਹਾਂ ਨੂੰ ਤਨਖ਼ਾਹੀਆ ਕਰਾਰ ਦਿੱਤਾ।

ਇਸ ਦੇ ਵਿਰੋਧ ਵਿੱਚ, ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਦੀ ਅਗਵਾਈ ਹੇਠ 'ਪੰਜ ਸਿੰਘ ਸਾਹਿਬਾਨ' ਦੀ ਐਮਰਜੈਂਸੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਪਟਨਾ ਸਾਹਿਬ ਦੇ ਅੰਤਰਿਮ ਮੁਖੀ ਗ੍ਰੰਥੀ ਗੁਰਦਿਆਲ ਸਿੰਘ ਅਤੇ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ, ਹਰਪਾਲ ਸਿੰਘ (ਜੌਹਲ) ਅਤੇ ਗੁਰਮੀਤ ਸਿੰਘ, ਨੂੰ ਧਾਰਮਿਕ ਮਰਯਾਦਾ ਦੀ ਉਲੰਘਣਾ ਦੇ ਦੋਸ਼ ਵਿੱਚ 'ਤਨਖ਼ਾਹੀਆ' ਐਲਾਨ ਦਿੱਤਾ। ਉਨ੍ਹਾਂ ਨੂੰ 15 ਦਿਨਾਂ ਵਿੱਚ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਰ ਹੋ ਕੇ ਮੁਆਫ਼ੀ ਮੰਗਣ ਦਾ ਹੁਕਮ ਦਿੱਤਾ ਗਿਆ, ਨਹੀਂ ਤਾਂ ਸਮਾਜਿਕ ਅਤੇ ਧਾਰਮਿਕ ਬਾਈਕਾਟ ਦਾ ਸਾਹਮਣਾ ਕਰਨ ਦੀ ਚਿਤਾਵਨੀ ਦਿੱਤੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਨੇ ਆਪਣੇ ਪੱਤਰ 'ਚ ਕਿਹਾ ਕਿ ਗੁਰਦਿਆਲ ਸਿੰਘ ਪੰਥ ਵਿਰੋਧੀ ਤਾਕਤਾਂ ਨਾਲ ਮਿਲ ਕੇ ਤਖ਼ਤ ਸਾਹਿਬਾਨ ਵਿਚਕਾਰ ਦਰਾਰ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਨਾਲ ਹੀ, ਹਰਪਾਲ ਸਿੰਘ ਅਤੇ ਗੁਰਮੀਤ ਸਿੰਘ 'ਤੇ ਸੋਸ਼ਲ ਮੀਡੀਆ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਅਤੇ ਸਰਬਉੱਚਤਾ ਵਿਰੁੱਧ ਕੂੜ-ਪ੍ਰਚਾਰ ਦਾ ਦੋਸ਼ ਲਾਇਆ ਗਿਆ। ਪਟਨਾ ਸਾਹਿਬ ਨੇ ਵੀ ਪਲਟਵਾਰ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਨੂੰ 'ਤਨਖ਼ਾਹੀਆ' ਐਲਾਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦਾ ਆਦੇਸ਼ ਰੱਦ ਹੈ ਅਤੇ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਨਹੀਂ ਹੋਣਗੇ। ਜੇ ਕੋਈ ਪੇਸ਼ ਹੋਇਆ, ਤਾਂ ਉਸ ਨੂੰ ਪਟਨਾ ਸਾਹਿਬ ਵੱਲੋਂ



ਪੱਕਾ ਤਨਖ਼ਾਹੀਆ ਕਰਾਰ ਦਿੱਤਾ ਜਾਵੇਗਾ।

**ਸਿਆਸੀ ਦਖ਼ਲ-ਅੰਦਾਜ਼ੀ: ਅਕਾਲੀ ਲੀਡਰਸ਼ਿਪ ਦੀ ਭੂਮਿਕਾ**

ਇਸ ਵਿਵਾਦ ਦੀ ਜੜ੍ਹ ਵਿੱਚ ਸਿਆਸੀ ਦਖ਼ਲ-ਅੰਦਾਜ਼ੀ ਸਪੱਸ਼ਟ ਦਿਖਾਈ ਦਿੰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਵਿੱਚ ਪ੍ਰਭਾਵ ਪਾਉਣ ਦੇ ਇਲਜ਼ਾਮ ਲੱਗ ਰਹੇ ਹਨ। ਦੂਜੇ ਪਾਸੇ, ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ 'ਤੇ ਸਰਕਾਰੀ ਦਖ਼ਲ-ਅੰਦਾਜ਼ੀ ਦੇ ਦੋਸ਼ ਹਨ। ਸਿੱਖ ਵਿਦਵਾਨ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਦਾ ਮੰਨਣਾ ਹੈ ਕਿ ਜਥੇਦਾਰ ਅਤੇ ਗ੍ਰੰਥੀ ਸਿਆਸੀ ਹੁਕਮਾਂ ਦੀ ਪਾਲਣਾ ਕਰ ਰਹੇ ਹਨ ਅਤੇ ਸਿਧਾਂਤਕ ਫ਼ੈਸਲੇ ਲੈਣ ਦੀ ਸਮਰੱਥਾ ਨਹੀਂ ਰੱਖਦੇ। ਸ਼੍ਰੋਮਣੀ ਕਮੇਟੀ ਮੈਂਬਰ ਗੁਰਚਰਨ ਸਿੰਘ ਗਰੇਵਾਲ ਨੇ ਪਟਨਾ ਸਾਹਿਬ ਦੇ ਸੁਖਬੀਰ ਨੂੰ ਤਨਖ਼ਾਹੀਆ ਐਲਾਨਣ ਦੇ ਫ਼ੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਅਤੇ ਸਿੱਖਾਂ 'ਚ ਟਕਰਾਅ ਪੈਦਾ ਕਰਨ ਵਾਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪਟਨਾ ਸਾਹਿਬ ਦੀ ਕਮੇਟੀ ਨੇ ਪਹਿਲਾਂ ਮੰਨਿਆ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ 'ਤੇ ਕੋਈ ਕਿੰਤੂ-ਪਰੰਤੂ ਨਹੀਂ ਕਰਨਗੇ, ਪਰ ਹੁਣ ਉਨ੍ਹਾਂ ਨੇ ਇਸ ਹੁਕਮਨਾਮੇ ਨਾਲ ਮਾਮਲੇ ਨੂੰ ਹੋਰ ਵਧਾ ਦਿੱਤਾ।

ਸਿੱਖ ਪੰਥ ਦੇ ਬੁੱਧੀਜੀਵੀ ਅਤੇ ਪੰਥਕ ਆਗੂ ਇਸ ਵਿਵਾਦ ਨੂੰ ਸਿੱਖ ਏਕਤਾ ਅਤੇ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਲਈ ਖਤਰਨਾਕ ਮੰਨ ਰਹੇ ਹਨ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਅਤੇ ਅਕਾਲੀ ਆਗੂ ਰਵੀਇੰਦਰ ਸਿੰਘ ਨੇ ਕਿਹਾ, 'ਤਖ਼ਤਾਂ ਦੇ ਜਥੇਦਾਰਾਂ ਦਾ ਟਕਰਾਅ ਕੌਮ ਲਈ ਘਾਤਕ ਹੈ। ਸੰਗਤ ਤਖ਼ਤਾਂ ਦੇ ਆਦੇਸ਼ਾਂ ਨੂੰ ਇਲਾਹੀ ਮੰਨਦੀ ਹੈ, ਪਰ ਜਥੇਦਾਰਾਂ ਨੇ ਸਥਿਤੀ ਹਾਸੋਹੀਣੀ ਬਣਾ ਦਿੱਤੀ ਹੈ।' ਉਨ੍ਹਾਂ ਇਸ ਸੰਕਟ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ। ਸ਼੍ਰੋਮਣੀ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਇਹ ਟਕਰਾਅ ਤਖਤਾਂ ਦਾ ਨਹੀਂ, ਸਗੋਂ ਗ੍ਰੰਥੀਆਂ ਦੀ ਸਿਧਾਂਤ ਪ੍ਰਤੀ ਬੇਸਮਝੀ ਅਤੇ ਸਿਆਸੀ ਹੱਥ ਠੋਕਾ ਬਣਨ ਕਾਰਨ ਹੈ। ਉਨ੍ਹਾਂ ਜਥੇਦਾਰਾਂ ਦੀ ਨਿਯੁਕਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸਿਧਾਂਤਕ ਬਣਾਉਣ ਦੀ ਮੰਗ ਕੀਤੀ।

ਦਲ ਖ਼ਾਲਸਾ ਦੇ ਕੰਵਰਪਾਲ ਸਿੰਘ ਨੇ ਕਿਹਾ, 'ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹੈ ਅਤੇ ਪਟਨਾ ਸਾਹਿਬ ਦੇ ਜਥੇਦਾਰ ਜਾਂ ਪੰਜ ਪਿਆਰੇ ਕਿਸੇ ਸਿੱਖ ਨੂੰ ਤਨਖ਼ਾਹੀਆ ਐਲਾਨਣ ਦਾ ਅਧਿਕਾਰ ਨਹੀਂ ਰੱਖਦੇ। ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਿੱਲੀ ਦੇ ਹੁਕਮਰਾਨਾਂ ਦੇ ਪ੍ਰਭਾਵ ਹੇਠ ਚੱਲ ਰਹੀ ਹੈ, ਜੋ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਸਾਜ਼ਿਸ਼ ਰਚ ਰਹੇ ਹਨ।' ਸਾਬਕਾ ਐਮ.ਪੀ. ਅਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ, 'ਇਹ ਮੰਦਭਾਗੀ ਲੜਾਈ ਸਿੱਖਾਂ ਨੂੰ ਗੈਰ-ਸਿੱਖਾਂ ਅੱਗੇ ਹਾਸੇ ਦਾ ਪਾਤਰ ਬਣਾ ਰਹੀ ਹੈ। ਸੰਤ ਸਮਾਜ, ਜਥੇਦਾਰ ਤਖ਼ਤ ਹਜ਼ੂਰ ਸਾਹਿਬ ਅਤੇ ਹੋਰ ਪੰਥਕ ਆਗੂਆਂ ਨੂੰ ਅੱਗੇ ਆ ਕੇ ਇਸ ਮਸਲੇ ਨੂੰ ਹੱਲ ਕਰਵਾਉਣਾ ਚਾਹੀਦਾ।'

**2003 ਦਾ ਹੁਕਮਨਾਮਾ: ਸਰਬਉੱਚਤਾ ਦਾ ਸਵਾਲ**

19 ਨਵੰਬਰ 2003 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਫ਼ੈਸਲਾ ਲਿਆ ਗਿਆ ਸੀ ਕਿ ਸਿੱਖ ਪੰਥ ਦੇ ਪੰਜ ਤਖ਼ਤ 'ਸ੍ਰੀ ਅਕਾਲ ਤਖ਼ਤ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ' ਹਨ। ਇਸ ਹੁਕਮਨਾਮੇ ਅਨੁਸਾਰ, ਚਾਰ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਸਥਾਨਕ ਪੱਧਰ ਦੇ ਧਾਰਮਿਕ, ਸਮਾਜਕ ਅਤੇ ਸੱਭਿਆਚਾਰਕ ਮਸਲਿਆਂ 'ਤੇ ਫ਼ੈਸਲੇ ਲੈਣ ਦਾ ਅਧਿਕਾਰ ਹੈ, ਪਰ ਸਮੁੱਚੇ ਪੰਥ ਨਾਲ ਸਬੰਧਿਤ ਅਤੇ ਵਿਸ਼ਵ ਵਿਆਪੀ ਮਸਲਿਆਂ 'ਤੇ ਅਕਾਲ ਤਖ਼ਤ ਸਾਹਿਬ 'ਤੇ ਪੰਜ ਜਥੇਦਾਰਾਂ ਦੀ ਮੀਟਿੰਗ ਵਿੱਚ ਅੰਤਿਮ ਫ਼ੈਸਲਾ ਲਿਆ ਜਾਵੇਗਾ। (ਬਾਕੀ ਸਫ਼ਾ 30 'ਤੇ)

# ਅਮਰੀਕਨ ਅਜ਼ਾਦੀ ਦਿਹਾੜੇ 'ਤੇ ਵਾਸ਼ਿੰਗਟਨ ਡੀ.ਸੀ 'ਚ ਕੱਢੀ ਗਈ ਨੈਸ਼ਨਲ ਪਰੇਡ 'ਚ 'ਸਿੱਖਸ ਆਫ਼ ਅਮਰੀਕਾ' ਦੇ ਦੋ ਫ਼ਲੋਟ ਹੋਏ ਸ਼ਾਮਿਲ

## ਅੰਤਰਰਾਸ਼ਟਰੀ ਪੱਧਰ 'ਤੇ ਦਸਤਾਰ ਦੇ ਪ੍ਰਚਾਰ ਅਤੇ ਸਿੱਖ ਭਾਈਚਾਰੇ ਦੀਆਂ ਪ੍ਰਾਪਤੀਆਂ ਦਰਸਾਉਣ ਲਈ ਸ਼ਾਮਿਲ ਕਰਦੇ ਹਾਂ ਹਰ ਸਾਲ ਫ਼ਲੋਟ: ਚੇਅਰਮੈਨ ਜਸਦੀਪ ਸਿੰਘ 'ਜੱਸੀ'






ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਵਸਦੇ ਸਮੂਹ ਭਾਈਚਾਰਿਆਂ ਲਈ 4 ਜੁਲਾਈ ਅਜ਼ਾਦੀ ਦਾ ਦਿਨ ਬਹੁਤ ਹੀ ਖੁਸ਼ੀਆਂ ਤੇ ਉਤਸ਼ਾਹ ਵਾਲਾ ਹੁੰਦਾ ਹੈ। ਅਤੇ ਇਸ ਦਿਨ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿੱਚ ਰਾਸ਼ਟਰੀ ਪੱਧਰ ਦੀ ਇੱਕ ਅਜ਼ਾਦੀ ਦੀ ਨੈਸ਼ਨਲ ਪਰੇਡ ਕੱਢੀ ਜਾਂਦੀ ਹੈ। ਕਿਸੇ ਵੀ ਭਾਈਚਾਰੇ ਨੂੰ ਇਸ ਪਰੇਡ ਵਿੱਚ ਆਪਣਾ ਫਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲਣਾ ਬਹੁਤ ਵੱਡਾ ਕਾਰਜ ਮੰਨਿਆ ਜਾਂਦਾ ਹੈ। ਸਿੱਖਸ ਆਫ਼ ਅਮਰੀਕਾ ਵੱਲੋਂ ਪਿਛਲੇ 11 ਸਾਲਾਂ ਤੋਂ ਆਪਣਾ ਇੱਕ ਫ਼ਲੋਟ ਇਸ ਪਰੇਡ ਵਿੱਚ ਸ਼ਾਮਿਲ ਕੀਤਾ ਜਾਂਦਾ ਰਿਹਾ ਹੈ। ਇਸ ਸਾਲ ਵੀ ਚੇਅਰਮੈਨ ਜਸਦੀਪ ਸਿੰਘ ਜੱਸੀ ਦੀ ਅਗਵਾਈ ਵਿੱਚ ਸਿੱਖਸ ਆਫ਼ ਅਮਰੀਕਾ ਨੂੰ ਅਜ਼ਾਦੀ ਦੀ ਰਾਸ਼ਟਰੀ ਪਰੇਡ ਵਿੱਚ ਇਕ ਨਹੀਂ ਦੋ ਸਿੱਖ ਫ਼ਲੋਟ ਸ਼ਾਮਿਲ ਕਰਨ ਦੀ ਪ੍ਰਵਾਨਗੀ ਮਿਲੀ ਤੇ ਸਿੱਖਸ ਆਫ਼ ਅਮਰੀਕਾ ਨੇ ਇਸ ਪਰੇਡ ਵਿੱਚ ਦੋ ਸਿੱਖ ਫ਼ਲੋਟ ਸ਼ਾਮਿਲ ਕਰ ਕੇ ਸਭ ਭਾਈਚਾਰਿਆਂ ਦਾ ਦਿਲ ਜਿੱਤ ਲਿਆ। ਅਧੁਨਿਕ ਤਕਨੀਕ ਦੀ ਵਰਤੋਂ ਕਰਦਿਆਂ ਫ਼ਲੋਟ ਨੂੰ ਐੱਲ.ਈ.ਡੀ. ਸਕਰੀਨ ਨਾਲ ਸਜਾਇਆ ਗਿਆ ਸੀ ਜਿਸ ਵਿੱਚ ਸਿੱਖ ਧਰਮ ਦੇ ਪੁਰਾਤਨ ਅਤੇ ਅਜੋਕੇ ਇਤਿਹਾਸ ਨੂੰ ਦਰਸਾਇਆ ਗਿਆ। ਪਹਿਲੀ ਵਾਰ ਸ਼ਾਮਿਲ ਕੀਤਾ ਗਿਆ ਦੂਜਾ ਫਲੋਟ ਪੰਜਾਬ ਦੇ ਲੋਕ ਨਾਚ ਭੰਗੜਾ ਨੂੰ ਸਮਰਪਿਤ ਕੀਤਾ ਗਿਆ, ਜੋ ਕਿ ਲੋਕਾਂ ਲਈ ਬਹੁਤ ਹੀ ਜ਼ਿਆਦਾ ਹੀ ਖਿੱਚ ਦਾ ਕੇਂਦਰ ਬਣਿਆ ਅਤੇ ਸਭ ਭਾਈਚਾਰਿਆਂ ਨੇ ਪੰਜਾਬ ਦੇ ਲੋਕ ਨਾਚ ਭੰਗੜਾ ਦਾ ਆਨੰਦ ਮਾਣਿਆ। ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖਸ ਆਫ਼ ਅਮਰੀਕਾ ਦਾ ਮੁੱਖ ਮਕਸਦ ਦੂਜੇ ਭਾਈਚਾਰਿਆਂ ਨੂੰ ਸਿੱਖੀ ਦੀ ਪਛਾਣ ਅਤੇ ਸਿੱਖੀ ਦੇ ਸੰਕਲਪ ਬਾਰੇ ਦੱਸਣ ਤੋਂ ਇਲਾਵਾ ਅਮਰੀਕਾ 'ਚ ਫ਼ੌਜ, ਪੁਲਿਸ, ਅਕਾਦਮਿਕ, ਆਰਥਿਕ ਖ਼ੇਤਰ, ਵਪਾਰ ਅਤੇ ਸਿਆਸੀ ਯੋਗਦਾਨ ਬਾਰੇ ਵੀ ਦੱਸਣਾ ਸੀ। ਅਮਰੀਕਾ 'ਚ ਸਿੱਖਾਂ ਵੱਲੋਂ ਕੀਤੀਆਂ ਗਈਆਂ ਵਿਲੱਖਣ ਪ੍ਰਾਪਤੀਆਂ ਨੂੰ ਐੱਲ.ਈ.ਡੀ. ਉੱਤੇ ਲਗਾਤਾਰ ਦਰਸਾਇਆ ਜਾ ਰਿਹਾ ਸੀ। ਇੱਕ ਅੰਦਾਜ਼ੇ ਮੁਤਾਬਿਕ ਸੜਕ ਦੇ ਦੋਵੇਂ ਪਾਸੇ ਬੈਠੇ ਇੱਕ ਲੱਖ ਤੋਂ ਵੱਧ ਲੋਕਾਂ ਨੇ ਨੇੜਿਓਂ ਫ਼ਲੋਟ ਨੂੰ ਦੇਖਿਆ ਤੇ ਹੋਰ ਲੱਖਾਂ ਲੋਕਾਂ ਨੇ ਨੈਸ਼ਨਲ ਟੀ.ਵੀ. ਰਾਹੀਂ ਇਸ ਦੀਆਂ ਗਤੀਵਿਧੀਆਂ ਨੂੰ ਵਾਚਿਆ। ਸਿੱਖ ਫ਼ਲੋਟ ਦੇ ਨਾਲ ਲਾਲ ਪੱਗਾਂ, ਚਿੱਟੀਆਂ ਕਮੀਜ਼ਾਂ, ਨੀਲੀਆਂ ਪੈਂਟਾਂ ਤੇ ਅਮਰੀਕਨ ਫ਼ਲੈਗ ਤੇ ਸਿੱਖਸ ਆਫ ਅਮਰੀਕਾ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਪਹਿਨੇ ਮਰਦ ਅਤੇ ਅਮਰੀਕਨ ਝੰਡੇ ਦੇ ਸਕਾਰਫ਼ ਅਤੇ ਚਿੱਟੇ ਕੱਪੜੇ ਪਹਿਨੀ ਔਰਤਾਂ ਫ਼ਲੋਟ ਦੀ ਸ਼ਾਨ ਨੂੰ ਵਧਾ ਰਹੇ ਸਨ।

ਸਿੱਖ ਫ਼ਲੋਟ ਵਿੱਚ ਸਿੱਖਸ ਆਫ ਅਮਰੀਕਾ ਦੇ ਨੁਮਾਇੰਦੇ ਜਸਦੀਪ ਸਿੰਘ ਜੱਸੀ ਚੇਅਰਮੈਨ, ਕਮਲਜੀਤ ਸਿੰਘ ਸੋਨੀ ਪ੍ਰਧਾਨ, ਬਲਜਿੰਦਰ ਸਿੰਘ ਸ਼ੰਮੀ ਮੀਤ ਪ੍ਰਧਾਨ, ਦਿਲਵੀਰ ਸਿੰਘ, ਵਰਿੰਦਰ ਸਿੰਘ, ਸੁਖਪਾਲ ਧਨੋਆ, ਕੁਲਵਿੰਦਰ ਸਿੰਘ ਫਲੋਰਾ, ਚਤਰ ਸਿੰਘ ਸੈਣੀ, ਮਨਿੰਦਰ ਸੇਠੀ, ਇੰਦਰਜੀਤ ਗੁਜਰਾਲ, ਜਸਵਿੰਦਰ ਸਿੰਘ ਜੌਨੀ, ਗੁਰਚਰਨ ਸਿੰਘ, ਪ੍ਰਭਜੋਤ ਬਤਰਾ, ਹਰਬੀਰ ਬਤਰਾ, ਮਹਿੰਦਰ ਸਿੰਘ ਭੋਗਲ, ਗੁਰਦੀਪ ਸਿੰਘ, ਸਰਮੁੱਖ ਸਿੰਘ ਮਣਕੂ, ਕਰਨ ਸਿੰਘ, ਕਰਮਜੀਤ ਸਿੰਘ, ਜੋਗਿੰਦਰ ਸਮਰਾ, ਡਾ. ਦਰਸ਼ਨ ਸਿੰਘ ਸਲੂਜਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

ਗੁਰਪ੍ਰੀਤ ਸਿੰਘ ਸੰਨੀ, ਸੁਰਜੀਤ ਸਿੰਘ ਗੋਲਡੀ, ਜਸਵੰਤ ਸਿੰਘ ਧਾਲੀਵਾਲ, ਰਤਨ ਸਿੰਘ ਅਤੇ ਡੰਡਾਕ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਜੋਗਿੰਦਰ ਸਿੰਘ ਸਮਰਾ ਅਤੇ ਨਿਰਮਲ ਸਿੰਘ ਵੀ ਨਾਲ ਮੌਜੂਦ ਸਨ।

# ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ’ਚ ਵੱਡਾ ਉਲਟਫੇਰ

## ਐਲੋਨ ਮਸਕ ਬਣੇ ਸਭ ਤੋਂ ਅਮੀਰ ਵਿਅਕਤੀ

ਨਿਊਯਾਰਕ/ਏ.ਟੀ.ਨਿਊਜ਼ : ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਵੱਡਾ ਫੇਰਬਦਲ ਹੋਇਆ ਹੈ। ਓਰੇਕਲ ਦੇ ਸਹਿ-ਸੰਸਥਾਪਕ ਲੈਰੀ ਐਲੀਸਨ ਹੁਣ ਤੀਜੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ, ਜਦੋਂ ਕਿ ਐਮਾਜ਼ੋਨ ਦੇ ਸੰਸਥਾਪਕ ਜੈਫ ਬੇਜ਼ੋਸ ਚੌਥੇ ਸਥਾਨ ’ਤੇ ਖਿਸਕ ਗਏ ਹਨ। ਇਹ ਬਦਲਾਅ ਪਿਛਲੇ ਦਿਨੀਂ ਬਲੂਮਬਰਗ ਬਿਲੀਨੇਅਰ ਇੰਡੈਕਸ ਵਿੱਚ ਕੁੱਲ ਜਾਇਦਾਦ ਦੇ ਉਤਰਾਅ-ਚੜ੍ਹਾਅ ਤੋਂ ਬਾਅਦ ਦਰਜ ਕੀਤਾ ਗਿਆ।

ਐਲੀਸਨ ਦੀ ਕੁੱਲ ਜਾਇਦਾਦ ਵਿੱਚ 10.3 ਬਿਲੀਅਨ ਡਾਲਰ ਦਾ ਜ਼ਬਰਦਸਤ ਵਾਧਾ ਹੋਇਆ, ਜਿਸ ਨਾਲ ਉਨ੍ਹਾਂ ਦੀ ਕੁੱਲ ਜਾਇਦਾਦ 246 ਬਿਲੀਅਨ ਡਾਲਰ ਹੋ ਗਈ। ਸਾਲ 2025 ਵਿੱਚ ਹੁਣ ਤੱਕ, ਉਨ੍ਹਾਂ ਦੀ ਦੌਲਤ ਵਿੱਚ 54.2 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ।

ਦੂਜੇ ਪਾਸੇ, ਜੈਫ ਬੇਜ਼ੋਸ ਦੀ ਦੌਲਤ ਵਿੱਚ 672 ਮਿਲੀਅਨ ਡਾਲਰ ਦੀ ਗਿਰਾਵਟ ਆਈ, ਜਿਸ ਨਾਲ ਉਨ੍ਹਾਂ ਦੀ ਕੁੱਲ ਜਾਇਦਾਦ 241 ਬਿਲੀਅਨ ਡਾਲਰ ਰਹਿ ਗਈ ਅਤੇ ਉਹ ਚੌਥੇ ਸਥਾਨ ’ਤੇ ਚਲੇ ਗਏ।



**ਮਸਕ ਅਜੇ ਵੀ ਪਹਿਲੇ ਨੰਬਰ ’ਤੇ**

ਐਲੋਨ ਮਸਕ, ਜੋ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹੋਏ ਹਨ, ਨੇ ਪਿਛਲੇ ਦਿਨੀਂ ਆਪਣੀ ਕੁੱਲ ਜਾਇਦਾਦ ਵਿੱਚ 10.7 ਬਿਲੀਅਨ ਡਾਲਰ ਦਾ ਵਾਧਾ ਦਰਜ ਕੀਤਾ। ਇਸਦਾ ਮੁੱਖ ਕਾਰਨ ਟੇਸਲਾ ਦੇ ਸ਼ੇਅਰਾਂ ਵਿੱਚ 4.97% ਦਾ ਵਾਧਾ ਸੀ। ਹਾਲਾਂਕਿ, ਇਸ ਤੋਂ ਇੱਕ ਦਿਨ ਪਹਿਲਾਂ, ਉਸਦੀ ਦੌਲਤ ਵਿੱਚ 12 ਬਿਲੀਅਨ ਡਾਲਰ ਤੋਂ ਵੱਧ ਦੀ ਗਿਰਾਵਟ ਆਈ ਸੀ।

ਮਸਕ ਦੀ ਕੁੱਲ ਦੌਲਤ ਹੁਣ 361 ਬਿਲੀਅਨ ਡਾਲਰ ਹੈ ਪਰ ਇਸ ਸਾਲ ਹੁਣ ਤੱਕ ਉਸਦੀ ਕੁੱਲ ਜਾਇਦਾਦ ਵਿੱਚ 71.2 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ, ਜੋ ਕਿ ਇਸ ਸਾਲ ਦੀ ਸਭ ਤੋਂ ਵੱਡੀ ਗਿਰਾਵਟ ਮੰਨੀ ਜਾ ਰਹੀ ਹੈ।

**ਜ਼ੁਕਰਬਰਗ ਦੂਜੇ ਸਥਾਨ ’ਤੇ**

ਮੈਟਾ (ਫੇਸਬੁੱਕ) ਦੇ ਸੀ.ਈ.ਓ. ਮਾਰਕ ਜ਼ੁਕਰਬਰਗ 252 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਨਾਲ ਦੂਜੇ ਨੰਬਰ ’ਤੇ ਬਣੇ ਹੋਏ ਹਨ। ਹੁਣ ਐਲੀਸਨ ਨਾਲ ਸਿਰਫ਼ 6 ਬਿਲੀਅਨ ਡਾਲਰ ਦਾ ਫ਼ਰਕ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਰੈਂਕਿੰਗ ਵਿੱਚ ਹੋਰ ਬਦਲਾਅ ਹੋਣ ਦੀ ਸੰਭਾਵਨਾ ਹੈ।

**ਭਾਰਤੀ ਅਰਬਪਤੀਆਂ ਦੀ ਸਥਿਤੀ**

ਮੁਕੇਸ਼ ਅੰਬਾਨੀ 111 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਨਾਲ ਸੂਚੀ ਵਿੱਚ 16ਵੇਂ ਨੰਬਰ ’ਤੇ ਹਨ, ਜਦੋਂ ਕਿ ਗੌਤਮ ਅਡਾਨੀ 85.2 ਬਿਲੀਅਨ ਡਾਲਰ ਦੇ ਨਾਲ 20ਵੇਂ ਨੰਬਰ ’ਤੇ ਹਨ। ਅੰਬਾਨੀ ਅਜੇ ਵੀ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹੋਏ ਹਨ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਅਮਰੀਕਾ ਦੇ ਪ੍ਰਸਿੱਧ ਗੁਰਸਿੱਖ ਅਟਾਰਨੀ ਜਸਪ੍ਰੀਤ ਸਿੰਘ ‘ਪ੍ਰੋਫ਼ੈਸਰ ਆਫ਼ ਇਮੀਨੈਂਸ’ ਨਿਯੁਕਤ


ਨਿਊਯਾਰਕ/ਏ.ਟੀ.ਨਿਊਜ਼: ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਅਮਰੀਕਾ ਦੇ ਪ੍ਰਸਿੱਧ ਇਮੀਗ੍ਰੇਸ਼ਨ ਅਟਾਰਨੀ ਸ੍ਰ. ਜਸਪ੍ਰੀਤ ਸਿੰਘ ਨੂੰ ‘ਪ੍ਰੋਫ਼ੈਸਰ ਆਫ਼ ਇਮੀਨੈਂਸ’ ਦੇ ਰੂਪ ਵਿੱਚ ਨਿਯੁਕਤ ਕਰਕੇ ਅਕਾਦਮਿਕ ਖੇਤਰ ਵਿੱਚ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਨਿਯੁਕਤੀ ਨਾਲ ਯੂਨੀਵਰਸਿਟੀ ਦੀ ਅੰਤਰਰਾਸ਼ਟਰੀ ਪਹੁੰਚ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ ਦੇ ਮਾਹਿਰਾਂ ਨਾਲ ਸਿੱਖਣ ਦਾ ਮੌਕਾ ਪ੍ਰਾਪਤ ਹੋਵੇਗਾ।ਸ੍ਰ. ਜਸਪ੍ਰੀਤ ਸਿੰਘ, ਜੋ ਅਮਰੀਕਾ ਵਿੱਚ ਇਮੀਗ੍ਰੇਸ਼ਨ ਅਤੇ ਰਾਸ਼ਟਰੀਅਤਾ ਕਾਨੂੰਨ ਦੇ ਮਾਹਿਰ ਹਨ, ਨੂੰ ਯੂਨੀਵਰਸਿਟੀ ਦੇ ਕਾਨੂੰਨੀ ਸਿੱਖਿਆ ਅਤੇ ਅੰਤਰਰਾਸ਼ਟਰੀ ਕਾਨੂੰਨ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਚੁਣਿਆ ਗਿਆ ਹੈ। ਉਹ ਨਿਊਯਾਰਕ, ਕੈਲੀਫ਼ੋਰਨੀਆ,



ਨਿਊਜਰਸੀ ਅਤੇ ਮੈਰੀਲੈਂਡ ਵਿੱਚ ਆਪਣੀ ਕਾਨੂੰਨੀ ਫ਼ਰਮ ਸਫ਼ਲਤਾਪੂਰਵਕ ਚਲਾ ਰਹੇ ਹਨ ਅਤੇ ਪਿਛਲੇ ਦੋ ਦਹਾਕਿਆਂ ਵਿੱਚ 10,000 ਤੋਂ ਵੱਧ ਇਮੀਗ੍ਰੇਸ਼ਨ, ਅਸਾਈਲਮ ਅਤੇ ਡਿਪੋਰਟੇਸ਼ਨ ਮਾਮਲਿਆਂ ਨੂੰ ਸੰਭਾਲ ਚੁੱਕੇ ਹਨ। ਉਨ੍ਹਾਂ ਦੀ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ, ਖਾਸ ਤੌਰ ’ਤੇ ਘੱਟ ਆਮਦਨੀ ਵਾਲੇ ਅਤੇ ਬਜ਼ੁਰਗ ਪਰਵਾਸੀਆਂ ਲਈ ਮੁਫ਼ਤ ਕਾਨੂੰਨੀ ਸਹਾਇਤਾ, ਨੇ ਉਨ੍ਹਾਂ ਨੂੰ ਅਮਰੀਕਾ ਦੇ ਸਿੱਖ ਭਾਈਚਾਰੇ ਵਿੱਚ ਵਿਸ਼ੇਸ਼ ਸਥਾਨ ਦਿਵਾਇਆ ਹੈ।ਇਹ ਨਿਯੁਕਤੀ ਯੂਨੀਵਰਸਿਟੀ ਦੀ ਵਿਸ਼ੇਸ਼ ਕਾਨੂੰਨੀ ਮਾਹਿਰਾਂ ਦੀ ਕਮੇਟੀ ਦੀ ਸਿਫ਼ਾਰਸ਼ ’ਤੇ ਕੀਤੀ ਗਈ, ਜਿਸ ਵਿੱਚ ਡਾ. ਭੀਮ ਰਾਓ ਅੰਬੇਡਕਰ ਰਾਸ਼ਟਰੀ ਕਾਨੂੰਨ ਯੂਨੀਵਰਸਿਟੀ ਦੇ ਉਪ-ਕੁਲਪਤੀ ਪ੍ਰੋ. ਦਵਿੰਦਰ ਸਿੰਘ, ਜੇ. ਸੀ. ਬੋਸ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. ਅਜੈ ਰੰਗਾ ਅਤੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਚੇਅਰਮੈਨ ਪ੍ਰੋ. ਰਤਨ ਸਿੰਘ ਸ਼ਾਮਲ ਸਨ। ਕਮੇਟੀ ਦੀ ਬੈਠਕ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸ. ਜਸਪ੍ਰੀਤ ਸਿੰਘ ਦੀ ਵਿਲੱਖਣ ਯੋਗਤਾ ਅਤੇ ਸਮਾਜ ਸੇਵਾ ਨੂੰ ਮੁੱਖ ਅਧਾਰ ਮੰਨਿਆ ਗਿਆ।ਸ. ਜਸਪ੍ਰੀਤ ਸਿੰਘ ਨੇ ਯੂਨੀਵਰਸਿਟੀ ਨਾਲ ਸਮਝੌਤੇ ਅਧੀਨ ਸਿੱਖ ਸਟਡੀਜ਼ ਚੇਅਰ ਸਥਾਪਤ ਕਰਨ ਲਈ 3.5 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਵੀ ਪ੍ਰਦਾਨ ਕੀਤੀ ਹੈ। ਇਸ ਚੇਅਰ ਦਾ ਉਦੇਸ਼ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਸਮਾਨਤਾ ਅਤੇ ਮਨੁੱਖਤਾ ਦੀ ਏਕਤਾ ਨੂੰ ਅਕਾਦਮਿਕ ਖੋਜ ਰਾਹੀਂ ਵਿਸ਼ਵ ਭਰ ਵਿੱਚ ਪ੍ਰਸਾਰਿਤ ਕਰਨਾ ਹੈ।ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਸ੍ਰ. ਜਸਪ੍ਰੀਤ ਸਿੰਘ ਦੀ ਨਿਯੁਕਤੀ ਸਾਡੇ ਅਦਾਰੇ ਦੀ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰੇਗੀ। ਇਸ ਨਾਲ ਵਿਦਿਆਰਥੀਆਂ ਨੂੰ ਅੰਤਰਰਾਸ਼ਟਰੀ ਕਾਨੂੰਨੀ ਚੁਣੌਤੀਆਂ ਨੂੰ ਸਮਝਣ ਦਾ ਮੌਕਾ ਮਿਲੇਗਾ।

# ਅਮਰੀਕਾ ਤੋਂ ਬਿਨਾਂ ਵੀ ਅੱਗੇ ਵਧ ਸਕਦੀ ਹੈ ਦੁਨੀਆ: ਸ਼ੀ ਜਿਨਪਿੰਗ

ਬੀਜਿੰਗ/ ਏ.ਟੀ.ਨਿਊਜ਼ : ਇਰਾਨ ਅਤੇ ਇਜ਼ਰਾਇਲ ਵਿਚਕਾਰ ਬੀਤੇ ਦਿਨੀਂ ਹੋਈ ਜੰਗ ਵਿੱਚ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਅਮਰੀਕਾ ਨੂੰ ਇਤਿਹਾਸ ਯਾਦ ਕਰਵਾ ਕੇ ਸਖ਼ਤ ਚਿਤਾਵਨੀ ਦਿੱਤੀ ਹੈ।ਉਨ੍ਹਾਂ ਨੇ ਐਕਸ ’ਤੇ ਪੋਸਟ ਕੀਤਾ ਅਤੇ ਲਿਖਿਆ ਕਿ ‘ਦੁਨੀਆਂ ਅਮਰੀਕਾ ਤੋਂ ਬਿਨਾਂ ਵੀ ਅੱਗੇ ਵਧ ਸਕਦੀ ਹੈ।’ ਦੁਨੀਆ ਦੇ ਪੁਰਾਣੇ ਸ਼ਕਤੀਸ਼ਾਲੀ ਸਾਮਰਾਜਾਂ ਦੀਆਂ ਉਦਾਹਰਣਾਂ ਦਿੰਦੇ ਹੋਏ, ਸ਼ੀ ਨੇ ਕਿਹਾ ਕਿ 100 ਸਾਲ ਪਹਿਲਾਂ ਬ੍ਰਿਟਿਸ਼ ਸਾਮਰਾਜ ਵਿਸ਼ਵ ਵਪਾਰ ’ਤੇ ਰਾਜ ਕਰਦਾ ਸੀ ਅਤੇ ਇਹ ਮੰਨਿਆ ਜਾਂਦਾ ਸੀ ਕਿ ਇਸਦਾ ਸੂਰਜ ਕਦੇ ਡੁੱਬਦਾ ਨਹੀਂ ਸੀ। 200 ਸਾਲ ਪਹਿਲਾਂ, ਫਰਾਂਸੀਸੀ ਫੌਜਾਂ ਯੂਰਪ ਵਿੱਚ ਸਭ ਤੋਂ ਸ਼ਕਤੀਸ਼ਾਲੀ ਸਨ ਅਤੇ ਇਸਦੀ ਸੰਸਕ੍ਰਿਤੀ ਦੀ ਪੂਰੀ ਦੁਨੀਆ ਵਿੱਚ ਪ੍ਰਸ਼ੰਸਾ ਕੀਤੀ ਜਾਂਦੀ ਸੀ। 400 ਸਾਲ ਪਹਿਲਾਂ, ਸਪੈਨਿਸ਼



ਸਾਮਰਾਜ ਮਨੀਲਾ ਤੋਂ ਮੈਕਸੀਕੋ ਤੱਕ ਫੈਲਿਆ ਹੋਇਆ ਸੀ ਅਤੇ ਉੱਥੋਂ ਦੇ ਰਾਜੇ ਆਪਣੇ ਆਪ ਨੂੰ ਅਮਰ ਸਮਝਦੇ ਸਨ।

ਸ਼ੀ ਨੇ ਕਿਹਾ ਕਿ ਹਰ ਸਾਮਰਾਜ ਆਪਣੇ ਆਪ ਨੂੰ ਲਾਜ਼ਮੀ ਸਮਝਦਾ ਹੈ, ਪਰ ਅੰਤ ਵਿੱਚ ਇਸਦਾ ਪਤਨ ਨਿਸ਼ਚਿਤ ਹੈ। ‘ਸ਼ਕਤੀ ਘੱਟ ਜਾਂਦੀ ਹੈ, ਪ੍ਰਭਾਵ ਬਦਲ ਜਾਂਦਾ ਹੈ, ਅਤੇ ਜਦੋਂ ਜਾਇਜ਼ਤਾ ਪ੍ਰਾਪਤ ਨਹੀਂ ਕੀਤੀ ਜਾਂਦੀ ਬਲਕਿ ਸਿਰਫ਼ ਮੰਨ ਲਈ ਜਾਂਦੀ ਹੈ ਤਾਂ ਇਹ ਖੋਰਾ ਲੱਗ ਜਾਂਦਾ ਹੈ।’

# ਭਾਰਤੀਆਂ ਨੂੰ ਹੁਣ ਆਸਾਨੀ ਨਾਲ ਮਿਲੇਗਾ ਯੂ.ਏ.ਈ. ਦਾ ਗੋਲਡਨ ਵੀਜ਼ਾ

ਦੁਬਈ/ਏ.ਟੀ.ਨਿਊਜ਼ : ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਸਰਕਾਰ ਨੇ ਨਾਮਜ਼ਦਗੀ ਦੇ ਆਧਾਰ ’ਤੇ ਇੱਕ ਨਵੇਂ ਤਰ੍ਹਾਂ ਦਾ ਗੋਲਡਨ ਵੀਜ਼ਾ ਸ਼ੁਰੂ ਕੀਤਾ ਹੈ, ਜਿਸ ਵਿੱਚ ਕੁੱਝ ਸ਼ਰਤਾਂ ਹੋਣਗੀਆਂ, ਜੋ ਦੁਬਈ ਵਿੱਚ ਜਾਇਦਾਦ ਜਾਂ ਕਾਰੋਬਾਰ ਵਿੱਚ ਵੱਡੀ ਰਕਮ ਨਿਵੇਸ਼ ਕਰਨ ਦੀ ਮੌਜੂਦਾ ਪ੍ਰਕਿਰਿਆ ਤੋਂ ਵੱਖਰੀਆਂ ਹਨ।

ਭਾਰਤੀਆਂ ਲਈ ਹੁਣ ਤੱਕ ਦੁਬਈ ਦਾ ਗੋਲਡਨ ਵੀਜ਼ਾ ਲੈਣ ਦਾ ਇੱਕ ਤਰੀਕਾ ਇਹ ਸੀ ਕਿ ਜਾਇਦਾਦ ਵਿੱਚ ਨਿਵੇਸ਼ ਕੀਤਾ ਜਾਵੇ, ਜਿਸ ਦੀ ਕੀਮਤ ਘੱਟ ਤੋਂ ਘੱਟ 4.66 ਕਰੋੜ ਰੁਪਏ ਹੋਵੇ ਜਾਂ ਦੇਸ਼ ਵਿੱਚ ਕਾਰੋਬਾਰ ’ਚ ਵੱਡੀ ਰਕਮ ਦਾ ਨਿਵੇਸ਼ ਕੀਤਾ ਜਾਵੇ।

ਲਾਭਪਾਤਰੀਆਂ ਅਤੇ ਪ੍ਰਕਿਰਿਆ ’ਚ ਸ਼ਾਮਲ ਲੋਕਾਂ ਨੇ ਦੱਸਿਆ ਕਿ ‘ਨਵੀਂ ਨਾਮਜ਼ਦਗੀ-ਆਧਾਰਿਤ ਵੀਜ਼ਾ ਨੀਤੀ’ ਤਹਿਤ ਭਾਰਤੀ ਹੁਣ ਲਗਭਗ 23.30 ਲੱਖ ਰੁਪਏ ਦੀ ਫੀਸ ਦੇ ਕੇ ਜੀਵਨ ਭਰ ਯੂਏਈ ਦੇ ਗੋਲਡਨ ਵੀਜ਼ਾ ਦਾ ਲਾਹਾ ਲੈ ਸਕਣਗੇ।

ਉਨ੍ਹਾਂ ਦੱਸਿਆ ਕਿ ਤਿੰਨ ਮਹੀਨਿਆਂ ਵਿੱਚ 5,000 ਤੋਂ ਵੱਧ ਭਾਰਤੀ ਇਸ ਨਾਮਜ਼ਦਗੀ-ਆਧਾਰਿਤ ਵੀਜ਼ਾ ਲਈ ਅਰਜ਼ੀਆਂ ਦੇਣਗੇ। ਇਸ ਵੀਜ਼ਾ ਪ੍ਰੀਖਣ ਦੇ



ਪਹਿਲੇ ਗੇੜ ਲਈ ਭਾਰਤ ਅਤੇ ਬੰਗਲਾਦੇਸ਼ ਨੂੰ ਚੁਣਿਆ ਗਿਆ ਹੈ ਅਤੇ ਭਾਰਤ ਵਿੱਚ ਨਾਮਜ਼ਦਗੀ-ਆਧਾਰਿਤ ਗੋਲਡਨ ਵੀਜ਼ਾ ਦੇ ਸ਼ੁਰੂਆਤੀ ਸੰਸਕਰਣ ਦੀ ਜਾਂਚ ਕਰਨ ਲਈ ਰਾਇਦ ਗਰੁੱਪ ਨਾਮਕ ਇੱਕ ਸਲਾਹਕਾਰ ਕੰਪਨੀ ਨੂੰ ਚੁਣਿਆ ਗਿਆ ਹੈ।

ਰਾਇਦ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਰਾਇਦ ਕਮਾਲ ਆਯੂਬ ਨੇ ਕਿਹਾ ਕਿ ਇਹ ਭਾਰਤੀਆਂ ਲਈ ਯੂ.ਏ.ਈ. ਦਾ ਗੋਲਡਨ ਵੀਜ਼ਾ ਪਾਉਣ ਦਾ ਸੁਨਹਿਰਾ ਮੌਕਾ ਹੈ। ਰਾਇਦ ਕਮਾਲ ਨੇ ਕਿਹਾ, “ਜਦੋਂ ਵੀ ਕੋਈ ਬਿਨੈਕਾਰ ਇਸ ਗੋਲਡਨ ਵੀਜ਼ਾ ਲਈ ਅਰਜ਼ੀ ਦਿੰਦਾ ਹੈ, ਅਸੀਂ ਪਹਿਲਾਂ ਪਿਛੋਕੜ ਦੀ ਜਾਂਚ ਕਰਾਂਗੇ, ਜਿਸ ਵਿੱਚ ਮਨੀ ਲਾਂਡਰਿੰਗ ਵਿਰੋਧੀ ਅਤੇ ਅਪਰਾਧਿਕ ਰਿਕਾਰਡ ਦੀ ਜਾਂਚ ਸ਼ਾਮਲ ਹੋਵੇਗੀ, ਨਾਲ ਹੀ ਉਸ ਦੇ ਸੋਸ਼ਲ ਮੀਡੀਆ ਦੀ ਵੀ ਜਾਂਚ ਪੜਤਾਲ ਕੀਤੀ ਜਾਵੇਗੀ।”

ਨਾਮਜ਼ਦਗੀ ਸ਼੍ਰੇਣੀ ਦੇ ਤਹਿਤ ਯੂ.ਏ.ਈ. ਗੋਲਡਨ ਵੀਜ਼ਾ ਦੀ ਮੰਗ ਕਰਨ ਵਾਲੇ ਬਿਨੈਕਾਰ ਦੁਬਈ ਦੀ ਯਾਤਰਾ ਕੀਤੇ ਬਿਨਾਂ ਆਪਣੇ ਦੇਸ਼ ਤੋਂ ਪ੍ਰੀ-ਕਲੀਅਰੈਂਸ ਪ੍ਰਾਪਤ ਕਰ ਸਕਦੇ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਈ ਖੰਡੇ ਦੀ ਮੌਤ: ਜ਼ਹਿਰ ਦੀ ਸੰਭਾਵਨਾ ਨੇ ਸਿੱਖ ਭਾਈਚਾਰੇ 'ਚ ਭੜਕਾਈ ਚਿੰਗਾਰੀ

## ਗਾਰਡੀਅਨ ਦੀ ਰਿਪੋਰਟ ਅਨੁਸਾਰ ਸਿੱਖ ਆਗੂ ਦੀ ਮੌਤ 'ਤੇ ਸਾਜ਼ਿਸ਼ ਦਾ ਪਰਛਾਵਾਂ

## ਸਿੱਖ ਭਾਈਚਾਰੇ ਨੇ ਯੂ.ਕੇ. ਸਰਕਾਰ ਤੋਂ ਜਾਂਚ ਦੀ ਕੀਤੀ ਮੰਗ

ਭਾਈ ਅਵਤਾਰ ਸਿੰਘ ਖੰਡਾ ਯੂ.ਕੇ., ਇੱਕ 35 ਸਾਲਾ ਸਿੱਖ ਆਗੂ ਸੀ, ਜੋ ਖ਼ਾਲਿਸਤਾਨ ਅੰਦੋਲਨ ਨਾਲ ਜੁੜਿਆ ਹੋਇਆ ਸੀ। ਜੂਨ 2023 ਵਿੱਚ ਬਰਮਿੰਘਮ ਦੇ ਇੱਕ ਹਸਪਤਾਲ ਵਿੱਚ ਕੈਂਸਰ ਕਾਰਨ ਅਚਾਨਕ ਚੱਲ ਵਸਿਆ। ਉਸ ਦੀ ਮੌਤ ਕਾਰਨ ਸਿੱਖ ਭਾਈਚਾਰੇ ਵਿੱਚ ਸਦਮੇ ਦੀ ਲਹਿਰ ਦੌੜ ਗਈ ਸੀ। ਹੁਣ, ਗਾਰਡੀਅਨ ਅਖ਼ਬਾਰ ਦੀ ਇੱਕ ਰਿਪੋਰਟ ਨੇ ਇਸ ਮਾਮਲੇ ਵਿੱਚ ਨਵੇਂ ਸਵਾਲ ਖੜ੍ਹੇ ਕਰ ਦਿੱਤੇ ਹਨ। ਪੈਥੋਲੋਜਿਸਟ ਦੀ ਰਿਪੋਰਟ ਅਨੁਸਾਰ, ਅਵਤਾਰ ਸਿੰਘ ਖੰਡਾ ਦੀ ਮੌਤ ਦਾ ਅਧਿਕਾਰਤ ਕਾਰਨ ਐਕਿਊਟ ਮਾਈਲੋਇਡ ਲਿਊਕੀਮੀਆ (ਇੱਕ ਤਰ੍ਹਾਂ ਦਾ ਬਲੱਡ ਕੈਂਸਰ) ਦੱਸਿਆ ਗਿਆ, ਪਰ ਇਹ ਵੀ ਜ਼ੋਰ ਦੇ ਕੇ ਕਿਹਾ ਗਿਆ ਹੈ ਕਿ ਜ਼ਹਿਰੀਲੇ ਪਦਾਰਥਾਂ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਨਕਾਰਿਆ ਨਹੀਂ ਜਾ ਸਕਦਾ।

ਇਸ ਰਿਪੋਰਟ ਨੇ ਸਿੱਖ ਭਾਈਚਾਰੇ ਦੇ ਮਨਾਂ ਵਿੱਚ ਸ਼ੱਕ ਹੋਰ ਮਜਬੂਤ ਕਰ ਦਿਤਾ ਹੈ ਕਿ ਭਾਈ ਖੰਡੇ ਨੂੰ ਧੀਵੀਂ ਜ਼ਹਿਰ ਦੇ ਕੇ ਮਾਰਿਆ ਗਿਆ ਹੈ। ਭਾਈ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਅਤੇ ਸਮਰਥਕਾਂ ਦਾ ਮੰਨਣਾ ਹੈ ਕਿ ਉਸ ਦੀ ਮੌਤ ਕੋਈ ਸਧਾਰਨ ਘਟਨਾ ਨਹੀਂ ਸੀ, ਸਗੋਂ ਇੱਕ ਸਾਜ਼ਿਸ਼ ਦਾ ਹਿੱਸਾ ਸੀ, ਜਿਸ ਦੀਆਂ ਜੜ੍ਹਾਂ ਸ਼ਾਇਦ ਭਾਰਤ ਸਰਕਾਰ ਦੀ ਸਿੱਖ ਵਿਰੋਧੀ ਨੀਤੀਆਂ ਨਾਲ ਜੁੜੀਆਂ ਹੋਣ। ਖ਼ਾਲਿਸਤਾਨ ਅੰਦੋਲਨ ਨਾਲ ਜੁੜਿਆ ਭਾਈ ਅਵਤਾਰ ਸਿੰਘ ਖੰਡਾ ਸਿੱਖ ਭਾਈਚਾਰੇ ਦਾ ਇੱਕ ਅਜਿਹਾ ਸਿਤਾਰਾ ਸੀ, ਜਿਸ ਦੀ ਚਮਕ ਨਾ ਸਿਰਫ਼ ਯੂ.ਕੇ. ਵਿੱਚ, ਸਗੋਂ ਵਿਸ਼ਵ ਭਰ ਦੇ ਸਿੱਖਾਂ ਦੇ ਦਿਲਾਂ ਵਿੱਚ ਵਸਦੀ ਸੀ। ਮੋਗਾ, ਪੰਜਾਬ ਵਿੱਚ ਜਨਮੇ ਭਾਈ ਅਵਤਾਰ ਸਿੰਘ ਖੰਡਾ ਦੇ ਪਿਤਾ, ਕੁਲਵੰਤ ਸਿੰਘ ਖੁਖਰਾਣਾ, ਖ਼ਾਲਿਸਤਾਨ ਲਿਬਰੇਸ਼ਨ ਫੋਰਸ (ਕੇ.ਐੱਲ.ਐੱਫ.) ਦੇ ਮੋਢੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੂੰ 1991 ਵਿੱਚ ਪੰਜਾਬ ਪੁਲਿਸ ਨੇ ਕਥਿਤ ਤੌਰ 'ਤੇ ਫਰਜ਼ੀ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਭਾਈ ਖੰਡਾ ਨੇ 2007 ਵਿੱਚ ਸਟੂਡੈਂਟ ਵੀਜ਼ੇ 'ਤੇ ਯੂ.ਕੇ. ਵਿੱਚ ਪੜ੍ਹਾਈ ਸ਼ੁਰੂ ਕੀਤੀ ਅਤੇ 2016 ਵਿੱਚ ਉਸ ਨੇ ਸਿਆਸੀ ਸ਼ਰਣ ਲਈ ਅਰਜ਼ੀ ਦਿੱਤੀ, ਕਿਉਂਕਿ ਉਸ ਦੀ ਜਾਨ ਨੂੰ ਭਾਰਤੀ ਸਰਕਾਰ ਤੋਂ ਖ਼ਤਰਾ ਸੀ। ਉਸ ਦੀ ਸਿਆਸੀ ਸਰਗਰਮੀ, ਖਾਸ ਕਰਕੇ ਖ਼ਾਲਿਸਤਾਨ ਅੰਦੋਲਨ ਨਾਲ ਜੁੜਾਵ, ਨੇ ਉਸ ਨੂੰ ਭਾਰਤੀ ਅਥਾਰਟੀਆਂ ਦੀ ਨਜ਼ਰ ਵਿੱਚ 'ਰਾਜ ਦਾ ਦੁਸ਼ਮਣ' ਬਣਾ ਦਿੱਤਾ। 2023 ਵਿੱਚ, ਜਦੋਂ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ ਇੱਕ ਪ੍ਰਦਰਸ਼ਨ ਦੌਰਾਨ ਭਾਰਤੀ ਝੰਡਾ ਉਤਾਰਿਆ ਗਿਆ, ਤਾਂ ਭਾਈ ਖੰਡਾ ਨੂੰ ਗਲਤ ਤਰੀਕੇ ਨਾਲ ਇਸ ਦਾ ਮੁੱਖ ਸਾਜ਼ਿਸ਼ਕਰਤਾ ਦੱਸਿਆ ਗਿਆ।

ਭਾਰਤ ਦਾ ਗੋਦੀ ਮੀਡੀਆ ਨੇ ਉਸ ਨੂੰ 'ਅੱਤਵਾਦੀ' ਅਤੇ 'ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੁਖੀ' ਦੱਸ ਕੇ ਉਸ ਦੀ ਜ਼ਿੰਦਗੀ ਨੂੰ ਇੱਕ ਅਗਨੀ ਪਰੀਖਿਆ ਵਿੱਚ ਝੋਕ ਦਿੱਤਾ। ਜਸਵਿੰਦਰ ਸਿੰਘ, ਸਿੱਖ ਫੈਡਰੇਸ਼ਨ ਯੂ.ਕੇ. ਦੇ ਸਲਾਹਕਾਰ, ਨੇ ਕਿਹਾ, ਭਾਈ ਅਵਤਾਰ ਸਿੰਘ ਖੰਡਾ ਸਿਰਫ਼ ਇੱਕ ਪਾਰਸਲ ਡਿਲੀਵਰੀ ਕਰਨ ਵਾਲਾ ਮੁਲਾਜਮ ਸੀ, ਪਰ ਭਾਰਤੀ ਮੀਡੀਆ ਨੇ ਉਸ ਨੂੰ ਅਜਿਹਾ ਦਰਸਾਇਆ ਜਿਵੇਂ ਉਹ ਕਿਸੇ ਮਹਾਸ਼ਕਤੀ ਦਾ ਨੰਬਰ ਇੱਕ ਦੁਸ਼ਮਣ ਹੋਵੇ।



### ਗਾਰਡੀਅਨ ਦੀ ਰਿਪੋਰਟ: ਜ਼ਹਿਰ ਦੀ ਸੰਭਾਵਨਾ

ਗਾਰਡੀਅਨ ਦੀ ਰਿਪੋਰਟ ਅਨੁਸਾਰ, ਭਾਈ ਅਵਤਾਰ ਸਿੰਘ ਖੰਡੇ ਦੀ ਮੌਤ ਦਾ ਅਧਿਕਾਰਤ ਕਾਰਨ ਐਕਿਊਟ ਮਾਈਲੋਇਡ ਲਿਊਕੀਮੀਆ ਦੱਸਿਆ ਗਿਆ, ਜੋ ਇੱਕ ਅਜਿਹਾ ਬਲੱਡ ਕੈਂਸਰ ਹੈ, ਜੋ ਬਹੁਤ ਤੇਜ਼ੀ ਨਾਲ ਫੈਲਦਾ ਹੈ। ਪਰ ਪੈਥੋਲੋਜਿਸਟ ਡਾ. ਐਸ਼ਲੇ ਫੇਗਨ-ਅਰਲ ਦੀ ਰਿਪੋਰਟ ਨੇ ਇਸ ਮਾਮਲੇ ਨੂੰ ਇੱਕ ਨਵਾਂ ਮੋੜ ਦਿੱਤਾ। ਉਸ ਨੇ ਕਿਹਾ ਕਿ ਹਸਪਤਾਲ ਵਿੱਚ ਕੀਤੇ ਗਏ ਟੌਕਸੀਕੋਲੋਜੀ ਟੈਸਟਾਂ ਵਿੱਚ ਕੋਈ ਅਸਧਾਰਨ ਨਤੀਜੇ ਨਹੀਂ ਮਿਲੇ, ਪਰ ਇਹ ਵੀ ਸਪੱਸ਼ਟ ਕੀਤਾ ਕਿ ਸਾਰੇ ਜ਼ਹਿਰੀਲੇ ਪਦਾਰਥ ਆਮ ਟੈਸਟਾਂ ਵਿੱਚ ਨਹੀਂ ਫੜੇ ਜਾ ਸਕਦੇ। ਡਾ. ਫੇਗਨ-ਅਰਲ ਨੇ ਅੱਗੇ ਕਿਹਾ, ਕੁਝ ਅਜਿਹੇ ਜ਼ਹਿਰੀਲੇ ਪਦਾਰਥ ਹੁੰਦੇ ਹਨ, ਜਿਨ੍ਹਾਂ ਨੂੰ ਖੋਜਣ ਲਈ ਵਿਸ਼ੇਸ਼ ਟੈਸਟਾਂ ਦੀ ਲੋੜ ਹੁੰਦੀ ਹੈ, ਜਿਵੇਂ ਕਿ ਨਰਵ ਏਜੰਟ, ਜੈਵਿਕ ਪਦਾਰਥ ਜਾਂ ਨਿਊਕਲੀਅਰ ਏਜੰਟ। ਉਸ ਨੇ ਆਪਣੇ ਤਜਰਬੇ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਸ ਨੇ ਅਜਿਹੇ ਕਈ ਮਾਮਲਿਆਂ ਵਿੱਚ ਕੰਮ ਕੀਤਾ ਹੈ, ਜਿੱਥੇ ਵਿਦੇਸ਼ੀ ਸ਼ਕਤੀਆਂ ਵੱਲੋਂ ਅਸਧਾਰਨ ਜ਼ਹਿਰਾਂ ਦੀ ਵਰਤੋਂ ਦੀ ਸੰਭਾਵਨਾ ਸੀ। ਉਸ ਨੇ ਕੇਵ ਗਾਰਡਨਜ਼ ਅਤੇ ਪੋਰਟਨ ਡਾਊਨ ਵਰਗੀਆਂ ਵਿਸ਼ੇਸ਼ ਸੰਸਥਾਵਾਂ ਦੀ ਮਦਦ ਨਾਲ ਜਾਂਚ ਦੀ ਗੱਲ ਕੀਤੀ, ਜੋ ਅਜਿਹੇ ਮਾਮਲਿਆਂ ਵਿੱਚ ਜ਼ਰੂਰੀ ਹੁੰਦੀ ਹੈ। ਭਾਈ ਅਵਤਾਰ ਸਿੰਘ ਖੰਡਾ ਦੇ ਪਰਿਵਾਰ ਦੇ ਵਕੀਲ, ਮਾਈਕਲ ਪੋਲਕ, ਨੇ ਵੈਸਟ ਮਿਡਲੈਂਡਜ਼ ਦੀ ਕੋਰੋਨਰ ਲੂਈਸ ਹੰਟ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਭਾਈ ਖੰਡਾ ਦੀ ਮੌਤ ਦੀ ਜਾਂਚ ਲਈ ਪਹਿਲਾਂ ਤੋਂ ਇਨਕਾਰ ਕੀਤੇ ਗਏ ਫੈਸਲੇ ਨੂੰ ਵਾਪਸ ਲਿਆ ਜਾਵੇ। ਉਸ ਨੇ ਜ਼ੋਰ ਦੇ ਕੇ ਕਿਹਾ ਕਿ ਹਸਪਤਾਲ ਵਿੱਚ ਨਾ ਤਾਂ ਨਰਵ ਏਜੰਟਾਂ ਦੀ ਜਾਂਚ ਕੀਤੀ ਗਈ ਅਤੇ ਨਾ ਹੀ ਜੈਵਿਕ ਜਾਂ ਨਿਊਕਲੀਅਰ ਪਦਾਰਥਾਂ ਦੀ। ਇਹ ਸੰਭਾਵਨਾ ਵੀ ਉਠਾਈ ਗਈ ਕਿ ਅਜਿਹੇ ਪਦਾਰਥਾਂ ਨਾਲ ਭਾਈ ਖੰਡਾ ਦੇ ਸਰੀਰ ਵਿੱਚ ਤੇਜ਼ੀ ਨਾਲ ਕੈਂਸਰ ਪੈਦਾ ਕੀਤਾ ਜਾ ਸਕਦਾ ਸੀ।

### ਮੌਤ ਦੇ ਕਾਰਨ: ਸੱਚ ਜਾਂ ਸਾਜ਼ਿਸ਼ ?

ਭਾਈ ਅਵਤਾਰ ਸਿੰਘ ਖੰਡੇ ਦੀ ਮੌਤ ਦਾ ਅਧਿਕਾਰਤ ਕਾਰਨ ਐਕਿਊਟ ਮਾਈਲੋਇਡ ਲਿਊਕੀਮੀਆ ਅਤੇ ਫੇਫੜਿਆਂ ਵਿੱਚ ਖ਼ੂਨ ਦਾ ਥੱਕਾ ਦੱਸਿਆ ਗਿਆ। ਪਰ ਉਸ ਦੇ ਪਰਿਵਾਰ ਅਤੇ ਸਮਰਥਕਾਂ ਦਾ ਕਹਿਣਾ ਹੈ ਕਿ ਭਾਈ ਖੰਡਾ ਨੂੰ ਕਦੇ ਵੀ ਕੋਈ ਸਿਹਤ ਸਮੱਸਿਆ ਨਹੀਂ ਸੀ। ਉਸ ਦੀ ਮਾਂ ਚਰਨਜੀਤ ਕੌਰ ਨੇ ਕਿਹਾ, ਮੇਰਾ ਪੁੱਤਰ ਜ਼ਹਿਰ ਦੇ ਕਾਰਨ ਮਾਰਿਆ ਗਿਆ। ਕੈਂਸਰ ਚਾਰ ਦਿਨਾਂ ਵਿੱਚ ਨਹੀਂ ਫੈਲਦਾ।

ਭਾਈ ਖੰਡਾ ਦੀ ਅਚਾਨਕ ਬਿਮਾਰੀ ਅਤੇ ਮੌਤ ਨੇ ਸਿੱਖ ਭਾਈਚਾਰੇ ਵਿੱਚ ਸ਼ੱਕ ਦੀਆਂ ਲਹਿਰਾਂ ਪੈਦਾ ਕਰ ਦਿੱਤੀਆਂ। ਉਸ ਦੇ ਦੋਸਤਾਂ ਨੇ ਦੱਸਿਆ ਕਿ 10 ਜੂਨ, 2023 ਨੂੰ ਉਸ ਨੂੰ ਪਹਿਲੀ ਵਾਰ ਪੇਟ ਅਤੇ ਲੱਤ ਵਿੱਚ ਦਰਦ ਮਹਿਸੂਸ ਹੋਇਆ। ਅਗਲੇ ਦਿਨ, ਜਦੋਂ ਦਰਦ ਅਸਹਿ ਹੋ ਗਿਆ, ਤਾਂ ਉਸ ਨੂੰ ਬਰਮਿੰਘਮ ਸਿਟੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਚਾਰ ਦਿਨਾਂ ਦੇ ਅੰਦਰ, ਉਸ ਦੀ ਮੌਤ ਹੋ ਗਈ। ਇਹ ਸਾਰਾ ਮਾਮਲਾ ਸਿੱਖ ਭਾਈਚਾਰੇ ਲਈ ਇੱਕ ਬੁਝਾਰਤ ਵਾਂਗ ਸੀ, ਜਿਸ ਦਾ ਜਵਾਬ ਕਿਸੇ ਕੋਲ ਨਹੀਂ।

ਜਸਵਿੰਦਰ ਸਿੰਘ ਨੇ ਕਿਹਾ ਕਿ ਅਸੀਂ ਸੋਚਿਆ ਸੀ ਕਿ ਉਹ ਜਲਦੀ ਠੀਕ ਹੋ ਜਾਵੇਗਾ। ਉਹ ਬਿਲਕੁਲ ਸਿਹਤਮੰਦ ਸੀ, ਉਸ ਨੇ ਕਦੇ ਡਾਕਟਰ ਨੂੰ ਵੀ ਨਹੀਂ ਸੀ ਮਿਲਿਆ। ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਭਾਈ ਖੰਡੇ ਦੀ ਮੌਤ ਕੋਈ ਸਧਾਰਨ ਬਿਮਾਰੀ ਨਹੀਂ, ਸਗੋਂ ਇੱਕ ਸਾਜ਼ਿਸ਼ ਦਾ ਨਤੀਜਾ ਸੀ। ਕਈਆਂ ਨੇ ਇਹ ਵੀ ਸੰਭਾਵਨਾ ਜਤਾਈ ਕਿ ਉਸ ਨੂੰ ਜ਼ਹਿਰੀਲੇ ਪਦਾਰਥ ਜਾਂ ਰੇਡੀਏਸ਼ਨ ਨਾਲ ਨਿਸ਼ਾਨਾ ਬਣਾਇਆ ਗਿਆ, ਜਿਸ ਨੇ ਉਸ ਦੇ ਸਰੀਰ ਵਿੱਚ ਕੈਂਸਰ ਪੈਦਾ ਕੀਤਾ।

### ਯੂ.ਕੇ. ਸਰਕਾਰ ਕਿਉਂ ਨਹੀਂ ਜਾਂਚ ਕਰਦੀ ?

ਵੈਸਟ ਮਿਡਲੈਂਡਜ਼ ਪੁਲਿਸ ਨੇ ਭਾਈ ਖੰਡੇ ਦੀ ਮੌਤ ਨੂੰ ਕੋਈ ਸ਼ੱਕੀ ਹਾਲਾਤ ਨਹੀਂ ਦੱਸ ਕੇ ਜਾਂਚ ਨੂੰ ਰੱਦ ਕਰ ਦਿੱਤਾ। ਪਰ ਮਾਈਕਲ ਪੋਲਕ ਨੇ ਆਪਣੇ ਪੱਤਰ ਵਿੱਚ ਇਹ ਸਵਾਲ ਉਠਾਇਆ ਕਿ ਪੁਲਿਸ ਨੇ ਨਾ ਤਾਂ ਭਾਈ ਖੰਡੇ ਦੇ ਫੋਨ ਜਾਂ ਲੈਪਟਾਪ ਦੀ ਜਾਂਚ ਕੀਤੀ, ਨਾ ਉਸ ਦੇ ਦੋਸਤਾਂ ਜਾਂ ਸਹਿਕਰਮੀਆਂ ਨਾਲ ਗੱਲਬਾਤ ਕੀਤੀ, ਅਤੇ ਨਾ ਹੀ ਉਸ ਦੇ ਘਰ ਦੀ ਤਲਾਸ਼ੀ ਲਈ। ਜਸਵਿੰਦਰ ਸਿੰਘ ਨੇ 2024 ਵਿੱਚ ਪੁਲਿਸ ਨਾਲ ਹੋਈ ਮੀਟਿੰਗ ਦਾ ਹਵਾਲਾ ਦਿੰਦਿਆਂ ਕਿਹਾ ਕਿ ਪੁਲਿਸ ਨੇ ਸਵੀਕਾਰ ਕੀਤਾ ਕਿ ਉਨ੍ਹਾਂ ਨੇ ਸਿੱਖ ਆਗੂਆਂ 'ਤੇ ਵਿਸ਼ਵ ਭਰ ਵਿੱਚ ਹੋ ਰਹੇ ਹਮਲਿਆਂ ਦੀ ਜਾਣਕਾਰੀ ਨੂੰ ਵੀ ਨਜ਼ਰਅੰਦਾਜ਼ ਕੀਤਾ। ਇਸ ਦੌਰਾਨ, ਭਾਈ ਖੰਡੇ ਦੀ ਮੌਤ ਦੇ ਕੁਝ ਹਫਤਿਆਂ ਅੰਦਰ, ਕੈਨੇਡਾ ਵਿੱਚ ਹਰਦੀਪ ਸਿੰਘ ਨਿੱਜਰ ਅਤੇ ਪਾਕਿਸਤਾਨ ਵਿੱਚ ਪਰਮਜੀਤ ਸਿੰਘ ਪੰਜਵੜ ਦੀ ਹੱਤਿਆ, ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ 'ਤੇ ਹਮਲੇ ਦੀ ਕੋਸ਼ਿਸ਼ ਨੇ ਸਿੱਖ ਭਾਈਚਾਰੇ ਦੇ ਸ਼ੱਕਾਂ ਨੂੰ ਹੋਰ ਪੱਕਾ ਕਰ ਦਿੱਤਾ। ਭਾਈ ਖੰਡੇ ਦੇ ਪਰਿਵਾਰ ਅਤੇ ਸਿੱਖ ਫੈਡਰੇਸ਼ਨ ਯੂ.ਕੇ. ਨੇ ਯੂ.ਕੇ. ਸਰਕਾਰ ਨੂੰ ਇੱਕ ਸੁਤੰਤਰ ਜਾਂਚ ਦੀ ਮੰਗ ਕੀਤੀ ਹੈ। ਪਰ ਸਰਕਾਰ ਦੀ ਚੁੱਪੀ ਅਤੇ ਪੁਲਿਸ ਦੀ ਢਿਲੀ ਜਾਂਚ ਨੇ ਸਿੱਖ ਭਾਈਚਾਰੇ ਦੇ ਜਜ਼ਬਾਤਾਂ ਨੂੰ ਹੋਰ ਭੜਕਾਇਆ ਹੈ। ਜਗਜੀਤ ਸਿੰਘ, ਭਾਈ ਖੰਡਾ ਦੇ ਨਜ਼ਦੀਕੀ ਰਿਸ਼ਤੇਦਾਰ, ਨੇ ਕਿਹਾ, ਜੇ ਇਹ ਮਾਮਲਾ ਰੂਸ ਜਾਂ ਇਰਾਨ ਨਾਲ ਜੁੜਿਆ ਹੁੰਦਾ, ਤਾਂ ਜਾਂਚ ਦਾ ਪੈਮਾਨਾ ਬਿਲਕੁਲ ਵੱਖਰਾ ਹੁੰਦਾ।

### ਮੁੱਦਾ ਕਿਉਂ ਨਹੀਂ ਉੱਠ ਰਿਹਾ ?

ਅਵਤਾਰ ਸਿੰਘ ਖੰਡੇ ਦੀ ਮੌਤ ਦਾ ਮੁੱਦਾ ਅੰਤਰਰਾਸ਼ਟਰੀ ਪੱਧਰ 'ਤੇ ਉਸ ਤਰ੍ਹਾਂ ਦੀ ਸੁਰਖੀਆਂ ਨਹੀਂ ਬਟੋਰ ਸਕਿਆ, ਜਿਸ ਦੀ ਉਮੀਦ ਸੀ। ਇਸ ਦੇ ਪਿੱਛੇ ਕਈ ਕਾਰਨ ਹਨ:

ਯੂ.ਕੇ. ਸਰਕਾਰ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਦੀਆਂ ਗੱਲਬਾਤ ਵਿੱਚ ਰੁੱਝੀ ਹੋਈ ਹੈ। ਭਾਰਤ ਨੂੰ ਚੀਨ ਦੇ ਵਿਰੁੱਧ ਇੱਕ ਰਣਨੀਤਕ ਸਹਿਯੋਗੀ ਮੰਨਿਆ ਜਾਂਦਾ ਹੈ, ਜਿਸ ਕਾਰਨ ਯੂ.ਕੇ. ਸਰਕਾਰ ਅਜਿਹੇ ਮੁੱਦਿਆਂ 'ਤੇ ਚੁੱਪ ਵੱਟਣਾ ਪਸੰਦ ਕਰਦੀ ਹੈ।

ਵੈਸਟ ਮਿਡਲੈਂਡਜ਼ ਪੁਲਿਸ, ਜੋ ਪਹਿਲਾਂ ਹੀ 'ਸਪੈਸ਼ਲ ਮੈਜ਼ਰਜ਼' ਅਧੀਨ ਹੈ, ਨੇ ਜਾਂਚ ਵਿੱਚ ਕੋਈ ਗੰਭੀਰਤਾ ਨਹੀਂ ਵਿਖਾਈ। ਪੁਲਿਸ ਦੀ ਇਸ ਢਿੱਲੀ ਵਰਤੋਂ ਨੇ ਸਿੱਖ ਭਾਈਚਾਰੇ ਦੇ ਸ਼ੱਕਾਂ ਨੂੰ ਹੋਰ ਪੱਕਾ ਕੀਤਾ।

ਗਾਰਡੀਅਨ ਦੀ ਰਿਪੋਰਟ ਨੇ ਭਾਈ ਖੰਡੇ ਦੀ ਮੌਤ ਦੇ ਜ਼ਖ਼ਮ ਨੂੰ ਹੋਰ ਉਚੇੜ ਦਿੱਤਾ ਹੈ, ਕਿਉਂਕਿ ਇਸ ਨੇ ਸੰਭਾਵਨਾ ਜਤਾਈ ਹੈ ਕਿ ਅਵਤਾਰ ਦੀ ਮੌਤ ਸ਼ਾਇਦ ਜ਼ਹਿਰ ਦੀ ਸਾਜ਼ਿਸ਼ ਦਾ ਨਤੀਜਾ ਸੀ। ਪਰ ਯੂ.ਕੇ. ਸਰਕਾਰ ਦੀ ਚੁੱਪੀ ਅਤੇ ਪੁਲਿਸ ਦੀ ਲਾਪਰਵਾਹੀ ਨੇ ਸਿੱਖ ਭਾਈਚਾਰੇ ਦੇ ਜਜ਼ਬਾਤਾਂ ਨੂੰ ਹੋਰ ਭੜਕਾਇਆ ਹੈ। ਜੇ ਅਵਤਾਰ ਸਿੰਘ ਖੰਡੇ ਦੀ ਮੌਤ ਸੱਚਮੁੱਚ ਇੱਕ ਸਾਜ਼ਿਸ਼ ਦਾ ਹਿੱਸਾ ਸੀ, ਤਾਂ ਇਹ ਖ਼ਾਲਿਸਤਾਨ ਅੰਦੋਲਨ ਨਾਲ ਜੁੜੇ ਵਿਸ਼ਵ ਭਰ ਵਿੱਚ ਸਿੱਖ ਆਗੂਆਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰਦੀ ਹੈ। ਸਿੱਖ ਭਾਈਚਾਰੇ ਦੀ ਮੰਗ ਹੈ ਕਿ ਇਸ ਮਾਮਲੇ ਦੀ ਸੁਤੰਤਰ ਜਾਂਚ ਹੋਵੇ, ਤਾਂ ਜੋ ਸੱਚ ਸਾਹਮਣੇ ਆ ਸਕੇ। ਪਰ ਜਦੋਂ ਤੱਕ ਯੂ.ਕੇ. ਸਰਕਾਰ ਇਸ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ, ਭਾਈ ਖੰਡੇ ਦੀ ਮੌਤ ਇੱਕ ਅਣਸੁਲਝੀ ਬੁਝਾਰਤ ਹੀ ਰਹੇਗੀ।

# ਮਿਸਲ ਸਤਲੁਜ ਵੱਲੋਂ ਮਾਨਸੂਨ ਵਿੱਚ ਰੁੱਖ ਲਗਾਉਣ ਦੀ ਮੁਹਿੰਮ

ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਹੁਕਮਨਾਮੇ ਅਨੁਸਾਰ, ਮਿਸਲ ਸਤਲੁਜ ਇਸ ਮਾਨਸੂਨ ਦੇ ਮੌਸਮ ਵਿੱਚ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕਰੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸਲ ਦੇ ਬੁਲਾਰੇ ਨੇ ਦੱਸਿਆ ਕਿ

ਅਸੀਂ ਕੁਝ ਸਾਲ ਪਹਿਲਾਂ ਵੀ ਇਸੇ ਤਰ੍ਹਾਂ ਦੀ ਇੱਕ ਛੋਟੇ ਪੱਧਰ 'ਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਸੀ, ਜਿਸ ਤੋਂ ਸਾਨੂੰ ਕੁਝ ਸਿੱਖਿਆਵਾਂ ਮਿਲੀਆਂ ਸਨ। ਉਨ੍ਹਾਂ ਕਿਹਾ ਕਿ ਸਰਕਾਰੀ ਨਰਸਰੀਆਂ ਵੱਲੋਂ ਮੁਫ਼ਤ ਵੰਡੇ ਜਾਣ ਵਾਲੇ ਬੂਟੇ ਛੋਟੇ ਹੁੰਦੇ ਹਨ ਅਤੇ ਇਹਨਾਂ ਦੀ ਬਚਣ ਦੀ ਸੰਭਾਵਨਾ ਬਹੁਤ ਘਟ ਹੁੰਦੀ ਹੈ। ਜੇਕਰ ਇੱਕ ਬੂਟੇ ਦੀ ਇੱਕ ਸਾਲ ਤੱਕ ਦੇਖ ਭਾਲ ਨਾ ਕੀਤੀ ਜਾਵੇ, ਤਾਂ ਉਸ ਦੇ ਬਚਣ ਦੀ ਸੰਭਾਵਨਾ ਘੱਟ ਜਾਂਦੀ ਹੈ। ਪੰਜਾਬ ਦੇ ਰਿਵਾਇਤੀ ਰੁੱਖਾਂ ਦੇ ਬਚਣ ਦੀ ਸੰਭਾਵਨਾ ਵੱਧ ਹੁੰਦੀ ਹੈ। ਸੜਕਾਂ ਦੇ ਕਿਨਾਰੇ ਲਗਾਏ ਗਏ ਬੂਟੇ ਪਸ਼ੂਆਂ ਕਾਰਨ ਬਚ ਨਹੀਂ ਪਾਉਂਦੇ।



ਉਨ੍ਹਾਂ ਕਿਹਾ ਕਿ ਇਹਨਾਂ ਸਿੱਖਿਆਵਾਂ ਤੋਂ ਸਬਕ ਲੈਂਦਿਆਂ ਅਸੀਂ ਪਿਛਲੇ ਤਿੰਨ ਸਾਲਾਂ 'ਚ ਲਗਭਗ 10,000 ਬੂਟੇ ਤਿਆਰ ਕੀਤੇ ਹਨ, ਜਿਨ੍ਹਾਂ ਦਾ ਕੱਦ ਹੁਣ 5 ਫ਼ੁੱਟ ਤੋਂ 8 ਫ਼ੁੱਟ ਦੇ ਵਿਚਕਾਰ ਹੈ। ਇਹ ਸਾਰੀਆਂ ਕਿਸਮਾਂ ਪੰਜਾਬ ਦੀਆਂ ਮੂਲ ਹਨ। ਇਹਨਾਂ ਬੂਟਿਆਂ ਦੀ ਅਗਲੇ ਇੱਕ ਸਾਲ ਤੱਕ ਦੇਖ ਭਾਲ ਕੀਤੀ ਜਾਵੇਗੀ।

ਇਹ ਮੁਹਿੰਮ ਇਸੇ ਹਫ਼ਤੇ ਮੋਹਾਲੀ ਤੋਂ ਸ਼ੁਰੂ ਕੀਤੀ ਜਾਵੇਗੀ ਅਤੇ ਪੰਜਾਬ ਭਰ ਵਿੱਚ ਚਲਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਜੋ ਵੀ ਇਸ ਮੁਹਿੰਮ ਦੇ ਪ੍ਰਬੰਧਨ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਜਾਂ ਇਸ ਦਾ ਪ੍ਰਚਾਰ ਕਰਨ ਵਿੱਚ ਮਦਦ ਕਰਨਾ ਚਾਹੁੰਦੇ ਹਨ, ਉਹ ਕਿਰਪਾ ਕਰਕੇ ਹੇਠਾਂ ਦਿੱਤੇ ਫ਼ਾਰਮ ਰਾਹੀਂ ਰਜਿਸਟਰ ਕਰਨ। (ਆਵਾਜਾਈ, ਬੂਟੇ ਲਗਾਉਣ ਦੇ ਸੰਦ ਅਤੇ ਮਜ਼ਦੂਰ ਮਿਸਲ ਸਤਲੁਜ ਦੁਆਰਾ ਪ੍ਰਦਾਨ ਕੀਤੇ ਜਾਣਗੇ)।

ਉਨ੍ਹਾਂ ਕਿਹਾ ਕਿ ਸਾਡੇ ਕੋਲ ਲੈਂਡਸਕੇਪ ਅਤੇ ਬਾਗਬਾਨੀ ਮਾਹਿਰਾਂ ਦੀ ਇੱਕ ਟੀਮ ਹੈ, ਜੋ ਮਿਸਲ ਸਤਲੁਜ ਦਾ ਹਿੱਸਾ ਹਨ ਅਤੇ ਇਸ ਪੂਰੀ ਬੂਟੇ ਲਗਾਉਣ ਦੀ ਮੁਹਿੰਮ ਦੀ ਦੇਖ-ਰੇਖ ਕਰ ਰਹੇ ਹਨ। ਮਿਸਲ ਵਲੋਂ ਇਹਨਾਂ ਰੁੱਖਾਂ ਦੀ ਅਗਲੇ ਇੱਕ ਸਾਲ ਤੱਕ ਦੇਖ ਰੇਖ ਕੀਤੀ ਜਾਵੇਗੀ। ਕਿਸੇ ਨੂੰ ਇੱਕ ਦੋ ਰੁੱਖ ਵੀ ਚਾਹੀਦੇ ਹੋਣ ਤਾਂ ਸੰਪਰਕ ਕਰਕੇ ਮੰਗਵਾ ਸਕਦਾ ਹੈ।

# ਸਾਹਿਤਕਾਰ/ਇਤਿਹਾਸਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀ ਪੁਸਤਕ ਗੁਰਦੁਆਰਾ ਸਾਹਿਬ ਫ਼ਰੀਮੌਂਟ ਵਾਸਤੇ ਭੇਟ ਕੀਤੀ





ਫਰੀਮੌਂਟ/ਕੈਲੇਫੋਰਨੀਆ: ਬੀਤੇ ਦਿਨ ਸਾਹਿਤਕਾਰ/ਇਤਿਹਾਸਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਆਪਣੀ ਸੱਤਵੀਂ ਪੁਸਤਕ 'ਚਾਨਣ ਇਤਿਹਾਸ ਦਾ' ਹਫ਼ਤਾਵਾਰੀ ਦਿਵਾਨ ਵਿੱਚ ਗੁਰਦੁਆਰਾ ਸਾਹਿਬ ਦੀ ਲਾਈਬ੍ਰੇਰੀ ਵਾਸਤੇ ਭੇਟ ਕੀਤੀ ਗਈ। ਭਾਈ ਜਸਵਿੰਦਰ ਸਿੰਘ ਜੰਡੀ ਨੇ ਪ੍ਰਵਾਨਾ ਦੀ ਪੁਸਤਕ ਨੂੰ ਜੀ ਆਇਆਂ ਆਖਿਆ ਅਤੇ ਕਿਹਾ ਕਿ ਪ੍ਰਵਾਨਾ ਵੱਲੋਂ ਆਪਣੇ ਮਾਣਮੱਤੇ ਵਿਰਸੇ ਅਤੇ ਇਤਿਹਾਸ 'ਤੇ ਰੌਸ਼ਨੀ ਪਾਉਂਦੀ ਪੁਸਤਕ ਬੜੀ ਮਿਹਨਤ ਨਾਲ ਤਿਆਰ ਕੀਤੀ ਹੈ, ਜੋ ਕਿ ਪੜ੍ਹਨ ਦੇ ਯੋਗ ਹੈ। ਮੈਂ ਪੁਸਤਕ ਦੀ ਭੇਂਟ ਪ੍ਰਾਪਤ ਕਰਕੇ ਖੁਸ਼ੀ ਮਹਿਸੂਸ ਕੀਤੀ ਹੈ। ਅਰਦਾਸ ਹੈ ਕਿ ਪ੍ਰਵਾਨਾ ਇਸੇ ਤਰ੍ਹਾਂ ਲਿਖਦੇ ਰਹਿਣ।

ਇਸ ਮੌਕੇ ਸੰਬੋਧਨ ਕਰਦਿਆਂ ਪ੍ਰਵਾਨਾ ਨੇ ਕਿਹਾ ਕਿ ਜੇਕਰ ਆਪਣੇ ਮਾਣਮੱਤੇ ਇਤਿਹਾਸ ਨੂੰ ਨਹੀਂ ਜਾਣੋਗੇ ਤਾਂ ਆਪਣੇ ਆਪ ਨੂੰ ਕਿਵੇਂ ਪਛਾਣੋਗੇ ? ਇਤਿਹਾਸਕਾਰ ਆਪਣੇ ਫ਼ਰਜ਼ ਨਿਭਾਉਂਦੇ ਹਨ, ਇਤਿਹਾਸ ਜਾਣੂੰ ਕਰਵਾਉਂਦੇ ਹਨ। ਇਤਿਹਾਸਕਾਰ ਦੇ ਫ਼ਰਜ਼ਾਂ ਵਿੱਚ ਸ਼ਾਮਲ ਹੈ ਕਿ ਬੀਤੀਆਂ ਘਟਨਾਵਾਂ ਲੋਕ ਸਮਾਜ ਅਤੇ ਸੱਭਿਆਚਾਰ ਦਾ ਅਧਿਐਨ ਕਰਨ ਤੇ ਲਿਖਣ। ਇਤਿਹਾਸ ਦੇ ਲਿਖਤੀ ਅਤੀਤ ਦੀਆਂ ਘਟਨਾਵਾਂ ਦੀ ਜਾਂਚ ਹੁੰਦੀ ਹੈ। ਇਤਿਹਾਸਕਾਰ ਇਤਿਹਾਸਕ ਸੱਤਾ ਦੀ ਖੋਜ ਕਰਕੇ ਇਤਿਹਾਸਕ ਅੰਕੜਿਆਂ ਦੇ ਵਿਸ਼ਲੇਸ਼ਣ ਕਰਕੇ ਇਤਿਹਾਸਕ ਘਟਨਾਵਾਂ ਦੀ ਵਿਆਖਿਆ ਅਤੇ ਮੁਲਾਂਕਣ ਕਰਕੇ ਵਰਤਮਾਨ ਲਈ ਪ੍ਰੇਰਨਾ ਨਾਲ ਜੋੜ ਕੇ ਲਿਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਿਵੇਂ ਸਿੱਖ ਧਰਮ ਵਿੱਚ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਦੁਰਦਸ਼ਾ ਸੀ। ਗੁਰੂ ਸਾਹਿਬ ਜੀ ਦੀਆਂ ਸਿੱਖਿਆਵਾਂ ਨਾਲ ਸਮਾਜ ਨੂੰ ਰੁਹਾਨੀਅਤ ਦੀ ਸੋਝੀ ਆਈ। ਜਿਉਣ ਦੀ ਜਾਚ ਆਈ। ਫਿਰ ਸਮਾਜ ਉਪਰ ਸਦੀਵੀ ਕੀ ਅਸਰ ਆਇਆ ਆਦਿ। ਮੈਂ ਇਸ ਪੁਸਤਕ ਵਿੱਚ ਇਤਿਹਾਸਕ ਘਟਨਾਵਾਂ 'ਤੇ ਚਾਨਣ ਪਾਇਆ ਹੈ। ਸੰਖੇਪ ਵਿੱਚ ਲਿਖਿਆ ਹੈ। ਵਿਸ਼ੇ ਨੂੰ ਹੋਰ ਸਪਸ਼ਟ ਕਰਨ ਲਈ ਅੰਤਿਕਾ ਸੁਨੇਹਾ ਹੋਰ ਚਾਨਣ ਪ੍ਰਦਾਨ ਕਰੇ। ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਭਾਈ ਜਸਦੇਵ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਜੀ ਦਾ ਵਿਸ਼ੇਸ਼ ਸਹਿਯੋਗ ਰਿਹਾ। ਇੱਕ ਯਾਦਗਾਰੀ ਤਸਵੀਰ ਨਾਲ ਸਮਾਗਮ ਸੰਪੰਨ ਹੋਇਆ।



# ਜੰਗਲ ਦੀ ਅੱਗ ਦਾ ਕਹਿਰ

## ਮਨੁੱਖੀ ਗ਼ਲਤੀ ਦੀ ਸਜ਼ਾ ਭੁਗਤਦਾ ਹੈ ਜੰਗਲ

**ਭਾਰਤ ਵਿੱਚ ਇਸ ਸਮੇਂ ਬਰਸਾਤ ਦਾ ਮੌਸਮ ਚੱਲ ਰਿਹਾ ਹੈ ਜਿਸ ਕਰਕੇ ਜੰਗਲਾਂ ਨੂੰ ਅੱਗ ਲੱਗਣ ਦੀ ਸੰਭਾਵਨਾ ਨਹੀਂ ਹੈ ਪਰ ਵਿਸ਼ਵ ਦੇ ਅਨੇਕਾਂ ਦੇਸ਼ਾਂ ਵਿੱਚ ਤੇਜ਼ ਗਰਮੀ ਦਾ ਮੌਸਮ ਚੱਲ ਰਿਹਾ ਹੈ, ਜਿਥੇ ਅਕਸਰ ਜੰਗਲ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਗਰਮੀਆਂ ਦੌਰਾਨ ਭਾਰਤ ਵਿੱਚ ਵੀ ਕਈ ਥਾਂਵਾਂ 'ਤੇ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਬੀਤੇ ਸਮੇਂ ਦੌਰਾਨ ਵਾਪਰਦੀਆਂ ਰਹੀਆਂ ਹਨ। ਜੰਗਲ ਦੀ ਅੱਗ ਬਾਰੇ ਮਸ਼ਹੂਰ ਹੈ ਕਿ ਇਹ ਬਹੁਤ ਤੇਜ਼ੀ ਨਾਲ ਫ਼ੈਲਦੀ ਹੈ। ਇਸ ਲਈ ਜੰਗਲਾਂ ਨੂੰ ਅੱਗ ਤੋਂ ਬਚਾਉਣ ਲਈ ਵਿਸ਼ੇਸ਼ ਯੋਜਨਾ ਅਤੇ ਰਣਨੀਤੀ ਬਣਾਉਣ ਦੀ ਲੋੜ ਹੈ।**

ਕੈਨੇਡਾ ਦੇ ਜੰਗਲਾਂ, ਅਮਰੀਕਾ ਦੇ ਕੈਲੀਫ਼ੋਰਨੀਆਂ ਇਲਾਕੇ ਦੇ ਜੰਗਲਾਂ, ਦੱਖਣੀ ਅਮਰੀਕੀ ਦੇਸ਼ ਚਿਲੀ ਦੇ ਜੰਗਲਾਂ, ਪੱਛਮੀ ਅਮਰੀਕਾ ਦੇ ਟਾਪੂ ਰਾਜ ਹਵਾਈ ਦੇ ਇਤਿਹਾਸਕ ਸ਼ਹਿਰ ਲਹੈਨਾ ਦੇ ਜੰਗਲਾਂ ਸਮੇਤ ਦੁਨੀਆਂ ਭਰ ਦੇ ਅਨੇਕਾਂ ਇਲਾਕਿਆਂ ਵਿੱਚ ਅਕਸਰ ਹੀ ਜੰਗਲਾਂ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰਦੀਆਂ ਹਨ, ਜਿਹਨਾਂ ਨਾਲ ਕਾਫ਼ੀ ਨੁਕਸਾਨ ਵੀ ਹੁੰਦਾ ਹੈ ਅਤੇ ਜੰਗਲਾਂ ਦਾ ਬਹੁਤ ਸਾਰਾ ਇਲਾਕਾ ਅੱਗ ਵਿੱਚ ਸੜ ਕੇ ਸਵਾਹ ਹੋ ਜਾਂਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਕਸਰ ਜੰਗਲਾਂ ਨੂੰ ਅੱਗ ਕਿਉਂ ਅਤੇ ਕਿਵੇਂ ਲੱਗ ਜਾਂਦੀ ਹੈ?

ਅੱਗ ਨੂੰ ਬਲਣ ਲਈ ਗਰਮੀ, ਬਾਲਣ ਅਤੇ ਆਕਸੀਜਨ ਜ਼ਰੂਰੀ ਹੈ। ਜੰਗਲ ਵਿੱਚ, ਆਕਸੀਜਨ ਸਿਰਫ ਹਵਾ ਵਿੱਚ ਮੌਜੂਦ ਹੈ। ਰੁੱਖਾਂ ਦੀਆਂ ਸੁੱਕੀਆਂ ਟਾਹਣੀਆਂ ਅਤੇ ਪੱਤੇ ਬਾਲਣ ਦਾ ਕੰਮ ਕਰਦੇ ਹਨ। ਇੱਕ ਛੋਟੀ ਜਿਹੀ ਚੰਗਿਆੜੀ ਗਰਮੀ ਦਾ ਕੰਮ ਕਰ ਸਕਦੀ ਹੈ। ਜ਼ਿਆਦਾਤਰ ਅੱਗ ਗਰਮੀਆਂ ਦੇ ਮੌਸਮ ਦੌਰਾਨ ਹੁੰਦੀ ਹੈ। ਇਸ ਮੌਸਮ ਵਿੱਚ, ਇੱਕ ਛੋਟੀ ਜਿਹੀ ਚੰਗਿਆੜੀ ਵੀ ਪੂਰੇ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀਆਂ ਕਈ ਵਾਰ ਰੁੱਖਾਂ ਦੀਆਂ ਟਾਹਣੀਆਂ ਨੂੰ ਇੱਕ ਦੂਜੇ ਦੇ ਵਿਰੁੱਧ ਰਗੜਨ ਨਾਲ ਜਾਂ ਸੂਰਜ ਦੀਆਂ ਤੇਜ਼ ਕਿਰਨਾਂ ਕਾਰਨ ਹੁੰਦੀਆਂ ਹਨ। ਗਰਮੀਆਂ ਵਿੱਚ, ਰੁੱਖਾਂ ਦੀਆਂ ਟਹਿਣੀਆਂ ਅਤੇ ਟਾਹਣੀਆਂ ਸੁੱਕ ਜਾਂਦੀਆਂ ਹਨ, ਜਿਨ੍ਹਾਂ ਨੂੰ ਆਸਾਨੀ ਨਾਲ ਅੱਗ ਲੱਗ ਜਾਂਦੀ ਹੈ। ਇੱਕ ਵਾਰ ਜਦੋਂ ਅੱਗ ਲੱਗ ਜਾਂਦੀ ਹੈ, ਤਾਂ ਇਸ ਨੂੰ ਹਵਾ ਦੁਆਰਾ ਭੜਕਾਇਆ ਜਾਂਦਾ ਹੈ। ਇਸ ਤੋਂ ਇਲਾਵਾ ਕੁਦਰਤੀ ਬਿਜਲੀ, ਜਵਾਲਾਮੁਖੀ ਅਤੇ ਕੋਲੇ ਦੇ ਜਲਣ ਕਾਰਨ ਵੀ ਜੰਗਲ ਦੀ ਅੱਗ ਲੱਗ ਸਕਦੀ ਹੈ।



ਆਮ ਤੌਰ 'ਤੇ ਅੱਗ ਨੂੰ ਬਾਲਣ, ਆਕਸੀਜਨ ਅਤੇ ਗਰਮੀ ਦੀ ਲੋੜ ਹੁੰਦੀ ਹੈ। ਜਦੋਂ ਬਹੁਤ ਜ਼ਿਆਦਾ ਗਰਮੀ ਹੁੰਦੀ ਹੈ, ਤਾਂ ਇੱਕ ਛੋਟੀ ਜਿਹੀ ਚੰਗਿਆੜੀ ਜੰਗਲ ਨੂੰ ਅੱਗ ਲਾਉਣ ਲਈ ਕਾਫੀ ਹੁੰਦੀ ਹੈ। ਇਹ ਚੰਗਿਆੜੀਆਂ ਜੰਗਲਾਂ ਵਿੱਚੋਂ ਲੰਘਦੀਆਂ ਰੇਲ ਪਟੜੀਆਂ ਅਤੇ ਰੇਲ ਗੱਡੀਆਂ ਦੇ ਪਹੀਆਂ ਨੂੰ ਰਗੜਨ ਕਾਰਨ ਪੈਦਾ ਹੋ ਸਕਦੀਆਂ ਹਨ।

ਜੰਗਲ ਦੀ ਅੱਗ ਲਈ ਆਮ ਤੌਰ 'ਤੇ ਮਨੁੱਖੀ ਲਾਪਰਵਾਹੀ ਜ਼ਿੰਮੇਵਾਰ ਹੁੰਦੀ ਹੈ। ਕਈ ਵਾਰ ਜੋ ਲੋਕ ਜੰਗਲ ਵਿੱਚ ਸੈਰ ਕਰਨ, ਫੋਟੋਗ੍ਰਾਫੀ ਲਈ ਜਾਂ ਕਿਸੇ ਖੋਜ ਲਈ ਜਾਂਦੇ ਹਨ, ਉਹ ਅਚਾਨਕ ਕੈਂਪ ਫਾਇਰ, ਬਲਦੀ ਸਿਗਰੇਟ, ਜਾਨਵਰਾਂ ਨੂੰ ਡਰਾਉਣ ਲਈ ਵਰਤੇ ਜਾਂਦੇ ਪਟਾਕੇ, ਜਾਂ ਮਾਚਿਸ ਦੀਆਂ ਸਟਿਕਾਂ ਨੂੰ ਸਾੜ ਦਿੰਦੇ ਹਨ। ਇਸ ਨਾਲ ਜੰਗਲ ਦੀ ਅੱਗ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸ ਦੇ ਨਾਲ ਹੀ, ਜਦੋਂ ਇੱਕ ਵਾਰ ਜੰਗਲ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਉੱਥੇ ਵਗਣ ਵਾਲੀ ਖੁੱਲ੍ਹੀ ਹਵਾ ਇਸ ਨੂੰ ਹੋਰ ਵਧਾ ਦਿੰਦੀ ਹੈ। ਤੇਜ਼ ਹਵਾ ਹੋਵੇ ਤਾਂ ਅੱਗ ਬੜੀ ਤੇਜ਼ੀ ਨਾਲ ਜੰਗਲ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ।

ਕਈ ਵਾਰ ਜੰਗਲ ਦੀ ਅੱਗ ਲਈ ਜੰਗਲ ਵੀ ਜ਼ਿੰਮੇਵਾਰ ਹੁੰਦਾ ਹੈ। ਅਸਲ ਵਿੱਚ ਜਦੋਂ ਗਰਮੀ ਆਪਣੇ ਸਿਖਰ 'ਤੇ ਹੁੰਦੀ ਹੈ ਤਾਂ ਰੁੱਖਾਂ ਦੀਆਂ ਟਾਹਣੀਆਂ ਸੁੱਕ ਜਾਂਦੀਆਂ ਹਨ। ਇਹ ਸੁੱਕੀਆਂ ਟਹਿਣੀਆਂ ਆਸਾਨੀ ਨਾਲ ਅੱਗ ਫੜ ਲੈਂਦੀਆਂ ਹਨ। ਢਲਾਣ ਵਾਲੇ ਜੰਗਲਾਂ ਵਿੱਚ ਅੱਗ ਜ਼ਿਆਦਾ ਤੇਜ਼ੀ ਨਾਲ ਫੈਲਦੀ ਹੈ। ਅਸਲ ਵਿੱਚ ਅਜਿਹੇ ਜੰਗਲਾਂ ਵਿੱਚ ਅੱਗ ਪਹਿਲਾਂ ਸੁੱਕੇ ਘਾਹ ਵਿੱਚ ਫੈਲਦੀ ਹੈ ਅਤੇ ਫਿਰ ਰੁੱਖਾਂ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ। ਜੇਕਰ ਜੰਗਲ 'ਚ ਸੁੱਕਾ ਬਾਲਣ ਬਹੁਤ ਜ਼ਿਆਦਾ ਹੋ ਜਾਵੇ ਤਾਂ ਅੱਗ 'ਤੇ ਕਾਬੂ ਪਾਉਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

ਤੇਜ਼ੀ ਨਾਲ ਬਦਲਦਾ ਮੌਸਮ ਜੰਗਲਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ ਵਿੱਚ ਵਾਧਾ ਕਰਨ ਲਈ ਕਾਫੀ ਹੱਦ ਤੱਕ ਜ਼ਿੰਮੇਵਾਰ ਹੈ।

(ਬਾਕੀ ਸਫ਼ਾ 30 'ਤੇ)



## ਅਮਰੀਕਾ ਦੇ ਜੰਗਲਾਂ ਨੂੰ ਲੱਗੀ ਭਿਆਨਕ ਅੱਗ

### 50 ਹਜ਼ਾਰ ਏਕੜ ਤੋਂ ਵੱਧ ਰਕਬੇ ਨੂੰ ਲਿਆ ਲਪੇਟ ਵਿੱਚ

ਲਾਸ ਏਂਜਲਸ/ਏ.ਟੀ.ਨਿਊਜ਼: ਅਮਰੀਕਾ ਦੇ ਕੈਲੀਫ਼ੋਰਨੀਆ ਦੇ ਜੰਗਲਾਂ ਵਿੱਚ ਲੱਗੀ ਭਿਆਨਕ ਅੱਗ ਨੇ ਇੱਕ ਰਾਤ ਵਿੱਚ 50 ਹਜ਼ਾਰ ਏਕੜ ਤੋਂ ਵੱਧ ਰਕਬੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ, ਜਿਸ ਕਾਰਨ ਜੰਗਲ ਦੇ ਨੇੜੇ ਰਹਿਣ ਵਾਲੇ ਲੋਕਾਂ ਨੂੰ ਇਲਾਕਾ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਮਜਬੂਰ ਹੋਣਾ ਪਿਆ। ਨਾਲ ਹੀ ਹਾਈਵੇਅ ਨੂੰ ਅੰਸ਼ਕ ਤੌਰ 'ਤੇ ਬੰਦ ਕਰ ਦਿੱਤਾ ਗਿਆ।

ਕੈਲੀਫ਼ੋਰਨੀਆ ਦੇ ਜੰਗਲਾਤ ਅਤੇ ਅੱਗ ਸੁਰੱਖਿਆ ਵਿਭਾਗ (ਕੈਲ ਫਾਇਰ) ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ ਪਿਛਲੇ ਦਿਨੀਂ ਦੁਪਹਿਰ ਨੂੰ ਸੈਨ ਲੁਈਸ ਓਬਿਸਪੋ ਕਾਉਂਟੀ ਵਿੱਚ ਲੱਗੀ ਅੱਗ ਅਗਲੇ ਦਿਨ ਸ਼ਾਮ ਤੱਕ 52,593 ਏਕੜ (212.8 ਵਰਗ ਕਿਲੋਮੀਟਰ) ਤੱਕ ਫੈਲ ਗਈ ਸੀ, ਜਿਸ ਵਿੱਚੋਂ ਸਿਰਫ ਪੰਜ ਪ੍ਰਤੀਸ਼ਤ ਖੇਤਰ ਨੂੰ ਬਚਾਇਆ ਜਾ ਸਕਿਆ।

ਮੌਜੂਦਾ ਸਥਿਤੀ ਦਾ ਹਵਾਲਾ ਦਿੰਦੇ ਹੋਏ ਕੈਲ ਫਾਇਰ ਨੇ ਕਿਹਾ, 'ਅੱਗ ਰਾਤ ਭਰ ਤੇਜ਼ੀ ਨਾਲ ਫੈਲਦੀ ਰਹੀ, ਜਿਸ ਵਿੱਚ ਸਭ ਤੋਂ ਵੱਧ ਫੈਲਾਅ ਖੁੱਲ੍ਹੇ ਰਿਜ ਟਾਪਾਂ ਅਤੇ ਅਲਾਈਨਮੈਂਟ ਵਿੱਚ ਡਰੇਨੇਜ 'ਤੇ ਦੇਖਿਆ ਗਿਆ।' ਇਹ ਅੱਗ ਇਸ ਸਾਲ ਕੈਲੀਫੋਰਨੀਆ ਵਿੱਚ ਹੁਣ ਤੱਕ ਦੀ ਸਭ ਤੋਂ ਭਿਆਨਕ ਅੱਗ ਹੈ। ਕਾਉਂਟੀ ਵਿੱਚ ਹਾਈਵੇਅ 166 ਦੇ ਨੇੜੇ ਖਾਲੀ ਕਰਵਾਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ ਅਤੇ ਹਾਈਵੇਅ ਦੇ ਇੱਕ ਹਿੱਸੇ ਨੂੰ ਬੰਦ ਕਰ ਦਿੱਤਾ ਗਿਆ ਹੈ। ਜੰਗਲ ਦੀ ਅੱਗ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ।

## ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਅਦਾਲਤ ਨੇ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ

ਮੋਹਾਲੀ/ਏ.ਟੀ.ਨਿਊਜ਼: ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪਿਛਲੇ ਦਿਨੀਂ ਮੋਹਾਲੀ ਅਦਾਲਤ ਵਿਚ ਪੇਸ਼ੀ ਭੁਗਤੀ। ਮੋਹਾਲੀ ਅਦਾਲਤ ਵੱਲੋਂ ਬਿਕਰਮ ਮਜੀਠੀਆ ਨੂੰ ਜੁਡੀਸ਼ੀਅਲ ਰਿਮਾਂਡ 'ਤੇ ਭੇਜਿਆ ਗਿਆ ਹੈ। ਅਦਾਲਤ ਨੇ ਅਕਾਲੀ ਆਗੂ ਦਾ 14 ਦਿਨਾ ਰਿਮਾਂਡ ਦੇ ਦਿੱਤਾ ਹੈ। ਮਜੀਠੀਆ ਨੂੰ ਨਿਊ ਨਾਭਾ ਜੇਲ੍ਹ ਭੇਜਿਆ ਗਿਆ ਹੈ। ਵਿਜੀਲੈਂਸ ਬਿਊਰੋ ਨੇ ਮਜੀਠੀਆ ਨੂੰ 25 ਜੂਨ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਤਹਿਤ ਇੱਕ ਮਾਮਲੇ ਵਿੱਚ ਉਨ੍ਹਾਂ ਦੇ ਅੰਮ੍ਰਿਤਸਰ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਨੂੰ ਅਗਲੇ ਦਿਨ ਮੋਹਾਲੀ ਲਿਆਂਦਾ ਗਿਆ ਸੀ। ਅਦਾਲਤ ਨੇ ਪਹਿਲਾਂ ਉਨ੍ਹਾਂ ਨੂੰ ਸੱਤ ਦਿਨਾਂ ਦੇ ਰਿਮਾਂਡ 'ਤੇ ਭੇਜਿਆ ਸੀ, ਜਿਸ ਨੂੰ ਫਿਰ ਚਾਰ ਦਿਨ ਵਧਾ ਦਿੱਤਾ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਮਜੀਠੀਆ ਨੂੰ ਸ਼ਨਿਚਰਵਾਰ ਨੂੰ ਸਰਾਇਆ ਇੰਡਸਟਰੀਜ਼ ਨਾਲ ਸਬੰਧਤ ਸਬੂਤ ਇਕੱਠੇ ਕਰਨ ਲਈ ਗੋਰਖਪੁਰ, ਉੱਤਰ ਪ੍ਰਦੇਸ਼ ਲਿਜਾਇਆ ਗਿਆ ਸੀ। ਪੁਲਿਸ ਨੇ ਐਤਵਾਰ ਹੋਣ ਦੇ ਬਾਵਜੂਦ ਭਾਰੀ ਪੁਲਿਸ ਬਲ ਤਾਇਨਾਤ ਕੀਤੇ ਤੇ ਸਵੇਰ ਤੋਂ ਹੀ ਅਦਾਲਤੀ ਕੰਪਲੈਕਸ ਵਿੱਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ।



ਪੁਲਿਸ ਨੇ ਸਵੇਰੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਕਈ ਪ੍ਰਮੁੱਖ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਮੋਹਾਲੀ ਵੱਲ ਆਉਣ ਤੋਂ ਰੋਕਣ ਲਈ ਹਿਰਾਸਤ ਵਿੱਚ ਵੀ ਲਿਆ। ਇਸ ਤੋਂ ਪਹਿਲਾਂ ਪੁਲਿਸ ਨੇ ਅਕਾਲੀ ਆਗੂ ਦਲਜੀਤ ਸਿੰਘ ਚੀਮਾ ਨੂੰ ਅਦਾਲਤ ਵਿੱਚ ਜਾਣ ਤੋਂ ਰੋਕ ਦਿੱਤਾ। ਇਸ ਮੌਕੇ ਬਿਕਰਮ ਮਜੀਠੀਆ ਦੀ ਪਤਨੀ ਤੇ ਵਿਧਾਇਕਾ ਗਨੀਵ ਕੌਰ ਮਜੀਠੀਆ ਵੀ ਅਦਾਲਤ ਵਿੱਚ ਮੌਜੂਦ ਰਹੇ। ਦੱਸਣਾ ਬਣਦਾ ਹੈ ਕਿ ਪਿਛਲੀ ਪੇਸ਼ੀ ਦੌਰਾਨ ਵੀ ਅਦਾਲਤ ਦੀ ਮਨਜ਼ੂਰੀ ਨਾਲ ਉਹ ਅਦਾਲਤ ਵਿੱਚ ਮੌਜੂਦ ਰਹੇ ਸਨ।

## ਬੀਬੀ ਖਾਲੜਾ ਨਹੀਂ ਲੜਨਗੇ ਤਰਨਤਾਰਨ ਜ਼ਿਮਨੀ ਚੋਣ

ਤਰਨਤਾਰਨ/ਏ.ਟੀ.ਨਿਊਜ਼ ਬੀਬੀ ਪਰਮਜੀਤ ਕੌਰ ਖਾਲੜਾ ਤਰਨਤਾਰਨ ਜ਼ਿਮਨੀ ਚੋਣ ਨਹੀਂ ਲੜਨਗੇ। ਇਹ ਜਾਣਕਾਰੀ ਉਨ੍ਹਾਂ ਨੇ ਟਵੀਟ ਕਰਕੇ ਦਿੱਤੀ ਹੈ। ਇੱਕ ਮਹੱਤਵਪੂਰਨ ਮੀਟਿੰਗ ਤੋਂ ਬਾਅਦ, ਖਾਲੜਾ ਮਿਸ਼ਨ ਨੇ ਐਲਾਨ ਕੀਤਾ ਕਿ ਬੀਬੀ ਪਰਮਜੀਤ ਕੌਰ ਖਾਲੜਾ ਤਰਨਤਾਰਨ ਵਿਧਾਨ ਸਭਾ ਸੀਟ ਸਮੇਤ ਕੋਈ ਵੀ ਚੋਣ ਨਹੀਂ ਲੜੇਗੀ।



ਖਾਲੜਾ ਮਿਸ਼ਨ ਆਰਗੇਨਾਈਜੇਸ਼ਨ ਦੀ ਮੀਟਿੰਗ ਤੋਂ ਬਾਅਦ ਇਹ ਫੈਸਲਾ ਲਿਆ ਗਿਆ। ਉਨ੍ਹਾਂ ਸਪੱਸ਼ਟ ਕੀਤਾ ਕਿ ਖਡੂਰ ਸਾਹਿਬ ਤੋਂ ਪਿਛਲੀ ਚੋਣ ਰਾਜਨੀਤਿਕ ਇੱਛਾ ਨਹੀਂ ਸੀ, ਸਗੋਂ ਬੇਇਨਸਾਫ਼ੀ ਵਿਰੁੱਧ ਸਟੈਂਡ ਸੀ, ਜਿਸ ਨੂੰ ਸਿੱਖ ਭਾਈਚਾਰੇ ਨੇ ਜ਼ਬਰਦਸਤ ਸਮਰਥਨ ਦਿੱਤਾ।

ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਚੋਣ ਲੜਨਾ ਉਨ੍ਹਾਂ ਦਾ ਕੰਮ ਨਹੀਂ, ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਉਨ੍ਹਾਂ ਨੇ ਚੋਣ ਲੜਨ ਦਾ ਫੈਸਲਾ ਲਿਆ ਸੀ।

## ਸਿੱਖ ਸ਼ਹੀਦੀਆਂ ਦਾ ਕੋਰਸ: ਦਿੱਲੀ ਯੂਨੀਵਰਸਿਟੀ ਦਾ ਨਵਾਂ ਫ਼ੈਸਲਾ

### ਸਿੱਖ ਲਹਿਰ: ਜ਼ੁਲਮ ਖ਼ਿਲਾਫ਼ ਲੜਾਈ, ਨਾ ਕਿ ਮੁਗ਼ਲ ਜਾਂ ਇਸਲਾਮ ਵਿਰੁੱਧ

ਦਿੱਲੀ ਯੂਨੀਵਰਸਿਟੀ ਨੇ 'ਭਾਰਤੀ ਇਤਿਹਾਸ ਵਿੱਚ ਸਿੱਖ ਸ਼ਹਾਦਤ (1500-1765)' ਨਾਂਅ ਦਾ ਕੋਰਸ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜੋ ਅੰਡਰ-ਗ੍ਰੈਜੂਏਟ ਵਿਦਿਆਰਥੀਆਂ ਲਈ 4 ਕ੍ਰੈਡਿਟ ਦਾ ਚੋਣਵਾਂ ਕੋਰਸ ਹੋਵੇਗਾ। ਇਸ ਕੋਰਸ ਦਾ ਮਕਸਦ ਸਿੱਖ ਧਰਮ ਦੇ ਵਿਕਾਸ, ਸ਼ਹੀਦੀਆਂ ਅਤੇ ਜ਼ੁਲਮਾਂ ਵਿਰੁੱਧ ਸਿੱਖ ਲਹਿਰ ਦੀ ਲੜਾਈ ਨੂੰ ਸਮਝਾਉਣਾ ਹੈ। ਇਸ ਵਿੱਚ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਚਾਰ ਸਾਹਿਬਜ਼ਾਦੇ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ, ਮਾਈ ਭਾਗੋ ਅਤੇ ਸ੍ਰੀ ਦਰਬਾਰ ਸਾਹਿਬ ਵਰਗੇ ਸਥਾਨਾਂ ਦੀ ਮਹੱਤਤਾ ਨੂੰ ਪੜ੍ਹਾਇਆ ਜਾਵੇਗਾ। ਪਰ ਸਵਾਲ ਇਹ ਹੈ ਕਿ ਕੀ ਸਿਰਫ਼ ਸ਼ਹੀਦੀਆਂ 'ਤੇ ਕੇਂਦਰਿਤ ਇਤਿਹਾਸ ਹੀ ਪੜ੍ਹਾਉਣਾ ਕਾਫ਼ੀ ਹੈ, ਜਾਂ ਸਿੱਖ ਧਰਮ ਦੀ ਪੂਰੀ ਵਿਚਾਰਧਾਰਾ ਨੂੰ ਸਮਝਾਉਣ ਦੀ ਲੋੜ ਹੈ?

**ਸਿੱਖ ਲਹਿਰ: ਮੁਗ਼ਲ ਵਿਰੋਧੀ ਜਾਂ ਨਿਆਂ ਪੱਖੀ?**

ਇਤਿਹਾਸਕਾਰ ਸੁਖਦਿਆਲ ਸਿੰਘ ਅਤੇ ਗੁਰਤੇਜ ਸਿੰਘ ਆਈ.ਏ.ਐਸ. ਮੁਤਾਬਕ, ਸਿੱਖ ਲਹਿਰ ਮੁਗ਼ਲਾਂ ਜਾਂ ਇਸਲਾਮ ਦੇ ਵਿਰੁੱਧ ਨਹੀਂ ਸੀ, ਸਗੋਂ ਜ਼ੁਲਮ ਅਤੇ ਅਨਿਆਂ ਦੇ ਖ਼ਿਲਾਫ਼ ਸੀ। ਸਿੱਖ ਧਰਮ ਦੀ ਸਥਾਪਨਾ ਨਿਆਂ, ਸਮਾਨਤਾ, ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ 'ਤੇ ਹੋਈ। ਮੁਗ਼ਲ ਬਾਦਸ਼ਾਹ ਜਹਾਂਗੀਰ ਅਤੇ ਔਰੰਗਜ਼ੇਬ ਦੇ ਜ਼ੁਲਮਾਂ ਨੇ, ਜਿਵੇਂ ਗੁਰੂ ਅਰਜਨ ਦੇਵ (1606) ਅਤੇ ਗੁਰੂ ਤੇਗ ਬਹਾਦਰ (1675) ਦੀ ਸ਼ਹਾਦਤ, ਨੇ ਸਿੱਖਾਂ ਨੂੰ ਸੱਤਾ ਦੇ ਵਿਰੁੱਧ ਖੜ੍ਹੇ ਹੋਣ ਲਈ ਮਜਬੂਰ ਕੀਤਾ। ਗੁਰੂ ਗੋਬਿੰਦ ਸਿੰਘ ਦਾ 'ਜ਼ਫਰਨਾਮਾ' ਵੀ ਔਰੰਗਜ਼ੇਬ ਦੇ ਜ਼ੁਲਮਾਂ ਦਾ ਜਵਾਬ ਸੀ, ਨਾ ਕਿ ਇਸਲਾਮ ਦਾ ਵਿਰੋਧ। ਸਿੱਖ ਲਹਿਰ ਨੇ ਹਮੇਸ਼ਾ ਮਨੁੱਖਤਾ ਅਤੇ ਨਿਆਂ ਦੀ ਗੱਲ ਕੀਤੀ, ਨਾ ਕਿ ਕਿਸੇ ਧਰਮ ਦੇ ਵਿਰੁੱਧ ਜੰਗ ਲੜੀ।

**ਸਿੱਖ ਲਹਿਰ: ਹਿੰਦੂ ਭਾਈਚਾਰੇ ਦਾ ਹੋਮ ਗਾਰਡ?**

ਇਤਿਹਾਸਕਾਰ ਗੁਰਦਰਸ਼ਨ ਢਿੱਲੋਂ ਦੱਸਦੇ ਹਨ ਕਿ ਸਿੱਖ ਲਹਿਰ ਨੂੰ ਹਿੰਦੂ ਭਾਈਚਾਰੇ ਦੇ 'ਹੋਮ ਗਾਰਡ' ਵਜੋਂ ਦਰਸਾਉਣਾ ਗਲਤ ਹੈ।

(ਬਾਕੀ ਸਫ਼ਾ 30 'ਤੇ)

# ਕੇਜਰੀਵਾਲ ਦੀ ਪੰਜਾਬ ਸਰਕਾਰ 'ਤੇ ਪਕੜ ਮਜ਼ਬੂਤ, ਮਾਨ ਦੀ ਸਿਆਸੀ ਹੋਂਦ 'ਤੇ ਸਵਾਲ ਖੜ੍ਹੇ ਹੋਏ

## ਕੁਲਦੀਪ ਧਾਲੀਵਾਲ ਦੀ ਮੰਤਰੀ ਅਹੁਦੇ ਤੋਂ ਛੁੱਟੀ, ਸੰਜੀਵ ਅਰੋੜਾ ਨੂੰ ਮਿਲੀ ਵੱਡੀ ਜ਼ਿੰਮੇਵਾਰੀ

## ਕਿਸਾਨਾਂ ਦਾ ਲੈਂਡ ਪੂਲਿੰਗ ਨੀਤੀ ਵਿਰੁੱਧ ਵਿਰੋਧ, ਸੁਪਰੀਮ ਕੋਰਟ ਜਾਣ ਦਾ ਐਲਾਨ



ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਵਿੱਚ ਹਾਲ ਹੀ ਵਿੱਚ ਹੋਏ ਕੈਬਨਿਟ ਫੇਰਬਦਲ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ। ਇਸ ਫੇਰਬਦਲ ਨੂੰ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀਆਂ ਸਿੱਧੀਆਂ ਹਦਾਇਤਾਂ 'ਤੇ ਕੀਤਾ ਗਿਆ ਮੰਨਿਆ ਜਾ ਰਿਹਾ ਹੈ, ਜਿਸ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਲੀਡਰਸ਼ਿਪ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਪੰਜਾਬ ਦੀ ਸਿਆਸਤ ਵਿੱਚ ਆਪਣਾ ਦਬਦਬਾ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਮਾਨ ਦੇ ਨਜ਼ਦੀਕੀ ਸਮਝੇ ਜਾਣ ਵਾਲੇ ਨੇਤਾਵਾਂ ਦਾ ਪ੍ਰਭਾਵ ਘਟਦਾ ਜਾ ਰਿਹਾ ਹੈ। ਇਸ ਫੇਰਬਦਲ ਵਿੱਚ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੂੰ ਮੰਤਰੀ ਅਹੁਦੇ ਤੋਂ ਹਟਾ ਦਿੱਤਾ ਗਿਆ, ਜਦਕਿ ਲੁਧਿਆਣਾ ਪੱਛਮੀ ਦੇ ਨਵੇਂ ਵਿਧਾਇਕ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਦੀ ਜ਼ਿੰਮੇਵਾਰੀ ਸੌਂਪੀ ਗਈ। ਸੰਜੀਵ ਅਰੋੜਾ ਨੂੰ ਪਰਵਾਸੀ ਭਾਰਤੀ ਮਾਮਲਿਆਂ ਅਤੇ ਉਦਯੋਗ ਮਹਿਕਮੇ ਦਾ ਮੰਤਰੀ ਬਣਾਇਆ ਗਿਆ, ਜਿਸ ਦੀ ਸਹੁੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਚੁਕਵਾਈ ਸੀ। ਇਹ ਤਬਦੀਲੀ ਸਿੱਧੇ ਤੌਰ 'ਤੇ ਕੇਜਰੀਵਾਲ ਦੀ ਰਣਨੀਤੀ ਦਾ ਹਿੱਸਾ ਮੰਨੀ ਜਾ ਰਹੀ ਹੈ, ਜਿਸ ਨਾਲ ਪੰਜਾਬ ਦੀ ਸਿਆਸਤ ਵਿੱਚ ਉਨ੍ਹਾਂ ਦੀ ਪਕੜ ਮਜ਼ਬੂਤ ਹੋਈ ਹੈ। ਕੁਲਦੀਪ ਧਾਲੀਵਾਲ ਨੂੰ ਮੰਤਰੀ ਅਹੁਦੇ ਤੋਂ ਹਟਾਕੇ ਵਿਧਾਇਕ ਸੰਜੀਵ ਅਰੋੜਾ ਨੂੰ ਜ਼ਿੰਮੇਵਾਰੀ ਕਿਉਂ ਸੌਂਪੀ ?

ਕੈਬਨਿਟ ਫੇਰਬਦਲ ਵਿੱਚ ਕੁਲਦੀਪ ਸਿੰਘ ਧਾਲੀਵਾਲ, ਜੋ ਸਾਢੇ ਤਿੰਨ ਸਾਲ ਤੋਂ ਮੰਤਰੀ ਸਨ, ਨੂੰ ਹਟਾ ਕੇ ਸੰਜੀਵ ਅਰੋੜਾ ਨੂੰ ਸ਼ਾਮਲ ਕੀਤਾ ਗਿਆ। ਸੂਤਰਾਂ ਅਨੁਸਾਰ, ਕੇਜਰੀਵਾਲ ਨੇ ਧਾਲੀਵਾਲ ਨੂੰ ਆਪਣੀ ਦਿੱਲੀ ਸਥਿਤ ਰਿਹਾਇਸ਼ 'ਤੇ ਸੱਦ ਕੇ ਅਸਤੀਫਾ ਦੇਣ ਲਈ ਕਿਹਾ ਸੀ, ਜਿਸ ਨੂੰ ਧਾਲੀਵਾਲ ਨੇ ਤੁਰੰਤ ਮੰਨ ਲਿਆ। ਧਾਲੀਵਾਲ ਦੇ ਪਰਵਾਸੀ ਭਾਰਤੀ ਮਹਿਕਮੇ ਦੀ ਜ਼ਿੰਮੇਵਾਰੀ ਹੁਣ ਅਰੋੜਾ ਨੂੰ ਸੌਂਪੀ ਗਈ ਹੈ। ਧਾਲੀਵਾਲ, ਜੋ ਭਗਵੰਤ ਮਾਨ ਦੇ ਨਜ਼ਦੀਕੀ ਸਮਝੇ ਜਾਂਦੇ ਸਨ, ਨੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਕਿਹਾ, ਮੈਂ ਆਮ ਆਦਮੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਹਾਂ। ਮੈਂ ਮੰਤਰੀ ਬਣਨ ਨਹੀਂ, ਪੰਜਾਬ ਦੇ ਲੋਕਾਂ ਲਈ ਕੰਮ ਕਰਨ ਆਇਆ ਹਾਂ। ਉਨ੍ਹਾਂ ਨੇ ਕੇਜਰੀਵਾਲ ਦੇ ਕਹਿਣ 'ਤੇ ਅਮਰੀਕਾ ਦੀ ਨਾਗਰਿਕਤਾ ਛੱਡਣ ਦੀ ਗੱਲ ਵੀ ਦੁਹਰਾਈ ਅਤੇ ਮਾਨ ਨਾਲ ਆਪਣੀ 1992 ਤੋਂ ਚੱਲੀ ਆ ਰਹੀ ਦੋਸਤੀ 'ਤੇ ਜ਼ੋਰ ਦਿੱਤਾ।

ਇਸ ਦੌਰਾਨ, ਸੰਜੀਵ ਅਰੋੜਾ ਦੀ ਨਿਯੁਕਤੀ ਨੂੰ ਕੇਜਰੀਵਾਲ ਦੀ ਉਸ ਰਣਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ, ਜਿਸ ਵਿੱਚ ਉਹ ਪੰਜਾਬ ਵਿੱਚ ਨਵੇਂ ਅਤੇ ਵਫ਼ਾਦਾਰ ਚਿਹਰਿਆਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ।

ਕੀ ਕਿਸਾਨਾਂ ਦਾ ਵਿਰੋਧ 'ਆਪ' ਦਾ ਨੁਕਸਾਨ ਕਰੇਗਾ ?

ਆਮ ਆਦਮੀ ਪਾਰਟੀ ਦੀ ਲੈਂਡ ਪੂਲਿੰਗ ਨੀਤੀ ਨੇ ਪੰਜਾਬ ਦੇ ਕਿਸਾਨਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਜਲੰਧਰ ਦੇ ਛਾਉਣੀ ਖੇਤਰ ਦੇ ਕੁੱਕੜ ਪਿੰਡ ਵਿੱਚ ਕਿਸਾਨਾਂ ਨੇ ਇਸ ਨੀਤੀ ਦੇ ਵਿਰੋਧ ਵਿੱਚ ਮੀਟਿੰਗ ਕੀਤੀ ਅਤੇ ਸੁਪਰੀਮ ਕੋਰਟ ਵਿੱਚ ਜਾਣ ਦਾ ਐਲਾਨ ਕੀਤਾ ਹੈ। ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਪਰਗਟ ਸਿੰਘ ਅਤੇ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਕਿਸਾਨਾਂ ਦੇ ਸਮਰਥਨ ਵਿੱਚ ਇਸ ਨੀਤੀ ਨੂੰ ਪੰਜਾਬ ਦੀ 50 ਹਜ਼ਾਰ ਏਕੜ ਜ਼ਮੀਨ ਨੂੰ ਕਾਰਪੋਰੇਟ ਘਰਾਨਿਆਂ ਨੂੰ ਵੇਚਣ ਦੀ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਨੇ ਆਪ ਸਰਕਾਰ 'ਤੇ ਭਾਜਪਾ ਦੀ 'ਬੀ ਟੀਮ' ਹੋਣ ਦਾ ਦੋਸ਼ ਵੀ ਲਗਾਇਆ। ਕਿਸਾਨਾਂ ਨੇ ਸਪੱਸ਼ਟ ਕੀਤਾ ਕਿ ਉਹ ਆਪਣੀ ਜ਼ਮੀਨ ਬਚਾਉਣ ਲਈ ਸੜਕਾਂ 'ਤੇ ਉਤਰਨਗੇ ਅਤੇ ਕਾਨੂੰਨੀ ਲੜਾਈ ਲੜਨਗੇ। ਪਰਗਟ ਸਿੰਘ ਨੇ ਕਿਹਾ ਕਿ ਇਸ ਨੀਤੀ ਦਾ ਨੋਟੀਫਿਕੇਸ਼ਨ ਗਲਤ ਹੈ ਅਤੇ ਵਾਤਾਵਰਣ ਅਸੈਸਮੈਂਟ ਵਰਗੇ ਮਾਪਦੰਡਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਜਲੰਧਰ, ਲੁਧਿਆਣਾ, ਮੋਹਾਲੀ, ਪਟਿਆਲਾ ਸਮੇਤ ਕਈ ਜ਼ਿਲ੍ਹਿਆਂ ਵਿੱਚ ਹਜ਼ਾਰਾਂ ਏਕੜ ਜ਼ਮੀਨ ਨੂੰ ਨੀਤੀ ਅਧੀਨ ਲੈਣ ਦੀ ਤਿਆਰੀ ਨੇ ਕਿਸਾਨਾਂ ਦੇ ਰੋਸ ਨੂੰ ਹੋਰ ਵਧਾ ਦਿੱਤਾ ਹੈ। ਇਸ ਵਿਰੋਧ ਨੇ ਆਪ ਦੀ ਸਰਕਾਰ ਲਈ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ, ਜੋ 2027 ਦੀਆਂ ਚੋਣਾਂ ਵਿੱਚ ਪਾਰਟੀ ਦੀ ਸਥਿਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਖ਼ੁਫ਼ੀਆ ਵਿਭਾਗ ਰਾਹੀਂ ਲੈ ਰਹੀ ਹਾਈਕਮਾਨ 'ਆਪ' ਆਗੂਆਂ ਦੀ ਫੀਡਬੈਕ


### 20 ਤੋਂ ਵੱਧ ਵਿਧਾਇਕਾਂ ਦੀਆਂ ਟਿਕਟਾਂ 2027 ਵਿੱਚ ਕੱਟੀਆਂ ਜਾ ਸਕਦੀਆਂ ਹਨ

ਆਮ ਆਦਮੀ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਵਿੱਚ ਜੁਟੀ ਹੋਈ ਹੈ। ਪਾਰਟੀ ਨੇ ਹੇਠਲੇ ਪੱਧਰ 'ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਿਆਪਕ ਰਣਨੀਤੀ ਅਪਣਾਈ ਹੈ। ਸੂਤਰਾਂ ਅਨੁਸਾਰ, ਪਾਰਟੀ ਆਗੂਆਂ ਅਤੇ ਵਰਕਰਾਂ ਤੋਂ ਇਲਾਵਾ ਖ਼ੁਫ਼ੀਆ ਵਿਭਾਗ ਅਤੇ ਸਰਕਾਰੀ ਤੰਤਰ ਰਾਹੀਂ ਆਗੂਆਂ ਦੀ ਕਾਰਗੁਜ਼ਾਰੀ ਅਤੇ ਜਨਤਕ ਪ੍ਰਭਾਵ ਦੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਆਦਮਪੁਰ, ਰਾਜਾਸਾਂਸੀ, ਫਗਵਾੜਾ, ਕਪੂਰਥਲਾ ਅਤੇ ਬਠਿੰਡਾ ਦਿਹਾਤੀ ਸਮੇਤ ਕਈ ਵਿਧਾਨ ਸਭਾ ਹਲਕਿਆਂ ਵਿੱਚ ਹਲਕਾ ਇੰਚਾਰਜ਼ ਅਤੇ ਸੰਗਠਨ ਇੰਚਾਰਜ਼ ਨਿਯੁਕਤ ਕੀਤੇ ਗਏ ਹਨ। ਪਾਰਟੀ ਦਾ ਜ਼ੋਰ ਉਨ੍ਹਾਂ ਆਗੂਆਂ 'ਤੇ ਹੈ, ਜਿਨ੍ਹਾਂ ਦਾ ਇਲਾਕੇ ਵਿੱਚ ਚੰਗਾ ਅਧਾਰ ਅਤੇ ਸਿਆਸੀ ਪਕੜ ਹੈ। ਨਾਲ ਹੀ, ਪੁਰਾਣੇ ਅਤੇ ਰੁੱਸੇ ਹੋਏ ਆਗੂਆਂ ਨੂੰ ਮਨਾਉਣ ਦੀ ਕੋਸ਼ਿਸ਼ ਵੀ ਜਾਰੀ ਹਨ। ਪੰਜਾਬ ਦੀ ਜਥੇਬੰਦਕ ਜ਼ਿੰਮੇਵਾਰੀ ਹੁਣ ਮੁਨੀਸ਼ ਸਿਸੋਦੀਆ ਅਤੇ ਅਮਨ ਅਰੋੜਾ ਦੇ ਹੱਥਾਂ ਵਿੱਚ ਹੈ, ਜੋ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੇਠਲੇ ਪੱਧਰ 'ਤੇ ਕੰਮ ਕਰ ਰਹੇ ਹਨ। ਸੂਤਰਾਂ ਮੁਤਾਬਕ, 20 ਤੋਂ ਵੱਧ ਵਿਧਾਇਕਾਂ ਦੀਆਂ ਟਿਕਟਾਂ 2027 ਵਿੱਚ ਕੱਟੀਆਂ ਜਾ ਸਕਦੀਆਂ ਹਨ, ਜੋ ਪਾਰਟੀ ਦੀ ਸਖ਼ਤ ਰਣਨੀਤੀ ਨੂੰ ਦਰਸਾਉਂਦਾ ਹੈ।

ਕੀ ਭਗਵੰਤ ਮਾਨ ਜਾਂ ਹੋਰ ਪੰਜਾਬੀ ਲੀਡਰਸ਼ਿਪ ਕੇਜਰੀਵਾਲ ਵਿਰੁੱਧ ਬਗਾਵਤ ਕਰੇਗੀ ?

ਕੇਜਰੀਵਾਲ ਦੀ ਪੰਜਾਬ ਸਰਕਾਰ ਦੇ ਫੈਸਲਿਆਂ ਵਿੱਚ ਵਧਦੀ ਦਖਲਅੰਦਾਜ਼ੀ ਨੇ ਸੂਬੇ ਦੀ ਸਿਆਸਤ ਵਿੱਚ ਤਣਾਅ ਪੈਦਾ ਕਰ ਦਿੱਤਾ ਹੈ। ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਕੇਜਰੀਵਾਲ ਦੀ ਇਹ ਰਣਨੀਤੀ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਤੰਤਰਤਾ ਨੂੰ ਸੀਮਤ ਕਰ ਰਹੀ ਹੈ। (ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਸੰਘ ਪਰਿਵਾਰ ਦੀਆਂ ਤਿੰਨ ਪਾਬੰਦੀਆਂ: ਗਾਂਧੀ ਦੀ ਹੱਤਿਆ ਤੋਂ ਬਾਬਰੀ ਮਸਜਿਦ ਢਾਹੁਣ ਤੱਕ ਦਾ ਸਫ਼ਰ

## ਪਾਬੰਦੀਆਂ ਕਦੋਂ-ਕਦੋਂ ਲੱਗੀਆਂ, ਕਦੋਂ ਕਦੋਂ ਹਟੀਆਂ ?

## ਸਿੱਖ ਇਤਿਹਾਸ ਤੇ ਸਿੱਖ ਪੰਥ ਦੇ ਨਿਰਾਲੇ ਵਜੂਦ ਵਿਰੁੱਧ ਸਾਜ਼ਿਸ਼ ਕਿਉਂ ਰਚ ਰਿਹਾ ਹੈ ਸੰਘ

### ਪਹਿਲੀ ਪਾਬੰਦੀ (1948): ਗਾਂਧੀ ਦੀ ਹੱਤਿਆ ਦਾ ਨਤੀਜਾ

ਜਦੋਂ 30 ਜਨਵਰੀ 1948 ਨੂੰ ਨਾਥੂਰਾਮ ਗੋਡਸੇ ਨੇ ਮਹਾਤਮਾ ਗਾਂਧੀ ਦੇ ਸੀਨੇ ਵਿੱਚ ਤਿੰਨ ਗੋਲੀਆਂ ਮਾਰੀਆਂ, ਤਾਂ ਸਾਰਾ ਦੇਸ਼ ਸਦਮੇ ਵਿੱਚ ਸੀ। ਗਾਂਧੀ ਜੀ, ਜਿਨ੍ਹਾਂ ਨੇ ਸਤਿਆਗ੍ਰਹਿ ਤੇ ਅਹਿੰਸਾ ਦੇ ਜ਼ੋਰ ’ਤੇ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਕਿਹਾ, ਉਹ ਇੱਕ ‘ਹਿੰਦੂ ਰਾਸ਼ਟਰਵਾਦੀ’ ਦੇ ਹੱਥੋਂ ਮਾਰੇ ਗਏ। ਗੋਡਸੇ ਸੰਘ ਦੀਆਂ ਸ਼ਾਖਾਵਾਂ ਵਿੱਚ ਸਿਖਲਾਈ ਪ੍ਰਾਪਤ ਸੀ, ਤੇ ਹਿੰਦੂ ਮਹਾਸਭਾ ਦੇ ਨੇਤਾ ਵੀਰ ਸਾਵਰਕਰ ਦਾ ਸ਼ਗਿਰਦ ਸੀ। ਸੰਘ ਦੀ ਸੋਚ ਸੀ ਕਿ ਗਾਂਧੀ ਜੀ ਦੀ ‘ਸਰਬ ਧਰਮ ਸਦਭਾਵਨਾ’ ਵਾਲੀ ਸੋਚ ਹਿੰਦੂਆਂ ਨੂੰ ਕਮਜ਼ੋਰ ਕਰਦੀ ਹੈ। ਸਰਦਾਰ ਵੱਲਭਭਾਈ ਪਟੇਲ, ਜੋ ਉਸ ਵੇਲੇ ਗ੍ਰਹਿ ਮੰਤਰੀ ਸਨ, ਨੇ ਸੰਘ ਨੂੰ ਇਸ ਹੱਤਿਆ ਦਾ ਜ਼ਿੰਮੇਵਾਰ ਨਹੀਂ ਮੰਨਿਆ, ਪਰ ਉਹਨਾਂ ਕਿਹਾ ਕਿ ਸੰਘ ਦੀਆਂ ਸ਼ਾਖਾਵਾਂ ਵਿੱਚ ਜ਼ਹਿਰੀਲੀ ਸੋਚ ਭਰੀ ਜਾਂਦੀ ਸੀ, ਜਿਸ ਨੇ ਅਜਿਹੇ ਹਾਲਾਤ ਪੈਦਾ ਕੀਤੇ। 4 ਫਰਵਰੀ 1948 ਨੂੰ ਸੰਘ ’ਤੇ ਪਹਿਲੀ ਪਾਬੰਦੀ ਲੱਗੀ। ਸਰਦਾਰ ਪਟੇਲ ਨੇ ਆਪਣੇ ਖ਼ਤ ਵਿੱਚ ਲਿਖਿਆ, ‘ਸੰਘ ਦੀਆਂ ਗੱਲਾਂ ਫਿਰਕੂ ਜ਼ਹਿਰ ਨਾਲ ਭਰੀਆਂ ਸਨ। ਗਾਂਧੀ ਜੀ ਦੀ ਮੌਤ ਮਗਰੋਂ ਸੰਘ ਦੇ ਦਫ਼ਤਰਾਂ ਵਿੱਚ ਮਿਠਾਈਆਂ ਵੰਡੀਆਂ ਗਈਆਂ।’ ਸੰਘ ਨੇ ਦਾਅਵਾ ਕੀਤਾ ਕਿ ਗੋਡਸੇ ਨੇ ਸੰਘ ਛੱਡ ਦਿੱਤਾ ਸੀ, ਪਰ ਗੋਡਸੇ ਦੇ ਭਰਾ ਗੋਪਾਲ ਗੋਡਸੇ ਨੇ ਕਿਹਾ, ਨਾਥੂਰਾਮ ਨੇ ਕਦੇ ਸੰਘ ਨਹੀਂ ਛੱਡਿਆ ਸੀ। ਇਹ ਗੱਲ ਸੰਘ ਨੂੰ ਬਚਾਉਣ ਲਈ ਕਹੀ ਗਈ ਸੀ।

### ਕਿਵੇਂ ਹਟੀ ਪਾਬੰਦੀ ?

11 ਜੁਲਾਈ 1949 ਨੂੰ ਪਾਬੰਦੀ ਹਟਾਈ ਗਈ। ਸੰਘ ਨੇ ਸਰਕਾਰ ਨੂੰ ਲਿਖਤੀ ਵਾਅਦੇ ਕੀਤੇ: ਸੰਘ ਸੰਵਿਧਾਨ ਤੇ ਤਿਰੰਗੇ ਪ੍ਰਤੀ ਵਫ਼ਾਦਾਰ ਰਹੇਗਾ। ਹਿੰਸਾ ਵਿੱਚ ਯਕੀਨ ਨਹੀਂ ਕਰੇਗਾ। ਸੰਗਠਨ ਦਾ ਸੰਵਿਧਾਨ ਜਮਹੂਰੀ ਹੋਵੇਗਾ ਤੇ ਸਰਸੰਘਚਾਲਕ ਚੁਣਿਆ ਜਾਵੇਗਾ। ਪਰ ਸੰਘ ਨੇ ਇਹ ਵਾਅਦੇ ਪੂਰੇ ਨਹੀਂ ਕੀਤੇ। ਸਰਸੰਘਚਾਲਕ ਅੱਜ ਵੀ ਨਾਮਜ਼ਦ ਹੁੰਦਾ ਹੈ, ਚੁਣਿਆ ਨਹੀਂ ਜਾਂਦਾ। ਸੰਘ ਦੇ ਮੁੱਖ ਪੱਤਰ ‘ਆਰਗਨਾਈਜ਼ਰ’ ਨੇ 1949 ਵਿੱਚ ਸੰਵਿਧਾਨ ਵਿਰੁੱਧ ਲੇਖ ਲਿਖੇ, ਤੇ ਗੋਲਵਲਕਰ ਨੇ ਤਿਰੰਗੇ ਨੂੰ ‘ਅਸ਼ੁਭ’ ਦੱਸਿਆ। 52 ਸਾਲ ਤੱਕ ਸੰਘ ਦੇ



ਹੈੱਡਕੁਆਰਟਰ ਵਿੱਚ ਤਿਰੰਗਾ ਨਹੀਂ ਲਹਿਰਾਇਆ।

### ਦੂਜੀ ਪਾਬੰਦੀ (1975):ਐਮਰਜੈਂਸੀ ਦਾ ਨਤੀਜਾ

1975 ਵਿੱਚ ਜਦੋਂ ਇੰਦਰਾ ਗਾਂਧੀ ਨੇ ਐਮਰਜੈਂਸੀ ਲਾਗੂ ਕੀਤੀ, ਤਾਂ ਸੰਘ ਤੇ ਜਮਾਤ-ਏ-ਇਸਲਾਮੀ ’ਤੇ ਫਿਰਕੂ ਭਾਵਨਾਵਾਂ ਭੜਕਾਉਣ ਦਾ ਇਲਜ਼ਾਮ ਲਗਾਇਆ। ਸੰਘ ਦੇ ਸਰਸੰਘਚਾਲਕ ਬਾਲਾਸਾਹਿਬ ਦੇਵਰਸ ਨੇ ਇੰਦਰਾ ਨੂੰ ਕਈ ਖ਼ਤ ਲਿਖੇ, ਕਿਹਾ ਕਿ ਸੰਘ ਦਾ ਐਮਰਜੈਂਸੀ ਵਿਰੋਧੀ ਅੰਦੋਲਨ ਨਾਲ ਕੋਈ ਲੈਣਾ-ਦੇਣਾ ਨਹੀਂ। ਉਹਨਾਂ ਨੇ ਸਰਕਾਰ ਦੇ 20-ਸੂਤਰੀ ਪ੍ਰੋਗਰਾਮ ਵਿੱਚ ਸਹਿਯੋਗ ਦੀ ਪੇਸ਼ਕਸ਼ ਵੀ ਕੀਤੀ। ਪਰ ਇੰਦਰਾ ਨੇ ਨਾ ਮੁਲਾਕਾਤ ਕੀਤੀ, ਨਾ ਪਾਬੰਦੀ ਹਟਾਈ।

### ਕਿਵੇਂ ਹਟੀ ?

1977 ਵਿੱਚ ਜਦੋਂ ਜਨਤਾ ਪਾਰਟੀ ਦੀ ਸਰਕਾਰ ਬਣੀ, ਤਾਂ ਪਾਬੰਦੀ ਹਟਾਈ ਗਈ। ਇਸ ਦੌਰਾਨ ਕਈ ਸੰਘੀਆਂ ਨੇ ਮੁਆਫ਼ੀ ਮੰਗ ਕੇ ਜੇਲ੍ਹਾਂ ਵਿਚੋਂ ਰਿਹਾਈ ਪ੍ਰਾਪਤ ਕੀਤੀ।

### ਤੀਜੀ ਪਾਬੰਦੀ (1992): ਬਾਬਰੀ ਮਸਜਿਦ ਨੂੰ ਢਾਹੁਣਾ

6 ਦਸੰਬਰ 1992 ਨੂੰ ਅਯੁੱਧਿਆ ਵਿੱਚ ਬਾਬਰੀ ਮਸਜਿਦ ਨੂੰ ਕਾਰ ਸੇਵਕਾਂ ਨੇ ਢਾਹ ਦਿੱਤਾ। ਉਸ ਵੇਲੇ ਯੂ.ਪੀ. ਦੇ ਮੁੱਖ ਮੰਤਰੀ ਕਲਿਆਣ ਸਿੰਘ ਸਨ, ਜੋ ਸੰਘ ਦੀਆਂ ਸ਼ਾਖ਼ਾਵਾਂ ਵਿੱਚ ਸਿਖਲਾਈ ਪ੍ਰਾਪਤ ਸਨ। ਕਲਿਆਣ ਸਿੰਘ ਨੇ ਸੁਪਰੀਮ ਕੋਰਟ ਤੇ ਕੇਂਦਰ ਸਰਕਾਰ ਨੂੰ ਭਰੋਸਾ ਦਿੱਤਾ ਸੀ ਕਿ ਮਸਜਿਦ ਦੀ ਸੁਰੱਖਿਆ ਹੋਵੇਗੀ। ਪਰ ਸਾਰੇ ਵਾਅਦੇ ਹਵਾ ਵਿੱਚ ਉੱਡ ਗਏ। ਮਸਜਿਦ ਢਾਹੀ ਗਈ, ਤੇ ਸੁਪਰੀਮ ਕੋਰਟ ਨੇ ਇਸ ਨੂੰ ਅਦਾਲਤ ਦੀ ਉਲੰਘਣਾ ਮੰਨਿਆ। ਕੇਂਦਰ ਸਰਕਾਰ ਨੇ 10 ਦਸੰਬਰ 1992 ਨੂੰ ਸੰਘ, ਵੀ.ਐਚ.ਪੀ. ਤੇ ਬਜਰੰਗ ਦਲ ’ਤੇ ਪਾਬੰਦੀ ਲਾਈ ਸੀ। 2009 ਦੇ ਲਿਬਰਹਾਨ ਕਮਿਸ਼ਨ ਨੇ ਕਲਿਆਣ ਸਿੰਘ, ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਉਮਾ ਭਾਰਤੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

### ਕਿਵੇਂ ਹਟੀ ?

ਸੰਘ ਨੇ ਟ੍ਰਿਬਿਊਨਲ ਵਿੱਚ ਪਾਬੰਦੀ ਨੂੰ ਚੁਣੌਤੀ ਦਿੱਤੀ। ਜਸਟਿਸ ਪੀ.ਕੇ. ਬਹਰੀ ਦੀ ਅਗਵਾਈ ਵਾਲੇ ਟ੍ਰਿਬਿਊਨਲ ਨੇ ਜੂਨ 1993 ਵਿੱਚ ਪਾਬੰਦੀ ਹਟਾ ਦਿੱਤੀ ਸੀ, ਕਿਹਾ ਸੀ ਕਿ ਸਰਕਾਰ ਕੋਲ ਸੰਘ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਸਬੂਤ ਨਹੀਂ ਸਨ।

### ਸੰਘ ਪਰਿਵਾਰ ਕਿਹੜੀਆਂ ਘੱਟ-ਗਿਣਤੀਆਂ ਵਿਰੁੱਧ ਹੈ ?

ਸੰਘ ਪਰਿਵਾਰ ਦੀ ਸੋਚ ‘ਹਿੰਦੂ ਰਾਸ਼ਟਰ’ ਦੇ ਆਲੇ-ਦੁਆਲੇ ਘੁੰਮਦੀ ਹੈ, ਜਿਸ ਵਿੱਚ ਹਿੰਦੂ ਸੱਭਿਆਚਾਰ ਨੂੰ ਸਰਵਉੱਚ ਮੰਨਿਆ ਜਾਂਦਾ ਹੈ। ਸੰਘ ਦੇ ਵਿਚਾਰਕ, ਜਿਵੇਂ ਗੋਲਵਲਕਰ, ਮੰਨਦੇ ਸਨ ਕਿ ਹਿੰਦੂ ਰਾਸ਼ਟਰ ਵਿੱਚ ਘੱਟ-ਗਿਣਤੀਆਂ (ਖ਼ਾਸਕਰ ਮੁਸਲਿਮ ਤੇ ਇਸਾਈ) ਨੂੰ ਦੂਜੇ ਦਰਜੇ ਦੇ ਨਾਗਰਿਕ ਵਜੋਂ ਰਹਿਣਾ ਪਵੇਗਾ। ਸੰਘ ਦੀਆਂ ਸਹਿਯੋਗੀ ਸੰਸਥਾਵਾਂ (ਜਿਵੇਂ ਵੀ.ਐਚ.ਪੀ., ਬਜਰੰਗ ਦਲ) ਮੁਸਲਿਮ-ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਵਿੱਚ ਸਰਗਰਮ ਰਹੀਆਂ ਹਨ। ਪਰ ਸੰਘ ਦੀ ਸੋਚ ਸਿਰਫ਼ ਮੁਸਲਿਮ ਜਾਂ ਇਸਾਈਆਂ ਤੱਕ ਸੀਮਤ ਨਹੀਂ। ਸਿੱਖ ਪਛਾਣ ਨੂੰ ਹਿੰਦੂ ਸਭਿਆਚਾਰ ਦਾ ਹਿੱਸਾ ਦੱਸਣ ਦੀ ਕੋਸ਼ਿਸ਼ ਵੀ ਸੰਘ ਦੀ ਸਿਆਸਤ ਦਾ ਹਿੱਸਾ ਹੈ। ਸੰਘ ਦੀਆਂ ਕਿਤਾਬਾਂ ਵਿੱਚ ਸਿੱਖ ਇਤਿਹਾਸ ਨੂੰ ‘ਹਿੰਦੂ ਇਤਿਹਾਸ’ ਦਾ ਅੰਗ ਦੱਸਿਆ ਜਾਂਦਾ ਹੈ, ਜੋ ਸਿੱਖ ਸੰਗਤ ਲਈ ਵਿਵਾਦ ਦਾ ਮੁੱਦਾ ਹੈ।

### ਸੰਘ ਪਰਿਵਾਰ ਸਿੱਖ ਇਤਿਹਾਸ ਕਿਉਂ ਬਦਲ ਰਿਹਾ ਹੈ ?

ਸੰਘ ਪਰਿਵਾਰ ਦੀ ਸੋਚ ਵਿੱਚ ‘ਏਕਤਾ’ ਦਾ ਮਤਲਬ ਹੈ ਸਾਰੇ ਧਰਮਾਂ ਨੂੰ ਹਿੰਦੂ ਸੱਭਿਆਚਾਰ ਦੇ ਅਧੀਨ ਲਿਆਉਣਾ। ਸਿੱਖ ਇਤਿਹਾਸ ਨੂੰ ‘ਹਿੰਦੂ ਇਤਿਹਾਸ’ ਦਾ ਹਿੱਸਾ ਦੱਸਣ ਦੀ ਕੋਸ਼ਿਸ਼ ਸੰਘ ਦੀ ਇਸੇ ਸੋਚ ਦਾ ਨਤੀਜਾ ਹੈ। ਸੰਘ ਮੰਨਦਾ ਹੈ ਕਿ ਸਿੱਖ ਗੁਰੂ ਸਾਹਿਬਾਨਾਂ ਨੇ ਹਿੰਦੂ ਧਰਮ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ, ਤੇ ਸਿੱਖ ਇੱਕ ਵੱਖਰਾ ਧਰਮ ਨਹੀਂ, ਸਗੋਂ ਹਿੰਦੂ ਧਰਮ ਦਾ ਹੀ ਇੱਕ ਹਿੱਸਾ ਹਨ।

ਸੰਘ ਦੀਆਂ ਸ਼ਾਖਾਵਾਂ ਵਿੱਚ ਪੜ੍ਹਾਇਆ ਜਾਂਦਾ ਹੈ ਕਿ ਸਿੱਖ ਗੁਰੂ ਹਿੰਦੂ ਸੱਭਿਆਚਾਰ ਦੇ ਰਾਖੇ ਸਨ। ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੂੰ ‘ਹਿੰਦੂ ਸੈਨਿਕ’ ਵਜੋਂ ਪੇਸ਼ ਕੀਤਾ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਬੈਰਾਗੀ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ।

ਸੰਘ ਦੀਆਂ ਸੰਸਥਾਵਾਂ, ਜਿਵੇਂ ਵੀ.ਐਚ.ਪੀ., ਨੇ ਸਿੱਖਾਂ ਦੀ ਵੱਖਰੀ ਪਛਾਣ ਨੂੰ ਚੁਣੌਤੀ ਦਿੱਤੀ ਹੈ। ਉਹ ਸਿੱਖ ਸੱਭਿਆਚਾਰ ਦੇ ਪ੍ਰਤੀਕਾਂ (ਜਿਵੇਂ ਕਿਰਪਾਨ, ਪੰਜ ਕਕਾਰ) ਨੂੰ ਹਿੰਦੂ ਰੀਤੀ-ਰਿਵਾਜਾਂ ਨਾਲ ਜੋੜਦੇ ਹਨ। ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਦੱਸਣ ਨਾਲ ਸੰਘ ਦਾ ਮਕਸਦ ਸਿੱਖਾਂ ਦੀ ਵੱਖਰੀ ਪਛਾਣ ਨੂੰ ਕਮਜ਼ੋਰ ਕਰਨਾ ਹੈ, ਤਾਂ ਜੋ ‘ਹਿੰਦੂ ਰਾਸ਼ਟਰ’ ਦੀ ਸੋਚ ਨੂੰ ਹੁਲਾਰਾ ਮਿਲੇ। ਸੰਘ ਮੰਨਦਾ ਹੈ ਕਿ ਸਿੱਖ ਗੁਰੂਆਂ ਨੇ ਮੁਗਲਾਂ ਵਿਰੁੱਧ ਲੜਾਈ ‘ਹਿੰਦੂ ਧਰਮ’ ਦੀ ਰਾਖੀ ਲਈ ਕੀਤੀ। ਉਹ ਗੁਰੂ ਨਾਨਕ ਦੇਵ ਜੀ ਦੀ ਸਰਬ ਸਾਂਝੀ ਸੋਚ ਤੇ ਵਿਲੱਖਣ ਸੋਚ ਨੂੰ ਨਜ਼ਰ-ਅੰਦਾਜ਼ ਕਰਦੇ ਹਨ।

### ਸਿੱਖ ਬੁੱਧੀਜੀਵੀ ਤੇ ਪੰਥਕ ਜਥੇਬੰਦੀਆਂ ਦਾ ਨਜ਼ਰੀਆ

ਸਿੱਖ ਬੁੱਧੀਜੀਵੀ ਤੇ ਪੰਥਕ ਜਥੇਬੰਦੀਆਂ ਸੰਘ ਪਰਿਵਾਰ ਦੀ ਸੋਚ ਨੂੰ ਸਿੱਖ ਪਛਾਣ ਲਈ ਖ਼ਤਰਾ ਮੰਨਦੀਆਂ ਹਨ।

ਸਿੱਖ ਇਤਿਹਾਸਕਾਰ ਅਤੇ ਦਾਰਸ਼ਨਿਕ ਸਰਦਾਰ ਕਪੂਰ ਸਿੰਘ ਨੇ ਸੰਘ ਪਰਿਵਾਰ ਦੀ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਦੱਸਣ ਵਾਲੀ ਸੋਚ ਦਾ ਸਖ਼ਤ ਵਿਰੋਧ ਕੀਤਾ ਸੀ। ਉਹਨਾਂ ਨੇ ਆਪਣੀਆਂ ਪੁਸਤਕਾਂ ਵਿੱਚ ਸਪੱਸ਼ਟ ਕੀਤਾ ਸੀ ਕਿ ਸਿੱਖ ਧਰਮ ਇੱਕ ਵੱਖਰਾ ਅਤੇ ਸੁਤੰਤਰ ਧਰਮ ਹੈ, ਜਿਸ ਦੀਆਂ ਜੜ੍ਹਾਂ ਸਮਾਜਿਕ ਸਮਾਨਤਾ ਅਤੇ ਆਤਮਿਕ ਸੁਤੰਤਰਤਾ ਵਿੱਚ ਹਨ। ਉਹਨਾਂ ਨੇ ਸੰਘ ਦੀ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਨੂੰ ‘ਸੱਭਿਆਚਾਰਕ ਸਾਮਰਾਜਵਾਦ’ ਦਾ ਨਾਮ ਦਿੱਤਾ ਅਤੇ ਸਿੱਖ ਪਛਾਣ ਨੂੰ ਬਚਾਉਣ ਲਈ ਜਾਗਰੂਕਤਾ ਦੀ ਲੋੜ ’ਤੇ ਜ਼ੋਰ ਦਿੱਤਾ ਸੀ।

ਸਿੱਖ ਸਕਾਲਰ ਸਰਦਾਰ ਗੁਰਤੇਜ ਸਿੰਘ ਆਈ.ਏ.ਐਸ. ਵਰਗੇ ਸਕਾਲਰ ਮੰਨਦੇ ਹਨ ਕਿ ਸੰਘ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ‘ਨਾ ਹਿੰਦੂ, ਨਾ ਮੁਸਲਮਾਨ’ ਵਾਲੀ ਸੋਚ ਨੂੰ ਸੰਘ ਨਜ਼ਰ-ਅੰਦਾਜ਼ ਕਰਦਾ ਹੈ। ਉਹਨਾਂ ਨੇ ਸੰਘ ਦੀਆਂ ਸਿੱਖ ਗੁਰਦੁਆਰਿਆਂ ’ਤੇ ਕੰਟਰੋਲ ਦੀਆਂ ਕੋਸ਼ਿਸ਼ਾਂ ਦੀ ਵੀ ਨਿਖੇਧੀ ਕੀਤੀ।

ਸਿੱਖ ਇਤਿਹਾਸਕਾਰ ਅਤੇ ਅਕਾਦਮਿਕ ਡਾ. ਢਿੱਲੋਂ ਨੇ ਸੰਘ ਪਰਿਵਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਉਹ ਸਿੱਖਾਂ ਦੇ ਵੱਖਰੇ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਮਿਟਾਉਣ ਦੀ ਕੋਸ਼ਿਸ਼ ਕਰਦੇ ਹਨ। ਉਹਨਾਂ ਦੀਆਂ ਰਚਨਾਵਾਂ, ਜਿਵੇਂ ਕਿ ‘ਸਿੱਖ ਸਟਰਗਲ’, ਵਿੱਚ ਸੰਘ ਦੀਆਂ ਸਿੱਖ ਵਿਰੋਧੀ ਨੀਤੀਆਂ, ਜਿਵੇਂ ਕਿ ਸਿੱਖ ਗੁਰੂਆਂ ਨੂੰ ਹਿੰਦੂ ਅਵਤਾਰਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ, ਦੀ ਨਿਖੇਧੀ ਕੀਤੀ। ਉਹਨਾਂ ਨੇ ਸਿੱਖ ਨੌਜਵਾਨਾਂ ਨੂੰ ਆਪਣੇ ਇਤਿਹਾਸ ਅਤੇ ਸਿਧਾਂਤਾਂ ਨੂੰ ਸਮਝਣ ਲਈ ਪ੍ਰੇਰਿਤ ਕੀਤਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਮਿਸ਼ਨਰੀ ਕਾਲਜ, ਅਖੰਡ ਕੀਰਤਨੀ ਜੱਥਾ, ਤੇ ਹੋਰ ਸਿੱਖ ਜਥੇਬੰਦੀਆਂ ਸੰਘ ਦੀ ‘ਹਿੰਦੂ ਰਾਸ਼ਟਰ’ ਵਾਲੀ ਸੋਚ ਨੂੰ ਸਿੱਖ ਪਛਾਣ ਤੇ ਸੰਵਿਧਾਨਕ ਅਧਿਕਾਰਾਂ ਲਈ ਖ਼ਤਰਾ ਮੰਨਦੀਆਂ ਹਨ। ਸੰਘ ਦੀਆਂ ਸ਼ਾਖਾਵਾਂ ਵਿੱਚ ਪੜ੍ਹਾਏ ਜਾਣ ਵਾਲੇ ‘ਸਿੱਖ ਇਤਿਹਾਸ’ ਨੂੰ ਤੋੜ-ਮਰੋੜ ਵਜੋਂ ਵੇਖਦੀਆਂ ਹਨ। ਸੋਸ਼ਲ ਮੀਡੀਆ ’ਤੇ ਸਿੱਖ ਯੂਥ ਸੰਘ ਦੀਆਂ ਨੀਤੀਆਂ ਵਿਰੁੱਧ ਆਵਾਜ਼ ਉਠਾਉਂਦਾ ਹੈ। ਸੰਘ ਪਰਿਵਾਰ ਦੀ ਸਿਆਸਤ ਦਾ ਮੁੱਖ ਮਕਸਦ ‘ਹਿੰਦੂ ਰਾਸ਼ਟਰ’ ਦੀ ਸਥਾਪਨਾ ਹੈ। ਇਸ ਲਈ ਉਹ ਸਾਰੇ ਧਰਮਾਂ ਨੂੰ ਹਿੰਦੂ ਸੱਭਿਆਚਾਰ ਦੇ ਅਧੀਨ ਲਿਆਉਣ ਦੀ ਕੋਸ਼ਿਸ਼ ਕਰਦਾ ਹੈ।

# ਸੋਸ਼ਲ ਮੀਡੀਆ ’ਤੇ ਪਖੰਡੀ ਜੋਤਸ਼ੀਆਂ ਨੇ ਲੜਕੀ ਨੂੰ ਲੁੱਟਿਆ, 18 ਲੱਖ ਦੀ ਮਾਰੀ ਠੱਗੀ, ਤਿੰਨ ਗ੍ਰਿਫ਼ਤਾਰ

## ਪੰਜਾਬੀਆਂ ਨਾਲ ਜੋਤਸ਼ੀ ਮਾਰ ਰਹੇ ਨੇ ਠੱਗੀਆਂ, ਸਰਕਾਰ ਚੁੱਪ ਕਿਉਂ ?

ਮੱਧ ਪ੍ਰਦੇਸ਼ ਦੇ ਜੱਬਲਪੁਰ ਦੀ ਇੱਕ 24 ਸਾਲਾ ਲੜਕੀ ਗਰਿਮਾ ਜੋਸ਼ੀ ਨੂੰ ਸੋਸ਼ਲ ਮੀਡੀਆ ’ਤੇ ਚੰਗੇ ਭਵਿੱਖ ਅਤੇ ਵਿਆਹ ਦੇ ਝੂਠੇ ਸੁਪਨੇ ਦਿਖਾ ਕੇ ਲਗਭਗ 18 ਲੱਖ ਰੁਪਏ ਦੀ ਠੱਗੀ ਮਾਰਨ ਦੇ ਮਾਮਲੇ ਨੇ ਸਾਰੇ ਸੂਬੇ ਵਿੱਚ ਹੰਗਾਮਾ ਮਚਾ ਦਿੱਤਾ ਹੈ। ਸ੍ਰੀ ਗੰਗਾਨਗਰ ਪੁਲਿਸ ਨੇ ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ—ਵਾਸੂਦੇਵ ਸ਼ਾਸਤਰੀ ਉਰਫ਼ ਮਨੀਸ਼ ਕੁਮਾਰ, ਅੰਕਿਤ ਉਰਫ਼ ਰੁਦਰਾ ਸ਼ਰਮਾ ਅਤੇ ਪ੍ਰਮੋਦ ਭਾਰਗਵ ਉਰਫ਼ ਬਿੱਟੂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਗਿਰੋਹ ਦਾ ਮੁੱਖ ਸਰਗਨਾ ਨਰੇਸ਼ ਉਰਫ਼ ਨਰਿੰਦਰ ਅਚਾਰੀਆ ਹੈ, ਜੋ ਅੰਕਿਤ ਦਾ ਪਿਤਾ ਹੈ ਅਤੇ ਅਜੇ ਫ਼ਰਾਰ ਹੈ। ਪੁਲਿਸ ਅਨੁਸਾਰ, ਇਹ ਗਿਰੋਹ ਸੋਸ਼ਲ ਮੀਡੀਆ ’ਤੇ ਤਾਂਤਰਿਕ ਅਤੇ ਜੋਤਸ਼ੀ ਵਜੋਂ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਫ਼ਸਾਉਂਦਾ ਸੀ ਅਤੇ ਲੱਖਾਂ ਰੁਪਏ ਠੱਗਦਾ ਸੀ।

### ਸੋਸ਼ਲ ਮੀਡੀਆ ’ਤੇ ਝੂਠ ਦਾ ਜਾਲ

ਗਰਿਮਾ ਜੋਸ਼ੀ, ਜੋ ਚੇਨਈ ਵਿੱਚ ਐਮ.ਬੀ.ਏ. ਕਰਕੇ ਇੱਕ ਕੰਪਨੀ ਵਿਚ ਨੌਕਰੀ ਕਰਦੀ ਹੈ, ਨੇ ਅਕਤੂਬਰ 2024 ਵਿੱਚ ਸ੍ਰੀ ਗੰਗਾਨਗਰ ਦਾ ਦੌਰਾ ਕੀਤਾ। ਇਸ ਦੌਰਾਨ ਉਸ ਨੇ ਇੰਸਟਾਗ੍ਰਾਮ ’ਤੇ ਵਾਸੂਦੇਵ ਸ਼ਾਸਤਰੀ ਦੀ ਰੀਲ ਦੇਖੀ, ਜਿਸ ’ਚ ਉਹ ਲੋਕਾਂ ਨੂੰ ਪੂਜਾ-ਪਾਠ ਅਤੇ ਤੰਤਰ ਵਿੱਦਿਆ ਰਾਹੀਂ ਸਮੱਸਿਆਵਾਂ ਹੱਲ ਕਰਨ ਦੇ ਵਾਅਦੇ ਕਰ ਰਿਹਾ ਸੀ। ਗਰਿਮਾ ਨੇ ਆਪਣੇ ਵਿਆਹ ਅਤੇ ਕੈਰੀਅਰ ਬਾਰੇ ਜਾਣਕਾਰੀ ਲੈਣ ਲਈ ਸ਼ਾਸਤਰੀ ਨਾਲ ਮੋਬਾਈਲ ’ਤੇ ਗੱਲਬਾਤ ਸ਼ੁਰੂ ਕੀਤੀ। ਸ਼ਾਸਤਰੀ ਨੇ ਦਾਅਵਾ ਕੀਤਾ ਕਿ ਉਸ ਕੋਲ ਸਿੱਧੀਆਂ ਹਨ ਅਤੇ ਪੂਜਾ-ਪਾਠ ਨਾਲ ਸਾਰੀਆਂ ਮੁਸੀਬਤਾਂ ਦੂਰ ਹੋ ਜਾਣਗੀਆਂ। ਉਸ ਨੇ 6 ਤੋਂ 8 ਅਕਤੂਬਰ 2024 ਦੌਰਾਨ ਗਰਿਮਾ ਤੋਂ 60 ਹਜ਼ਾਰ ਰੁਪਏ ਲਏ। ਇਸ ਤੋਂ ਬਾਅਦ ਸ਼ਾਸਤਰੀ ਨੇ ਉਸ ਨੂੰ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਜੇ ਪੂਜਾ ਅੱਧ ਵਿਚਕਾਰ ਛੱਡੀ ਤਾਂ ਪਰਿਵਾਰ ਵਿੱਚ ਕਿਸੇ ਦੀ ਮੌਤ ਹੋ ਜਾਵੇਗੀ। ਉਸ ਨੇ ਗਰਿਮਾ ਨੂੰ ਗੌਤਮ ਸ਼ਾਸਤਰੀ, ਨਰਿੰਦਰ ਅਚਾਰੀਆ ਅਤੇ ਮਨੀਸ਼ ਨਾਲ ਵੀ ਫ਼ੋਨ ’ਤੇ ਜੋੜਿਆ ਅਤੇ ਦੱਸਿਆ ਕਿ ਇਹ ਸਾਰੇ ਵੱਖ-ਵੱਖ ਦਿਸ਼ਾਵਾਂ ਵਿੱਚ ਬੈਠ ਕੇ ਪੂਜਾ ਕਰਨਗੇ।

### ਡਰਾਕੇ ਧਮਕੀਆਂ ਨਾਲ ਵਸੂਲੇ ਲੱਖਾਂ ਰੁਪਏ

ਗਰਿਮਾ ਦੀ ਸ਼ਿਕਾਇਤ ਅਨੁਸਾਰ, ਇਸ ਗਿਰੋਹ ਨੇ 6 ਫ਼ਰਵਰੀ 2025 ਤੱਕ ਵੱਖ-ਵੱਖ



ਯੂ.ਪੀ.ਆਈ. ਆਈ.ਡੀਜ਼ ਰਾਹੀਂ ਉਸ ਤੋਂ 15.48 ਲੱਖ ਰੁਪਏ ਠੱਗ ਲਏ। ਜਦੋਂ ਗਰਿਮਾ ਨੂੰ ਕੋਈ ਨਤੀਜਾ ਨਾ ਮਿਲਿਆ ਅਤੇ ਉਸ ਨੇ ਪੈਸੇ ਵਾਪਸ ਮੰਗੇ, ਤਾਂ ਸ਼ਾਸਤਰੀ ਅਤੇ ਉਸ ਦੇ ਸਾਥੀਆਂ ਨੇ ਭੱਦੀ ਸ਼ਬਦਾਵਲੀ ਵਰਤੀ ਅਤੇ ਤਬਾਹੀ ਦੀਆਂ ਧਮਕੀਆਂ ਦਿੱਤੀਆਂ। ਗਰਿਮਾ ਨੂੰ ਬਾਅਦ ਵਿੱਚ ਪਤਾ ਲੱਗਾ ਕਿ ਇਹ ਸਾਰੇ ਫ਼ਰਜ਼ੀ ਜੋਤਸ਼ੀ ਅਤੇ ਤਾਂਤਰਿਕ ਸਨ, ਜੋ ਲੋਕਾਂ ਨੂੰ ਡਰਾ-ਧਮਕਾ ਕੇ ਪੈਸੇ ਵਸੂਲਦੇ ਸਨ। ਉਸ ਨੇ ਸ੍ਰੀ ਗੰਗਾਨਗਰ ਪੁਲਿਸ ਨੂੰ ਡਾਕ ਰਾਹੀਂ ਸ਼ਿਕਾਇਤ ਭੇਜੀ, ਜਿਸ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਤਿੰਨ ਸ਼ੱਕੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਦੱਸਿਆ ਕਿ ਸ਼ੱਕੀਆਂ ਨੂੰ ਸ਼ਿਕਾਇਤ ਦੀ ਸੂਚਨਾ ਮਿਲਦੇ ਹੀ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ।

### ਪੰਜਾਬੀਆਂ ਵਿੱਚ ਜੋਤਸ਼ੀਆਂ ਦਾ ਜਨੂੰਨ ਕਿਉਂ ?

ਇਹ ਪਹਿਲੀ ਵਾਰ ਨਹੀਂ ਜਦੋਂ ਜੋਤਸ਼ੀਆਂ ਅਤੇ ਤਾਂਤਰਿਕਾਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਕਰਕੇ ਲੋਕਾਂ ਨੂੰ ਲੁੱਟਿਆ ਹੋਵੇ। ਪੰਜਾਬੀਆਂ ਵਿੱਚ ਜੋਤਸ਼ੀਆਂ ਅਤੇ ਤਾਂਤਰਿਕਾਂ ਦਾ ਜਾਦੂ ਸਿਰ ਚੜ੍ਹ ਕੇ ਬੋਲਦਾ ਹੈ। ਖਾਸ ਕਰਕੇ ਨੌਜਵਾਨ ਅਤੇ ਔਰਤਾਂ ਇਨ੍ਹਾਂ ਦੇ ਝੂਠੇ ਵਾਅਦਿਆਂ ਵਿੱਚ ਫ਼ਸ ਜਾਂਦੇ ਹਨ। ਆਨਲਾਈਨ ਅਤੇ ਪਰਵਾਸੀ ਪੰਜਾਬੀ ਅਖ਼ਬਾਰਾਂ ’ਚ ਅਜਿਹੇ ਇਸ਼ਤਿਹਾਰ ਆਮ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿੱਚ ਵਿਆਹ, ਕੈਰੀਅਰ, ਸਿਹਤ ਅਤੇ ਧਨ ਦੀਆਂ ਸਮੱਸਿਆਵਾਂ ਹੱਲ ਕਰਨ ਦੇ ਵਾਅਦੇ ਕੀਤੇ ਜਾਂਦੇ ਹਨ। ਸੋਸ਼ਲ ਮੀਡੀਆ ’ਤੇ ਰੀਲਾਂ ਅਤੇ ਇਸ਼ਤਿਹਾਰਾਂ ਦੀ ਭਰਮਾਰ ਨੇ ਇਸ ਨੂੰ ਹੋਰ ਸੌਖਾ ਕਰ ਦਿੱਤਾ ਹੈ। ਪਰ ਸਵਾਲ ਇਹ ਹੈ ਕਿ ਸਰਕਾਰ ਅਜਿਹੇ ਫ਼ਰਜ਼ੀ ਇਸ਼ਤਿਹਾਰਾਂ ’ਤੇ ਨਕੇਲ ਕਿਉਂ ਨਹੀਂ ਕਸਦੀ? ਅਜਿਹੇ ਗਿਰੋਹਾਂ ਵਿਰੁੱਧ ਸਖ਼ਤ ਕਾਰਵਾਈ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ। ਸੋਸ਼ਲ ਮੀਡੀਆ ’ਤੇ ਫ਼ੈਲ ਰਹੇ ਅਜਿਹੇ ਫ਼ਰਜ਼ੀ ਇਸ਼ਤਿਹਾਰਾਂ ’ਤੇ ਕੋਈ ਸਖ਼ਤ ਨੀਤੀ ਨਾ ਹੋਣ ਕਾਰਨ ਇਹ ਮਾਮਲੇ ਵਧਦੇ ਜਾ ਰਹੇ ਹਨ। ਪੰਜਾਬੀ ਭਾਈਚਾਰੇ ’ਚ ਵਿਸ਼ਵਾਸ ਅਤੇ ਅੰਧਵਿਸ਼ਵਾਸ ਦੀਆਂ ਸੀਮਾਵਾਂ ਇੰਨੀਆਂ ਧੁੰਦਲੀਆਂ ਹਨ ਕਿ ਲੋਕ ਬਿਨਾਂ ਸੋਚੇ-ਸਮਝੇ ਅਜਿਹੇ ਗਿਰੋਹਾਂ ਦੇ ਹੱਥੇ ਚੜ੍ਹ ਜਾਂਦੇ ਹਨ। ਸਰਕਾਰ ਨੂੰ ਸੋਸ਼ਲ ਮੀਡੀਆ ਪਲੇਟਫ਼ਾਰਮਾਂ ’ਤੇ ਅਜਿਹੇ ਇਸ਼ਤਿਹਾਰਾਂ ਦੀ ਨਿਗਰਾਨੀ ਅਤੇ ਸਖ਼ਤ ਜਾਂਚ ਦੀ ਲੋੜ ਹੈ, ਤਾਂ ਜੋ ਅਜਿਹੀਆਂ ਘਟਨਾਵਾਂ ’ਤੇ ਰੋਕ ਲੱਗ ਸਕੇ।

**ਦਰਪਣ ਝੂਠ ਨਹੀਂ ਬੋਲਦਾ**


# ਪੰਜਾਬ ਸਰਕਾਰ ਦੀ ਅਣਗਹਿਲੀ ਕਾਰਨ ਸ਼ੇਰ-ਏ-ਪੰਜਾਬ ਦੀ ਵਿਰਾਸਤ ਹੋਈ ਤਬਾਹ

## ਅੰਮ੍ਰਿਤਸਰ ਦੀ ਸੁਰੱਖਿਆ ਕੰਧ ਹੋਈ ਖਸਤਾ, ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਦੀ ਚੁੱਪੀ ਹੈਰਾਨੀਜਨਕ

## ਪੰਜਾਬ ਸਰਕਾਰ ਰਾਜਸਥਾਨ ਵਾਂਗ ਪੰਜਾਬ ਦੀ ਪੁਰਾਤਨ ਵਿਰਾਸਤ ਦੀ ਸੰਭਾਲ ਕਰੇ

ਅੰਮ੍ਰਿਤਸਰ/ਏ.ਟੀ.ਨਿਊਜ਼: ਸਿੱਖ ਧਰਮ ਦਾ ਮੁੱਖ ਤੀਰਥ ਅਤੇ ਪੰਜਾਬ ਦਾ ਸੱਭਿਆਚਾਰਕ ਕੇਂਦਰ, ਇੱਕ ਸਮੇਂ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਰਾਜਧਾਨੀ ਦਾ ਮੁੱਖ ਕੇਂਦਰ ਸੀ। ਮਹਾਰਾਜਾ ਰਣਜੀਤ ਸਿੰਘ ਨੇ 1823 ਵਿੱਚ ਸ਼ਹਿਰ ਦੀ ਸੁਰੱਖਿਆ ਅਤੇ ਦੁਸ਼ਮਣ ਸੈਨਾਵਾਂ ਦੇ ਮੁਕਾਬਲੇ ਲਈ ਇੱਕ ਮਜ਼ਬੂਤ ਸੁਰੱਖਿਆ ਕੰਧ ਦੀ ਉਸਾਰੀ ਸ਼ੁਰੂ ਕਰਵਾਈ ਸੀ। ਇਹ ਕੰਧ ਨਾਨਕਸ਼ਾਹੀ ਇੱਟਾਂ ਨਾਲ ਬਣੀ ਸੀ, ਜਿਸ ਦਾ ਘੇਰਾ 5100 ਕਰਮ ਸੀ ਅਤੇ ਇਸ ਦੀ ਚੌੜਾਈ 25 ਫ਼ੁੱਟ ਸੀ। ਇਸ ਦੇ ਅੰਦਰ 10 ਗਜ਼ ਚੌੜੀ ਅਤੇ 8724 ਗਜ਼ ਲੰਬੀ ਧੂੜਕੋਟ (ਕੱਚੀ ਕੰਧ) ਵੀ ਬਣਾਈ ਗਈ ਸੀ, ਜਿਸ ਵਿੱਚ ਰੇਤ ਭਰੀ ਗਈ ਸੀ। ਇਸ ਕੰਧ ਦੀ ਉਸਾਰੀ ਦੀ ਜ਼ਿੰਮੇਵਾਰੀ ਦੇਸਾ ਸਿੰਘ ਮਜੀਠੀਆ ਅਤੇ ਲਹਿਣਾ ਸਿੰਘ ਮਜੀਠੀਆ ਨੂੰ ਸੌਂਪੀ ਗਈ ਸੀ, ਜਦਕਿ ਅਫ਼ਸਰ-ਏ-ਇਮਾਰਤ ਗਣੇਸ਼ ਦਾਸ ਅਤੇ ਮਿਸਤਰੀ ਮੁਹੰਮਦ ਯਾਰ ਖ਼ਾਨ ਨੇ ਇਸ ਦੀ ਡਿਜ਼ਾਈਨ ਅਤੇ ਨਿਰਮਾਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਵੀ ਇਸ ਕੰਧ ਦੀ ਮੁਰੰਮਤ ਅਤੇ ਵਿਸਥਾਰ 'ਤੇ ਵੱਡੀ ਰਕਮ ਖ਼ਰਚੀ ਗਈ ਸੀ।

ਇਤਿਹਾਸਕ ਦਸਤਾਵੇਜ਼ਾਂ ਅਨੁਸਾਰ, ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਸ ਕੰਧ ਦੀ ਉਸਾਰੀ ਅਤੇ ਧੂੜਕੋਟ 'ਤੇ ਕੁੱਲ 7,00,000 ਰੁਪਏ ਖਰਚੇ ਗਏ, ਜਦਕਿ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ 5,70,460 ਰੁਪਏ ਦਾ ਵਾਧੂ ਖਰਚ ਆਇਆ। ਕੁੱਲ ਮਿਲਾ ਕੇ, ਇਸ ਇਤਿਹਾਸਕ ਕੰਧ ਦੀ ਉਸਾਰੀ 'ਤੇ 1,94,04,601 ਰੁਪਏ ਦੀ ਲਾਗਤ ਆਈ ਸੀ, ਜੋ ਅੱਜ ਦੇ ਸਮੇਂ ਵਿੱਚ ਕਰੋੜਾਂ ਰੁਪਏ ਦੇ ਬਰਾਬਰ ਹੈ। ਇਹ ਕੰਧ ਨਾ ਸਿਰਫ਼ ਸੁਰੱਖਿਆ ਦਾ ਪ੍ਰਤੀਕ ਸੀ, ਸਗੋਂ ਸਿੱਖ ਸਾਮਰਾਜ ਦੀ ਸ਼ਕਤੀ ਅਤੇ ਵਿਰਾਸਤ-ਏ-ਖਾਲਸਾ ਰਾਜ ਦਾ ਜੀਵੰਤ ਸਬੂਤ ਵੀ ਸੀ।



ਅੱਜ ਦੇ ਸਮੇਂ ਵਿੱਚ, ਇਹ ਸੁਰੱਖਿਆ ਕੰਧ ਲਗਭਗ ਜ਼ਮੀਨਦੋਜ਼ ਹੋ ਚੁੱਕੀ ਹੈ। ਕੰਧ ਦਾ ਵਧੇਰੇ ਹਿੱਸਾ ਸਮੇਂ ਦੀ ਮਾਰ, ਸ਼ਹਿਰੀਕਰਨ ਅਤੇ ਸਰਕਾਰੀ ਅਣਗਹਿਲੀ ਕਾਰਨ ਨਸ਼ਟ ਹੋ ਗਿਆ ਹੈ। ਸਿਰਫ਼ ਕੁਝ ਹਿੱਸੇ, ਜਿਵੇਂ ਕਿ ਹਾਲ ਗੇਟ (ਦਰਵਾਜ਼ਾ ਰਾਮ ਬਾਗ ਦੀ ਡਿਉੜੀ) ਅਤੇ ਸੁਲਤਾਨਵਿੰਡ ਗੇਟ ਨੇੜੇ ਪੁਲਿਸ ਥਾਣਾ ਬੀ-ਡਿਵੀਜ਼ਨ ਦੇ ਨਾਲ, ਖਸਤਾ ਹਾਲਤ ਵਿੱਚ ਬਚੇ ਹਨ। ਹਾਲ ਬਾਜ਼ਾਰ ਵਾਲੇ ਪਾਸੇ ਕੰਧ ਦੇ ਬਚੇ ਹਿੱਸੇ ਨੂੰ ਸੁਰੱਖਿਅਤ ਕਰਨ ਦੇ ਨਾਂ 'ਤੇ ਦਿੱਲੀ ਦੀ ਕਲਚਰਲ ਰਿਸੋਰਸ ਕੰਜ਼ਰਵੇਸ਼ਨ ਇਨੀਸ਼ੀਏਟਿਵ ਕੰਪਨੀ ਨੇ ਪੁਲਿਸ ਮਿਊਜ਼ੀਅਮ ਬਣਾਇਆ ਸੀ, ਪਰ ਇਹ ਮਿਊਜ਼ੀਅਮ ਬਣਨ ਤੋਂ ਬਾਅਦ ਬੰਦ ਹੀ ਰਿਹਾ।

ਇਸ ਨਾਲ ਨਾ ਸਿਰਫ਼ ਕੰਧ ਦੀ ਪੁਰਾਣੀ ਦਿੱਖ ਖਤਮ ਹੋਈ, ਸਗੋਂ ਇਸ ਦੀ ਇਤਿਹਾਸਕ ਮਹੱਤਤਾ ਵੀ ਗੁਆਚ ਗਈ। ਸੁਲਤਾਨਵਿੰਡ ਗੇਟ ਨੇੜੇ ਕੰਧ ਦੇ ਬਚੇ ਹਿੱਸੇ ਦੀ ਹਾਲਤ ਵੀ ਦਿਲ ਨੂੰ ਦੁਖੀ ਕਰਨ ਵਾਲੀ ਹੈ। ਇਸ ਦੇ ਨਾਲ ਅਸਥਾਈ ਪਾਰਕਿੰਗ ਬਣਾਈ ਗਈ ਹੈ, ਜਿੱਥੇ ਵਾਹਨ ਖੜ੍ਹੇ ਕੀਤੇ ਜਾਂਦੇ ਹਨ। ਸੰਬੰਧਿਤ ਵਿਭਾਗਾਂ, ਜਿਵੇਂ ਕਿ ਪੰਜਾਬ ਸਰਕਾਰ ਦੇ ਪੁਰਾਤਤਵ ਵਿਭਾਗ ਜਾਂ ਸਥਾਨਕ ਪ੍ਰਸ਼ਾਸਨ, ਨੇ ਇਸ ਦੀ ਸੰਭਾਲ ਜਾਂ ਰੱਖ-ਰਖਾਅ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਇਹ ਅਣਗਹਿਲੀ ਸਿੱਖ ਇਤਿਹਾਸ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਰਾਸਤ ਦੀ ਬੇਅਦਬੀ ਦੇ ਸਮਾਨ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ , ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਪੰਥਕ ਜਥੇਬੰਦੀਆਂ ਸਿੱਖ ਮਾਮਲਿਆਂ ਬਾਰੇ ਅਕਸਰ ਆਵਾਜ਼ ਉਠਾਉਂਦੀਆਂ ਰਹੀਆਂ ਹਨ। ਪਰ, ਅੰਮ੍ਰਿਤਸਰ ਦੀ ਸੁਰੱਖਿਆ ਕੰਧ ਦੀ ਬੁਰੀ ਹਾਲਤ 'ਤੇ ਇਨ੍ਹਾਂ ਸੰਸਥਾਵਾਂ ਦੀ ਚੁੱਪੀ ਸਵਾਲ ਖੜ੍ਹੇ ਕਰਦੀ ਹੈ।

# ਸਿੱਖ ਸ਼ਤਾਬਦੀਆਂ ਦੇ ਜਸ਼ਨਾਂ 'ਤੇ ਕਰੋੜਾਂ ਦਾ ਖ਼ਰਚ, ਪਰ ਸਿੱਖ ਪੰਥ ਨੂੰ ਨਤੀਜੇ ਜ਼ੀਰੋ

## ਸਿੱਖਾਂ ਦਾ ਇਸਾਈਕਰਨ ਕਿਉਂ ਹੋ ਰਿਹਾ, ਪੰਥਕ ਸੰਸਥਾਵਾਂ ਨੂੰ ਚਿੰਤਾ ਕਿਉਂ ਨਹੀਂ ?



ਸਿੱਖ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਜਾਂ ਜਨਮ ਦਿਹਾੜਿਆਂ ਨੂੰ ਮਨਾਉਣ ਦਾ ਰਿਵਾਜ ਪਿਛਲੇ ਕੁਝ ਦਹਾਕਿਆਂ ਤੋਂ ਚੱਲ ਰਿਹਾ ਹੈ, ਪਰ ਸਵਾਲ ਇਹ ਹੈ ਕਿ ਕੀ ਇਹ ਸ਼ਤਾਬਦੀਆਂ ਮਨਾਉਣ ਦੇ ਢੰਗ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸਰਬੱਤ ਦੇ ਭਲੇ ਦੇ ਅਸੂਲ ਨੂੰ ਸੱਚਮੁੱਚ ਪੇਸ਼ ਕਰਦੇ ਹਨ? 1966 ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300ਵੇਂ ਜਨਮ ਦਿਹਾੜੇ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਅੱਜ ਵੀ ਜਾਰੀ ਹੈ, ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰਾਂ ਵੱਲੋਂ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਪਰ ਸਿੱਖ ਬੁੱਧੀਜੀਵੀਆਂ ਅਤੇ ਸਮਾਜ ਸੁਧਾਰਕਾਂ ਦਾ ਮੰਨਣਾ ਹੈ ਕਿ ਇਹ ਸਾਰਾ ਖਰਚ ਸ਼ਾਨੋ-ਸ਼ੌਕਤ ਅਤੇ ਰਾਜਸੀ ਫ਼ਾਇਦੇ ਲਈ ਹੀ ਹੁੰਦਾ ਹੈ, ਨਾ ਕਿ ਸਿੱਖ ਧਰਮ ਦੇ ਪ੍ਰਚਾਰ ਜਾਂ ਲੋਕਾਈ ਦੇ ਭਲੇ ਲਈ।

1966 ਤੋਂ ਲੈ ਕੇ ਅੱਜ ਤੱਕ, ਸਿੱਖ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਅਤੇ ਅਰਧ-ਸ਼ਤਾਬਦੀਆਂ ਨੂੰ ਵੱਡੇ-ਵੱਡੇ ਸਮਾਗਮਾਂ, ਨਗਰ ਕੀਰਤਨਾਂ, ਅਤੇ ਜਲੂਸਾਂ ਨਾਲ ਮਨਾਇਆ ਜਾ ਰਿਹਾ ਹੈ। ਇਹਨਾਂ ਸਮਾਗਮਾਂ ਵਿੱਚ ਸਰਕਾਰਾਂ, ਸ਼੍ਰੋਮਣੀ ਕਮੇਟੀ, ਅਤੇ ਸੰਗਤਾਂ ਦੇ ਫ਼ੰਡਾਂ ਤੋਂ ਕਰੋੜਾਂ ਰੁਪਏ ਖਰਚੇ ਜਾਂਦੇ ਹਨ। ਇਹ ਖਰਚ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਦੇ ਨਾਂਅ 'ਤੇ ਕੀਤਾ ਜਾਂਦਾ ਹੈ, ਪਰ ਅਸਲ ਵਿੱਚ ਇਹ ਸਮਾਗਮ ਸੱਤਾਧਾਰੀ ਪਾਰਟੀਆਂ ਅਤੇ ਅਕਾਲੀ ਨੇਤਾਵਾਂ ਦੇ ਰਾਜਸੀ ਪ੍ਰਚਾਰ ਦਾ ਸਾਧਨ ਬਣ ਜਾਂਦੇ ਹਨ। ਸਿੱਖ ਇਤਿਹਾਸਕਾਰ ਅਤੇ ਸਮਾਜ ਸੁਧਾਰਕ ਪੁੱਛਦੇ ਹਨ ਕਿ ਕੀ ਇਹਨਾਂ ਸਮਾਗਮਾਂ ਨੇ ਸਿੱਖ ਕੌਮ ਨੂੰ ਕੋਈ ਠੋਸ ਲਾਭ ਦਿੱਤਾ ਹੈ? ਜਵਾਬ ਅਕਸਰ ਨਿਰਾਸ਼ਾਜਨਕ ਹੁੰਦਾ ਹੈ। 1966 ਤੋਂ ਪਹਿਲਾਂ ਸਿੱਖ ਕਿਰਦਾਰ ਅਤੇ ਸਿੱਖੀ ਦਾ ਸਨਮਾਨ ਬਹੁਤ ਉੱਚਾ ਸੀ। ਮੁਸਲਮਾਨ ਹੁਕਮਰਾਨਾਂ ਦੇ ਸਮੇਂ ਵਿੱਚ ਮੌਤ ਦੇ ਡਰ ਅਤੇ ਵੱਡੇ ਲਾਲਚਾਂ ਦੇ ਬਾਵਜੂਦ, ਸਿੱਖ ਆਪਣੇ ਅਸੂਲਾਂ ਉੱਪਰ ਅਟੱਲ ਰਹੇ। ਅੰਗਰੇਜ਼ੀ ਰਾਜ ਵਿੱਚ ਵੀ, ਬਹੁਤ ਘੱਟ ਸਿੱਖਾਂ ਨੇ ਇਸਾਈ ਧਰਮ ਅਪਣਾਇਆ।

(ਬਾਕੀ ਸਫ਼ਾ 31 'ਤੇ)

# ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਿੱਚ ਅਮਰੀਕਾ ਚੀਨ ਤੋਂ ਕਿਉਂ ਪਿਛੜਿਆ ?

## ਪੰਜ ਮਜ਼ਬੂਤ ਦੇਸ਼ ਕਿਹੜੇ ਅਤੇ ਭਾਰਤ ਦੀ ਸਥਿਤੀ ਕਿਥੇ ਖੜੀ ਹੈ ?

ਆਰਟੀਫ਼ੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਖੇਤਰ ਵਿੱਚ ਅਮਰੀਕਾ ਦੀ ਇਜਾਰੇਦਾਰੀ ਨੂੰ ਲੰਬੇ ਸਮੇਂ ਤੱਕ ਅਟੱਲ ਸਮਝਿਆ ਜਾਂਦਾ ਸੀ, ਪਰ ਹੁਣ ਚੀਨ ਦੀ ਤੇਜ਼ ਤਰੱਕੀ ਨੇ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਇਸ ਦੇ ਪਿੱਛੇ ਕਈ ਕਾਰਨ ਹਨ। ਪਹਿਲਾ, ਚੀਨ ਨੇ ਏ.ਆਈ. ਵਿੱਚ ਵੱਡੀ ਪੱਧਰ 'ਤੇ ਨਿਵੇਸ਼ ਕੀਤਾ, ਜਿਸ ਵਿੱਚ ਸਰਕਾਰੀ ਸਮਰਥਨ, ਵਿਸ਼ਾਲ ਡੇਟਾ ਸਰੋਤ ਅਤੇ ਮਨੁੱਖੀ ਸਮਰੱਥਾ ਸ਼ਾਮਲ ਹਨ। ਹਾਰਵਰਡ ਯੂਨੀਵਰਸਿਟੀ ਦੀ ਰਿਪੋਰਟ ਮੁਤਾਬਕ, ਚੀਨ ਕੋਲ ਡੇਟਾ ਅਤੇ ਹੁਨਰਮੰਦ ਮਨੁੱਖੀ ਵਸੀਲਿਆਂ ਦੀ ਭਰਮਾਰ ਹੈ, ਜੋ ਏ.ਆਈ. ਦੇ ਵਿਕਾਸ ਲਈ ਜ਼ਰੂਰੀ ਹਨ। ਦੂਜਾ,




ਚੀਨੀ ਮਾਡਲ ਜਿਵੇਂ ਕਿ ਡੀਪਸੀਕ, ਜ਼ਿੰਪੂ ਅਤੇ ਕਵੇਨਇਹ ਸਸਤੇ, ਖੁੱਲ੍ਹੇ ਸਰੋਤ ਵਾਲੇ ਅਤੇ ਸਥਾਨਕ ਲੋੜਾਂ ਮੁਤਾਬਕ ਹਨ, ਜੋ ਅਮਰੀਕੀ ਮਾਡਲਾਂ ਨਾਲੋਂ ਕਿਤੇ ਵੱਧ ਵਿਹਾਰਕ ਸਾਬਤ ਹੋ ਰਹੇ ਹਨ। ਵਿਸ਼ਵ ਪੱਧਰੀ ਕੰਪਨੀਆਂ ਜਿਵੇਂ ਕਿ ਸਟੈਂਡਰਡ ਚਾਰਟਰਡ ਅਤੇ ਸਾਊਦੀ ਅਰਾਮਕੋ ਇਨ੍ਹਾਂ ਦੀ ਵਰਤੋਂ ਕਰ ਰਹੀਆਂ ਹਨ। ਤੀਜਾ, ਅਮਰੀਕੀ ਸਰਕਾਰ ਦੀਆਂ ਪਾਬੰਦੀਆਂ, ਜਿਵੇਂ ਕਿ ਐੱਨਵੀਡੀਆ ਦੀ ਐੱਚ-20 ਚਿੱਪ ਦੀ ਵਿਕਰੀ 'ਤੇ ਰੋਕ, ਨੇ ਅਮਰੀਕੀ ਕੰਪਨੀਆਂ ਨੂੰ ਹੀ ਨੁਕਸਾਨ ਪਹੁੰਚਾਇਆ, ਜਿਸ ਨਾਲ ਚੀਨ ਨੂੰ ਆਪਣੀਆਂ ਤਕਨੀਕਾਂ ਵਿਕਸਿਤ ਕਰਨ ਦਾ ਮੌਕਾ ਮਿਲਿਆ।

ਅਮਰੀਕਾ ਦੇ ਪਿਛੜਨ ਦਾ ਇੱਕ ਵੱਡਾ ਕਾਰਨ ਉਸ ਦੀਆਂ ਮਹਿੰਗੀਆਂ ਅਤੇ ਬੰਦ ਸਰੋਤ ਵਾਲੀਆਂ ਤਕਨੀਕਾਂ ਵੀ ਹਨ। ਜਦਕਿ ਚੀਨ ਦੇ ਮਾਡਲ ਸਸਤੇ ਅਤੇ ਆਸਾਨੀ ਨਾਲ ਉਪਲਬਧ ਹਨ, ਅਮਰੀਕੀ ਕੰਪਨੀਆਂ ਜਿਵੇਂ ਕਿ ਮੈਟਾ, ਗੂਗਲ ਅਤੇ ਐਂਥਰੋਪਿਕ ਨੂੰ ਆਪਣੀ ਉੱਤਮਤਾ ਸਾਬਤ ਕਰਨ (ਬਾਕੀ ਸਫ਼ਾ 31 'ਤੇ)

# ਕੀ ਪੰਜਾਬ ਵਿੱਚ ਨਵਾਂ ਸਿਆਸੀ ਪੰਥਕ ਫ਼ਰੰਟ ਉਭਰੇਗਾ ?

## ਕਦੋਂ ਬਣਾਏਗੀ ਪੰਜ ਮੈਂਬਰੀ ਭਰਤੀ ਕਮੇਟੀ ਨਵਾਂ ਅਕਾਲੀ ਦਲ ?

## ਪੰਜ ਮੈਂਬਰੀ ਭਰਤੀ ਕਮੇਟੀ ਨੇ ਵਾਰਿਸ ਪੰਜਾਬ ਨਾਲ ਸਾਂਝ ਪਾਈ ?

ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਦੀਆਂ ਕੋਸ਼ਿਸ਼ਾਂ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਲਿਆਂਦਾ ਹੈ। ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਇਹ ਕਮੇਟੀ ਨਵੇਂ ਅਕਾਲੀ ਦਲ ਦੀ ਸਥਾਪਨਾ ਲਈ ਸਰਗਰਮ ਹੈ। ਇਸ ਦਾ ਮੁੱਖ ਨਿਸ਼ਾਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਜਿੱਤਣਾ ਹੈ, ਪਰ ਇਸ ਦੇ ਨਾਲ ਹੀ ਵਿਧਾਨ ਸਭਾ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵੀ ਆਪਣੀ ਮਜ਼ਬੂਤ ਸਥਿਤੀ ਬਣਾਉਣ ਦੀਆਂ ਤਿਆਰੀਆਂ ਜਾਰੀ ਹਨ।

ਪੰਜ ਮੈਂਬਰੀ ਕਮੇਟੀ ਨੇ ਵਾਰਿਸ ਪੰਜਾਬ ਦੇ ਅਤੇ ਭਾਈ ਰਣਜੀਤ ਸਿੰਘ ਦੀ ਜਥੇਬੰਦੀ ਨਾਲ ਸਹਿਮਤੀ ਬਣਾਈ ਹੈ, ਜਿਸ ਨਾਲ ਨਵਾਂ ਅਕਾਲੀ ਦਲ ਇੱਕ ਸਾਂਝੇ ਨਿਸ਼ਾਨ ਅਤੇ ਨਾਂਅ ਹੇਠ ਚੋਣ ਮੈਦਾਨ ਵਿੱਚ ਉਤਰ ਸਕਦਾ ਹੈ। ਪਰ ਇਸ ਪ੍ਰਕਿਰਿਆ ਵਿੱਚ ਕਈ ਚੁਣੌਤੀਆਂ ਵੀ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਵਿੱਚ ਪੰਜ ਮੈਂਬਰੀ ਕਮੇਟੀ ਵੱਲੋਂ ਨਵੇਂ ਉਸਾਰੇ ਜਾ ਰਹੇ ਅਕਾਲੀ ਦਲ ਦੀ ਪ੍ਰਧਾਨਗੀ ਸਬੰਧੀ ਚੋਣ, ਤਰਨ ਤਾਰਨ ਉਪ-ਚੋਣ ਅਤੇ ਪੰਥਕ ਸਫ਼ਾਂ ਵਿੱਚ ਵਿਸ਼ਵਾਸ ਬਣਾਉਣਾ ਸ਼ਾਮਲ ਹੈ।

ਪੰਜ ਮੈਂਬਰੀ ਕਮੇਟੀ ਦੇ ਮੈਂਬਰ ਮਨਪ੍ਰੀਤ ਸਿੰਘ ਇਆਲੀ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਤੇ ਉਹਨਾਂ ਦੇ ਸਹਿਯੋਗੀ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਤੇਜ਼ੀ ਨਾਲ ਕੰਮ ਸ਼ੁਰੂ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ, ਕਮੇਟੀ ਨੇ ਵਾਰਿਸ ਪੰਜਾਬ ਦੇ ਅਤੇ ਭਾਈ ਰਣਜੀਤ ਸਿੰਘ ਦੀ ਜਥੇਬੰਦੀ ਨਾਲ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਸਾਂਝਾ ਮੋਰਚਾ ਬਣਾਉਣ ਦੀ ਸਹਿਮਤੀ ਬਣਾ ਲਈ ਹੈ। ਇਸ ਸਹਿਮਤੀ ਦੀ ਸ਼ੁਰੂਆਤ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕੀਤੀ ਸੀ।

ਇਸ ਸਾਂਝੇ ਮੋਰਚੇ ਦਾ ਮਕਸਦ ਪੰਥਕ ਵੋਟਰਾਂ ਨੂੰ ਇੱਕ ਜੁੱਟ ਕਰਕੇ ਅਕਾਲੀ ਦਲ ਬਾਦਲ ਦੇ ਪ੍ਰਭਾਵ ਨੂੰ ਸਿੱਖ ਰਾਜਨੀਤੀ ਵਿਚੋਂ ਘਟਾਉਣਾ ਹੈ। ਇਸ ਦੌਰਾਨ, ਰਾਜਦੇਵ ਸਿੰਘ ਖ਼ਾਲਸਾ ਵਰਗੇ ਸਾਬਕਾ ਨੇਤਾਵਾਂ ਦੀ ਵਾਪਸੀ ਨੇ ਵੀ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ। ਰਾਜਦੇਵ ਸਿੰਘ ਖ਼ਾਲਸਾ, ਜੋ ਪਹਿਲਾਂ ਵਾਰਿਸ ਪੰਜਾਬ ਦੇ ਨਾਲ ਜੁੜੇ ਸਨ, ਨੇ ਬੀਤੇ ਦਿਨੀਂ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਸਵੀਕਾਰ ਕਰਦਿਆਂ ਨਵੇਂ ਅਕਾਲੀ ਦਲ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ। ਸੁਰਜੀਤ ਸਿੰਘ ਰੱਖੜਾ ਅਤੇ ਪਰਮਿੰਦਰ ਸਿੰਘ ਢੀਂਡਸਾ ਨੇ ਉਸ ਦੇ ਇਸ ਫ਼ੈਸਲੇ ਦੀ ਸਰਾਹਨਾ ਕੀਤੀ ਸੀ, ਪਰ ਕਈ ਪੰਥਕ ਲੋਕ ਰਾਜਦੇਵ ਸਿੰਘ ਦੀ ਪਿਛਲੀ ਸ਼ੱਕੀ ਸਿਆਸੀ ਸਰਗਰਮੀਆਂ, ਜੋ ਸੰਘ ਪਰਿਵਾਰ ਨਾਲ ਜੁੜੀਆਂ ਸਨ,ਨੂੰ ਲੈ ਕੇ ਸਵਾਲ ਵੀ ਉਠਾ ਰਹੇ ਹਨ। ਨਵੇਂ ਅਕਾਲੀ ਦਲ ਦੀ ਸਥਾਪਨਾ ਦੀ ਪਹਿਲੀ ਵੱਡੀ ਚੁਣੌਤੀ ਪ੍ਰਧਾਨਗੀ ਦੀ ਚੋਣ ਹੈ। ਜਾਣਕਾਰੀ ਅਨੁਸਾਰ, ਪ੍ਰਧਾਨਗੀ ਲਈ ਕਈ ਨਾਂਅ ਚਰਚਾ ਵਿੱਚ ਹਨ, ਜਿਨ੍ਹਾਂ ਵਿੱਚ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਬੀਬੀ ਸਤਵੰਤ ਕੌਰ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ ਅਤੇ ਕੁਝ ਹੋਰ ਨੇਤਾ ਸ਼ਾਮਲ ਹਨ। ਇਨ੍ਹਾਂ ਵਿੱਚੋਂ ਸੰਤਾ ਸਿੰਘ ਉਮੈਦਪੁਰੀ ਨੂੰ ਸਭ ਤੋਂ ਵੱਧ ਸਵੀਕਾਰਯੋਗ ਉਮੀਦਵਾਰ ਮੰਨਿਆ ਜਾ ਰਿਹਾ ਹੈ, ਕਿਉਂਕਿ ਉਹ ਸਿਰਫ਼ ਪ੍ਰਧਾਨਗੀ ਦੀ ਦਾਅਵੇਦਾਰੀ ਰੱਖਦੇ ਹਨ ਅਤੇ ਮੁੱਖ ਮੰਤਰੀ ਜਾਂ ਚੋਣ ਲਈ ਉਮੀਦਵਾਰੀ ਦੀ ਇੱਛਾ ਨਹੀਂ ਰੱਖਦੇ।

ਪਰ, ਰਾਜਦੇਵ ਸਿੰਘ ਖ਼ਾਲਸਾ ਵਰਗੇ ਨੇਤਾਵਾਂ ਦੀ ਸ਼ਮੂਲੀਅਤ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਦਾਗੀ ਐਲਾਨੇ ਨੇਤਾਵਾਂ ਨੂੰ ਪ੍ਰਮੋਟ ਕਰਨ ਦੀਆਂ ਚਰਚਾਵਾਂ ਨੇ ਪੰਜ ਮੈਂਬਰੀ ਭਰਤੀ ਕਮੇਟੀ ਸਬੰਧੀ ਪੰਥਕ ਸਫ਼ਾਂ ਵਿੱਚ ਵਿਸ਼ਵਾਸ ਦੀ ਸਮੱਸਿਆ ਪੈਦਾ ਕੀਤੀ ਹੈ। ਚੰਦੂਮਾਜਰਾ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਦਾਗੀ ਐਲਾਨਿਆ ਗਿਆ ਸੀ ਅਤੇ ਉਸ ਦੀ ਸੰਭਾਵੀ ਸ਼ਮੂਲੀਅਤ ਨਵੇਂ ਅਕਾਲੀ ਦਲ ਦੀ ਪੰਥਕ ਸਾਖ 'ਤੇ ਸਵਾਲ ਉਠਾ ਸਕਦੀ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਨਵਾਂ ਅਕਾਲੀ ਦਲ ਪੰਥਕ ਸਿਆਸਤ ਵਿੱਚ ਨਵੀਂ ਉਮੀਦ ਜਗਾਉਣ ਦੀ ਸੰਭਾਵਨਾ ਰੱਖਦਾ ਹੈ, ਪਰ ਇਸ ਦੀ ਸਫ਼ਲਤਾ ਪ੍ਰਧਾਨਗੀ ਦੀ ਸਹੀ ਚੋਣ, ਪੰਥਕ ਸਾਖ ਦੀ ਬਹਾਲੀ ਅਤੇ ਚੋਣ ਮੈਦਾਨ ਵਿੱਚ ਮਜ਼ਬੂਤ ਪ੍ਰਦਰਸ਼ਨ 'ਤੇ ਨਿਰਭਰ ਕਰੇਗੀ। ਤਰਨ ਤਾਰਨ ਦੀ ਉਪ-ਚੋਣ ਅਤੇ ਆਉਣ ਵਾਲੀਆਂ ਸਥਾਨਕ ਚੋਣਾਂ ਇਸ ਨਵੇਂ ਪੰਥਕ ਫ਼ਰੰਟ ਦੀ ਅਸਲ ਤਾਕਤ ਦੀ ਪਰਖ ਕਰਨਗੀਆਂ।

# ਦਿਨੋਂ ਦਿਨ ਤੇਜ਼ ਹੋ ਰਹੀਆਂ ਹਨ ਪੰਜਾਬ ’ਚ ਸਿਆਸੀ ਸਰਗਰਮੀਆਂ


## ➢ ਤਰਨ ਤਾਰਨ ਦੀ ਜ਼ਿਮਨੀ ਚੋਣ ਲਈ ਹਲਚਲ ਸ਼ੁਰੂ ➢ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਜਿੱਤ ਕੇ ਬੁਲੰਦ ਹੌਂਸਲੇ ’ਚ ਹੈ ‘ਆਪ’

## ➢ ਫ਼ੁੱਟ ਦਾ ਸ਼ਿਕਾਰ ਹੋਣ ਦੇ ਬਾਵਜੂਦ ਕਾਂਗਰਸ ‘ਆਪ’ ਨੂੰ ਦੇਣਾ ਚਾਹੁੰਦੀ ਹੈ ਸਖ਼ਤ ਟੱਕਰ

## ➢ ਮਜੀਠੀਆ ਮਾਮਲੇ ਨੂੰ ਉਛਾਲ ਕੇ ਆਪਣਾ ਆਧਾਰ ਮਜ਼ਬੂਤ ਕਰਨਾ ਚਾਹੁੰਦੈ ਅਕਾਲੀ ਦਲ

ਜਗਮੋਹਨ ਸਿੰਘ



ਪੰਜਾਬ ’ਚ ਸਿਆਸੀ ਸਰਗਰਮੀਆਂ ਇਸ ਸਮੇਂ ਸਿਖਰਾਂ ’ਤੇ ਹਨ। ਪੰਜਾਬ ਦੇ ਉੱਚ ਪੱਧਰੀ ਸਿਆਸੀ ਗਲਿਆਰਿਆਂ ਤੋਂ ਲੈ ਕੇ ਆਮ ਪੇਂਡੂ ਸੱਥਾਂ ਵਿੱਚ ਇਸ ਸਮੇਂ ਵਿਜੀਲੈਂਸ ਵੱਲੋਂ ਅਕਾਲੀ ਆਗੂ ਬਿਕਰਮ ਮਜੀਠੀਆ ਖ਼ਿਲਾਫ਼ ਕਾਰਵਾਈ ਦੀ ਚਰਚਾ ਹੋ ਰਹੀ ਹੈ। ਇਸ ਤਰ੍ਹਾਂ ਅਕਾਲੀ ਦਲ ਬਾਦਲ ਪੰਜਾਬ ਦੀ ਸੱਤਾ ਤੋਂ ਬਹੁਤ ਦੂਰ ਹੋ ਕੇ ਵੀ ਚਰਚਾ ਦੇ ਕੇਂਦਰ ਵਿੱਚ ਆ ਗਿਆ ਹੈ। ਪੰਜਾਬ ਵਿੱਚ ਇਸ ਸਮੇਂ ਮੁੱਖ ਵਿਰੋਧੀ ਸਿਆਸੀ ਪਾਰਟੀ ਕਾਂਗਰਸ ਹੈ ਅਤੇ ਵਿਰੋਧੀ ਧਿਰ ਦੇ ਆਗੂ ਦਾ ਰੁਤਬਾ ਵੀ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੂੰ ਮਿਲਿਆ ਹੋਇਆ ਹੈ, ਪਰ ਜਿਸ ਤਰੀਕੇ ਨਾਲ ਅਕਾਲੀ ਦਲ ਵੱਲੋਂ ਪੰਜਾਬ ’ਚ ਸਿਆਸੀ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ, ਉਸ ਤੋਂ ਇਹ ਅਹਿਸਾਸ ਹੋ ਰਿਹਾ ਹੈ ਜਿਵੇਂ ਪੰਜਾਬ ਵਿੱਚ ਮੁੱਖ ਵਿਰੋਧੀ ਪਾਰਟੀ ਅਕਾਲੀ ਦਲ ਹੀ ਹੋਵੇ।

ਇਸੇ ਦੌਰਾਨ ਤਰਨ ਤਾਰਨ ਵਿਧਾਨ ਸਭਾ ਸੀਟ ਨੂੰ ਪੰਜਾਬ ਵਿਧਾਨ ਸਭਾ ਵੱਲੋਂ ਖਾਲੀ ਐਲਾਨਣ ਨਾਲ ਇੱਥੇ ਜ਼ਿਮਨੀ ਚੋਣ ਲਈ ਰਾਹ ਪੱਧਰਾ ਹੋ ਗਿਆ ਹੈ। ਇਹ ਸੀਟ ਤਰਨ ਤਾਰਨ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦਾ ਪਿਛਲੇ ਦਿਨੀਂ ਦੇਹਾਂਤ ਹੋ ਜਾਣ ਕਾਰਨ ਖਾਲੀ ਹੋ ਗਈ ਸੀ। ਚੋਣ ਕਮਿਸ਼ਨ ਵੱਲੋਂ ਇਸ ਸੀਟ ’ਤੇ ਜ਼ਿਮਨੀ ਚੋਣ ਕਰਵਾਉਣ ਦਾ ਐਲਾਨ ਕਿਸੇ ਵੀ ਸਮੇਂ ਕੀਤਾ ਜਾ ਰਿਹਾ ਹੈ। ਇਸ ਕਾਰਨ ਤਰਨ ਤਾਰਨ ਹਲਕੇ ਦੇ ਨਾਲ ਹੀ ਪੰਜਾਬ ਵਿੱਚ ਵੀ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਸਿਆਸੀ ਹਲਕਿਆਂ ਵਿੱਚ ਚਰਚਾ ਹੋ ਰਹੀ ਹੈ ਕਿ ਕੀ ਜਲੰਧਰ ਅਤੇ ਲੁਧਿਆਣਾ ਜ਼ਿਮਨੀ ਚੋਣ ’ਚ ਜੇਤੂ ਰਹੇ ਉਮੀਦਵਾਰਾਂ ਵਾਂਗ ਕੀ ਤਰਨ ਤਾਰਨ ਤੋਂ ਵੀ ਜਿੱਤਣ ਵਾਲੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵਜ਼ਾਰਤ ਵਿੱਚ ਲਵੇਗੀ ? ਇਸ ਸੀਟ ਤੋਂ ਕੌਣ ਜਿੱਤੇਗਾ ? ਇਸ ਬਾਰੇ ਅਜੇ ਕਹਿਣਾ ਮੁਸ਼ਕਿਲ ਹੈ, ਪਰ ਪਿਛਲੀਆਂ ਜ਼ਿਮਨੀ ਚੋਣਾਂ ਦਾ ਇਤਿਹਾਸ ਦੇਖ ਕੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਇਸ ਸੀਟ ’ਤੇ ਵੀ ਆਮ ਆਦਮੀ ਪਾਰਟੀ ਦੀ ਜਿੱਤ ਹੋ ਸਕਦੀ ਹੈ, ਕਿਉਂਕਿ ਸੱਤਾਧਾਰੀ ਸਿਆਸੀ ਪਾਰਟੀ ਲਈ ਜ਼ਿਮਨੀ ਚੋਣ ਜਿੱਤਣਾ ਬਹੁਤ ਆਸਾਨ ਹੁੰਦਾ ਹੈ। ਆਮ ਆਦਮੀ ਪਾਰਟੀ ਦੇ ਆਗੂ ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਬੁਲੰਦ ਹੌਂਸਲੇ ਵਿੱਚ ਹਨ। ਇਸ ਤੋਂ ਇਲਾਵਾ ‘ਆਪ’ ਆਗੂ ਬਿਕਰਮ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਨੂੰ ਵੀ ਆਪਣੀ ਸਰਕਾਰ ਦੀ ਵੱਡੀ ਪ੍ਰਾਪਤੀ ਕਹਿ ਰਹੇ ਹਨ। ਆਮ ਆਦਮੀ ਪਾਰਟੀ ਅਗਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਇਸ ਕਾਰਵਾਈ ਨੂੰ ਮੁੱਦਾ ਬਣਾ ਕੇ ਸਿਆਸੀ ਲਾਹਾ ਲੈਣ ਦਾ ਯਤਨ ਹੁਣੇ ਤੋਂ ਕਰ ਰਹੀ ਹੈ, ਜਦੋਂ ਕਿ ਅਕਾਲੀ ਦਲ ਬਾਦਲ ਵੀ ਬਿਕਰਮ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਦੇ ਮੁੱਦੇ ਨੂੰ ਉਛਾਲ ਕੇ ਆਮ ਲੋਕਾਂ ਵਿੱਚ ਆਪਣਾ ਆਧਾਰ ਮਜ਼ਬੂਤ ਕਰਨਾ ਚਾਹੁੰਦਾ ਹੈ। ਅਕਾਲੀ ਆਗੂਆਂ ਨੂੰ ਆਸ ਹੈ ਕਿ ਜਿਵੇਂ ਕਈ ਸਾਲ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਵੱਲੋਂ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵਿਰੁੱਧ ਕਾਰਵਾਈ ਕਰਨ ਅਤੇ ਜੇਲ੍ਹ ਭੇਜਣ ਦੇ ਮਾਮਲੇ ਦਾ ਅਕਾਲੀ ਦਲ ਨੂੰ ਵੱਡਾ ਸਿਆਸੀ ਲਾਹਾ ਮਿਲਿਆ ਸੀ ਅਤੇ ਅਕਾਲੀ ਦਲ ਪੰਜਾਬ ਵਿੱਚ ਅਗਲੀ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਿਆ ਸੀ, ਉਸ ਤਰ੍ਹਾਂ ਹੁਣ ਮਜੀਠੀਆ ਵਿਰੁੱਧ ਕਾਰਵਾਈ ਦਾ ਵੀ ਅਕਾਲੀ ਦਲ ਨੂੰ ਵੱਡਾ ਸਿਆਸੀ ਲਾਭ ਹੋ ਸਕਦਾ ਹੈ। ਇਸੇ ਕਰਕੇ ਅਕਾਲੀ ਸੁਪਰੀਮੋ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਆਗੂਆਂ ਨੇ ਇਕਦਮ ਹੀ ਆਪਣੀਆਂ ਸਿਆਸੀ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਅਕਾਲੀ ਆਗੂਆਂ ਨੂੰ ਆਸ ਹੈ ਕਿ ਉਹ ਪੰਜਾਬ ਦੇ ਲੋਕਾਂ ਨੂੰ ਇੱਕ ਵਾਰ ਫ਼ੇਰ ਅਕਾਲੀ ਦਲ ਨਾਲ ਜੋੜਨ ਵਿੱਚ ਕਾਮਯਾਬ ਹੋ ਜਾਣਗੇ। ਸ਼ਾਇਦ ਇਸੇ ਕਾਰਨ ਹੀ ਸੁਖਬੀਰ ਬਾਦਲ ਕਈ ਵਾਰ ਦਾਅਵਾ ਕਰ ਚੁੱਕੇ ਹਨ ਕਿ ਪੰਜਾਬ ਵਿੱਚ ਅਗਲੀ ਸਰਕਾਰ ਅਕਾਲੀ ਦਲ ਦੀ ਹੀ ਬਣੇਗੀ। ਪੰਜਾਬ ਵਿੱਚ ਇਸ ਸਮੇਂ ‘ਆਪ’ ਆਗੂ ਅਤੇ ਅਕਾਲੀ ਆਗੂ ਖੁੱਲ੍ਹ ਕੇ ਆਹਮੋ ਸਾਹਮਣੇ ਆ ਗਏ ਹਨ ਅਤੇ ਦੋਵੇਂ ਧਿਰਾਂ ਇੱਕ ਦੂਜੇ ਖ਼ਿਲਾਫ਼ ਤਿੱਖੀ ਬਿਆਨਬਾਜ਼ੀ ਕਰ ਰਹੀਆਂ ਹਨ। ਇਸ ਲੜਾਈ ਵਿੱਚ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਸ਼ਾਮਲ ਹੋ ਗਏ ਹਨ, ਉਹ ਇਸ ਸਮੇਂ ਬਿਕਰਮ ਮਜੀਠੀਆ ਦੇ ਪੱਖ ਵਿੱਚ ਬਿਆਨਬਾਜ਼ੀ ਕਰ ਰਹੇ ਹਨ, ਜਦੋਂ ਕਿ ਇਹੀ ਚੰਨੀ ਕੁਝ ਸਮਾਂ ਪਹਿਲਾਂ ਬਿਕਰਮ ਮਜੀਠੀਆ ਦਾ ਸਬੰਧ ਨਸ਼ੇ ਨਾਲ ਜਨਤਕ ਤੌਰ ’ਤੇ ਜੋੜਦੇ ਰਹਿੰਦੇ ਸਨ ਅਤੇ ਦਾਅਵਾ ਕਰਦੇ ਸਨ ਕਿ ਪੰਜਾਬ ਵਿੱਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਬਿਕਰਮ ਮਜੀਠੀਆ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ਪਰ ਹੁਣ ਜਦੋਂ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਿਕਰਮ ਮਜੀਠੀਆ ਵਿਰੁੱਧ ਕਾਰਵਾਈ ਕਰ ਰਹੀ ਹੈ ਤਾਂ ਚੰਨੀ ਬਿਕਰਮ ਮਜੀਠੀਆ ਦੇ ਪੱਖ ਵਿੱਚ ਬੋਲ ਰਹੇ ਹਨ। ਇਸ ਤੋਂ ਇਲਾਵਾ ਕਾਂਗਰਸੀ ਆਗੂ ਸੁਖਪਾਲ ਖਹਿਰਾ ਵੀ ਬਿਕਰਮ ਮਜੀਠੀਆ ਦੇ ਹੱਕ ਵਿੱਚ ਅਤੇ ‘ਆਪ’ ਸਰਕਾਰ ਦੇ ਵਿਰੁੱਧ ਬਿਆਨ ਦੇ ਰਹੇ ਹਨ। (ਬਾਕੀ ਸਫ਼ਾ 30 ’ਤੇ)

### ਸਿਆਸੀ ਦਲਾਂ ਦੇ ਏਜੰਡੇ ’ਚੋਂ ‘ਲੋਕ ਮੁੱਦੇ’ ਗ਼ਾਇਬ

ਪੰਜਾਬ ਵਿੱਚ ਸਰਗਰਮ ਸਾਰੀਆਂ ਸਿਆਸੀ ਪਾਰਟੀਆਂ ਦਾ ਮੁੱਖ ਮਕਸਦ ਪੰਜਾਬ ਨੂੰ ਜਿੱਤਣਾ ਭਾਵ ਪੰਜਾਬ ਵਿੱਚ ਆਪਣੀ ਸਰਕਾਰ ਬਣਾਉਣਾ ਹੈ। ਕਿਸੇ ਵੀ ਸਿਆਸੀ ਪਾਰਟੀ ਦੇ ਏਜੰਡੇ ਵਿੱਚ ਪੰਜਾਬ ਅਤੇ ਪੰਜਾਬੀਆਂ ਦੇ ਮੁੱਖ ਮੁੱਦੇ ਅਤੇ ਮਸਲੇ ਨਹੀਂ ਹਨ। ਇਹ ਜ਼ਰੂਰ ਹੈ ਕਿ ਪੰਜਾਬੀਆਂ ਦੇ ਮੁੱਖ ਮਸਲੇ ਇਹਨਾਂ ਸਿਆਸੀ ਪਾਰਟੀਆਂ ਨੂੰ ਹਰ ਤਰ੍ਹਾਂ ਦੀਆਂ ਚੋਣਾਂ ਸਮੇਂ ਜ਼ਰੂਰ ਯਾਦ ਆ ਜਾਂਦੇ ਹਨ, ਉਸ ਤੋਂ ਬਾਅਦ ਇਹ ਸਿਆਸੀ ਪਾਰਟੀਆਂ ਪੰਜਾਬ ਅਤੇ ਪੰਜਾਬੀਆਂ ਦੇ ਮੁੱਖ ਮਸਲੇ ਭੁੱਲ ਜਾਂਦੀਆਂ ਹਨ। ਇਸੇ ਕਾਰਨ ਪੰਜਾਬ ਦੇ ਕੁਝ ਮਸਲੇ ਪਿਛਲੇ ਕਈ ਸਾਲਾਂ ਤੋਂ ਲਮਕ ਰਹੇ ਹਨ। ਅਸਲ ਵਿੱਚ ਕੋਈ ਵੀ ਸਿਆਸੀ ਪਾਰਟੀ ਪੰਜਾਬ ਦੇ ਮੁੱਖ ਮਸਲਿਆਂ ਦੇ ਹਲ਼ ਲਈ ਗੰਭੀਰ ਨਹੀਂ।

---

### ’84 ਸਿੱਖ ਨਸਲਕੁਸ਼ੀ ਮਾਮਲੇ ’ਚ ਸੱਜਣ ਕੁਮਾਰ ਆਪਣੇ ਗੁਨਾਹਾਂ ਤੋਂ ਮੁੱਕਰਿਆ

# ‘ਜਦੋਂ ਨਸਲਕੁਸ਼ੀ ਹੋਈ ਮੈਂ ਉਥੇ ਮੌਜੂਦ ਨਹੀਂ ਸੀ’

## ਦੋਸ਼ੀ ਸੱਜਣ ਕੁਮਾਰ ਦੀ ਸੁਣਵਾਈ 29 ਜੁਲਾਈ ਤੱਕ ਮੁਲਤਵੀ

ਨਵੀਂ ਦਿੱਲੀ/ਏ.ਟੀ.ਨਿਊਜ਼: 1984 ਦੇ ਸਿੱਖ ਕਤਲੇਆਮ ਨਾਲ ਜੁੜਿਆ ਇੱਕ ਮਾਮਲਾ ਇੱਕ ਵਾਰ ਫਿਰ ਸੁਰਖੀਆਂ ਵਿੱਚ ਹੈ। ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ, ਜੋ ਪਹਿਲਾਂ ਹੀ ਇਸ ਕਤਲੇਆਮ ਦੇ ਇੱਕ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ, ਨੇ ਜਨਕਪੁਰੀ ਅਤੇ ਵਿਕਾਸਪੁਰੀ ਵਿੱਚ ਹੋਈ ਹਿੰਸਾ ਨਾਲ ਜੁੜੇ ਇੱਕ ਹੋਰ ਮਾਮਲੇ ਵਿੱਚ ਆਪਣੇ ’ਤੇ ਲੱਗੇ ਦੋਸ਼ਾਂ ਨੂੰ ਰੱਦ ਕਰ ਦਿੱਤਾ। ਰਾਊਜ਼ ਐਵੇਨਿਊ ਅਦਾਲਤ ਵਿੱਚ ਵਿਸ਼ੇਸ਼ ਜੱਜ ਦਿਗਵਿਨਯ ਸਿੰਘ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਸੱਜਣ ਕੁਮਾਰ ਨੇ ਦਾਅਵਾ ਕੀਤਾ ਕਿ ਉਹ ਘਟਨਾ ਵਾਲੀ ਥਾਂ ’ਤੇ ਮੌਜੂਦ ਹੀ ਨਹੀਂ ਸੀ ਅਤੇ ਉਸ ਖ਼ਿਲਾਫ਼ ਕੋਈ ਸਬੂਤ ਨਹੀਂ ਹੈ। ਅਦਾਲਤ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 29 ਜੁਲਾਈ 2025 ਨੂੰ ਤੈਅ ਕੀਤੀ ਹੈ।



#### ਕੀ ਹੈ ਕਤਲੇਆਮ ਦੀ ਘਟਨਾ ਦੇ ਦੋਸ਼ ?

ਇਹ ਮਾਮਲਾ 1 ਨਵੰਬਰ 1984 ਨੂੰ ਜਨਕਪੁਰੀ ਵਿੱਚ ਸੋਹਨ ਸਿੰਘ ਅਤੇ ਉਸ ਦੇ ਜਵਾਈ ਅਵਤਾਰ ਸਿੰਘ ਦੀ ਹੱਤਿਆ ਅਤੇ ਵਿਕਾਸਪੁਰੀ ਵਿੱਚ ਗੁਰਚਰਨ ਸਿੰਘ ਨੂੰ ਸਾੜੇ ਜਾਣ ਦੀ ਘਟਨਾ ਨਾਲ ਜੁੜਿਆ ਹੈ। 1984 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਅੰਗ-ਰੱਖਿਅਕਾਂ ਵੱਲੋਂ ਹੱਤਿਆ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਸਿੱਖ ਕਤਲੇਆਮ ਸ਼ੁਰੂ ਕਰ ਦਿੱਤਾ ਗਿਆ। ਸਰਕਾਰੀ ਅੰਕੜਿਆਂ ਮੁਤਾਬਕ, ਇਕੱਲੇ ਦਿੱਲੀ ਵਿੱਚ 2,733 ਸਿੱਖ ਮਾਰੇ ਗਏ, ਜਦਕਿ ਸਿੱਖ ਜਥੇਬੰਦੀਆਂ ਦੇ ਦਾਅਵੇ 8,000 ਤੋਂ 17,000 ਮੌਤਾਂ ਦੀ ਗੱਲ ਕਰਦੇ ਹਨ। ਸੱਜਣ ਕੁਮਾਰ ’ਤੇ ਦੋਸ਼ ਹੈ ਕਿ ਉਸ ਨੇ ਇਨ੍ਹਾਂ ਘਟਨਾਵਾਂ ਵਿੱਚ ਭੀੜ ਨੂੰ ਸਿੱਖਾਂ ਵਿਰੁੱਧ ਹਿੰਸਾ ਲਈ ਉਕਸਾਇਆ ਸੀ। 2015 ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਇਸ ਮਾਮਲੇ ’ਚ ਜਾਂਚ ਸ਼ੁਰੂ ਕੀਤੀ ਅਤੇ ਸੱਜਣ ਕੁਮਾਰ ਖਿਲਾਫ ਭਾਰਤੀ ਦੰਡਾਵਲੀ ਦੀਆਂ ਕਈ ਧਾਰਾਵਾਂ ਅਧੀਨ ਕੇਸ ਦਰਜ ਕੀਤਾ।

#### ਕੌਣ ਹਨ ਗਵਾਹ ?


ਇਸ ਮਾਮਲੇ ਵਿੱਚ ਮੁੱਖ ਗਵਾਹ ਮਨਜੀਤ ਕੌਰ ਹਨ, ਜਿਨ੍ਹਾਂ ਨੇ 9 ਨਵੰਬਰ 2023 ਨੂੰ ਅਦਾਲਤ ’ਚ ਆਪਣਾ ਬਿਆਨ ਦਰਜ ਕਰਵਾਇਆ। (ਬਾਕੀ ਸਫ਼ਾ 31 ’ਤੇ)

---

# ਬਰਤਾਨਵੀ ਫ਼ੌਜ ਦੀ ਮਦਦ ਨਾਲ ਸਿੱਖ ਘੱਲੂਘਾਰਾ ਜੂਨ ’84 ਕਾਂਗਰਸ ਨੇ ਕਰਵਾਇਆ

## ਭਾਜਪਾ ਆਗੂ ਨਿਸ਼ੀਕਾਂਤ ਦੂਬੇ ਨੇ ਸਨਸਨੀਖੇਜ਼ ਦਾਅਵਾ ਕੀਤਾ

ਨਿਸ਼ੀਕਾਂਤ ਦੂਬੇ ਦੇ ਬਿਆਨ ਨੂੰ ਸਿਆਸੀ ਮਾਹਿਰ ਭਾਜਪਾ ਦੀ ਉਸ ਰਣਨੀਤੀ ਨਾਲ ਜੋੜ ਰਹੇ ਹਨ, ਜਿਸ ਵਿੱਚ ਕਾਂਗਰਸ ਨੂੰ ਸਿੱਖ ਮੁੱਦਿਆਂ ’ਤੇ ਬਦਨਾਮ ਕਰਕੇ ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿੱਖ ਘੱਲੂਘਾਰਾ 1984 ਵਿੱਚ ਸ੍ਰੀ ਦਰਬਾਰ ਸਾਹਿਬ ’ਤੇ ਹੋਏ ਫ਼ੌਜੀ ਹਮਲੇ ਨੂੰ ਸਿੱਖ ਭਾਈਚਾਰਾ ਇੱਕ ਜ਼ਾਲਮਾਨਾ ਅਤੇ ਸੰਵੇਦਨਸ਼ੀਲ ਘਟਨਾ ਮੰਨਦਾ ਹੈ, ਜਿਸ ਵਿੱਚ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਭਾਰੀ ਨੁਕਸਾਨ ਹੋਇਆ। ਅਜਿਹੇ ਵਿੱਚ, ਭਾਜਪਾ ਦਾ ਇਹ ਦਾਅਵਾ ਕਿ ਕਾਂਗਰਸ ਨੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਉਭਾਰਿਆ ਅਤੇ ਬਰਤਾਨਵੀ ਫ਼ੌਜ ਦੀ ਮਦਦ ਨਾਲ ਇਹ ਹਮਲਾ ਕੀਤਾ, ਸਿੱਖ ਪੰਥ ਵਿੱਚ ਤਿੱਖੀ ਪ੍ਰਤੀਕਿਰਿਆ ਦਾ ਕਾਰਨ ਬਣਿਆ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣ ਦਾ ਮੁੱਦਾ ਵੀ ਭਾਜਪਾ ਦੀ ਸਿਆਸਤ ਦਾ ਹਿੱਸਾ ਮੰਨਿਆ ਜਾ ਰਿਹਾ ਹੈ। ਸੰਤ ਭਿੰਡਰਾਂਵਾਲੇ ਸਿੱਖ ਪੰਥ ਵਿੱਚ ਇੱਕ ਸਿੱਖ ਜਰਨੈਲ ਤੇ ਆਗੂ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਪੰਜਾਬ ਵਿੱਚ ਸਿੱਖਾਂ ਦੇ ਹੱਕਾਂ ਅਤੇ ਆਨੰਦਪੁਰ ਸਾਹਿਬ ਮਤੇ ਦੀਆਂ ਮੰਗਾਂ ਨੂੰ ਉਠਾਇਆ ਸੀ।

ਭਾਜਪਾ ਦਾ ਇਹ ਦਾਅਵਾ ਕਿ ਕਾਂਗਰਸ ਨੇ ਸੰਤ ਭਿੰਡਰਾਂਵਾਲਿਆਂ ਨੂੰ ਜਨਮ ਦਿੱਤਾ ਤੇ ਸਿੱਖ ਪੰਥ ਲਈ ਦੁਖਾਂਤ ਸਿਰਜਣ ਲਈ ਭੂਮਿਕਾ ਨਿਭਾਈ। (ਬਾਕੀ ਸਫ਼ਾ 30 ’ਤੇ)

# ਜੂਨ 1984 ਦਾ ਘੱਲੂਘਾਰਾ ਸਿੱਖ ਇਤਿਹਾਸ ਦਾ ਇੱਕ ਦੁਖਦਾਈ ਅਧਿਆਇ: ਧਾਮੀ

## ਐਡਵੋਕੇਟ ਧਾਮੀ ਵੱਲੋਂ ਜੂਨ 1984 ਦੇ ਘੱਲੂਘਾਰੇ ਨੂੰ ਉਜਾਗਰ ਕਰਦੀ ਸਚਿੱਤਰ ਪੁਸਤਕ ਜਾਰੀ

ਅੰਮ੍ਰਿਤਸਰ/ ਏ.ਟੀ.ਨਿਊਜ਼: ਜੂਨ 1984 ’ਚ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਫ਼ੌਜੀ ਹਮਲੇ ਸਮੇਂ ਨੂੰ ਬਿਆਨ ਕਰਦੀਆਂ ਤਸਵੀਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਵੱਡਅਕਾਰੀ ਕਿਤਾਬ ਦੇ ਰੂਪ ਵਿੱਚ ਜਾਰੀ ਕੀਤਾ ਹੈ। ਇਸ ਮੌਕੇ ਧਾਮੀ ਨੇ ਕਿਹਾ ਕਿ ਜੂਨ 1984 ਦਾ ਇਹ ਘੱਲੂਘਾਰਾ ਸਿੱਖ ਇਤਿਹਾਸ ਦਾ ਇੱਕ ਦੁਖਦਾਈ ਅਧਿਆਇ ਹੈ।



ਇਸ ਸਮੇਂ ਦੀਆਂ ਕੁਝ ਤਸਵੀਰਾਂ ਫ਼ੋਟੋਗ੍ਰਾਫ਼ਰ ਸਤਪਾਲ ਸਿੰਘ ਦਾਨਿਸ਼ ਨੇ ਸਾਂਭੀਆਂ ਸਨ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੇ ਇੱਕ ਸਚਿੱਤਰ ਪੁਸਤਕ ਦੇ ਰੂਪ ਵਿੱਚ ਤਿਆਰ ਕਰਕੇ ਜਾਰੀ ਕੀਤਾ ਹੈ। ਇਸ ਵਿੱਚ ਦਰਜ ਤਸਵੀਰਾਂ ਸਮੇਂ ਦੇ ਹਾਲਾਤ ਅਤੇ ਸਰਕਾਰ ਵੱਲੋਂ ਕੀਤੇ ਜ਼ੁਲਮਾਂ ਨੂੰ ਦਰਸਾਉਂਦੀਆਂ ਹਨ। ਇਹ ਕਿਤਾਬ ਸ਼੍ਰੋਮਣੀ ਕਮੇਟੀ ਦਫ਼ਤਰ, ਸਿੱਖ ਰੈਂਫ਼ਰੈਂਸ ਲਾਇਬ੍ਰੇਰੀ, ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਅਤੇ ਸਿੱਖ ਅਜਾਇਬ ਘਰ ਵਿੱਚ ਰੱਖੀ ਜਾਵੇਗੀ, ਤਾਂ ਜੋ ਸੰਗਤਾਂ ਸਰਕਾਰ ਵੱਲੋਂ ਸਿੱਖਾਂ ’ਤੇ ਕੀਤੇ ਜ਼ੁਲਮ ਤੋਂ ਜਾਣੂ ਹੋ ਸਕਣ। ਇਸ ਤੋਂ ਇਲਾਵਾ ਇਸ ਦਾ ਡਿਜੀਟਾਈਜੇਸ਼ਨ ਕਰਕੇ ਵੀ ਵੱਖ-ਵੱਖ ਮਾਧਿਅਮਾਂ ਰਾਹੀਂ ਸੰਗਤਾਂ ਤੀਕ ਪਹੁੰਚਾਇਆ ਜਾਵੇਗਾ। ਕਿਤਾਬ ਜਾਰੀ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਅੰਮ੍ਰਿਤਪਾਲ ਸਿੰਘ ਕੁਲਾਰ, ਓ.ਐਸ.ਡੀ. ਸਤਬੀਰ ਸਿੰਘ ਧਾਮੀ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਮੈਨੇਜਰ ਭਗਵੰਤ ਸਿੰਘ ਧੰਗੇੜਾ, ਨਿਸ਼ਾਨ ਸਿੰਘ, ਜੋਗੇਸ਼ਵਰ ਸਿੰਘ, ਜਤਿੰਦਰਪਾਲ ਸਿੰਘ, ਇਕਬਾਲ ਸਿੰਘ ਮੁਖੀ ਆਦਿ ਮੌਜੂਦ ਸਨ।

# ਸਿੱਖ ਮਾਮਲਿਆਂ ਸਬੰਧੀ ਜਥੇਦਾਰ ਗੜਗੱਜ ਨੇ ਗ੍ਰੰਥੀ ਸਾਹਿਬਾਨ ਨਾਲ ਕੀਤੀ ਮੀਟਿੰਗ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਵੱਖ-ਵੱਖ ਧਾਰਮਿਕ ਮਾਮਲਿਆਂ ਨੂੰ ਵਿਚਾਰਨ ਲਈ ਗੈਰਰਸਮੀ ਮੀਟਿੰਗ ਕੀਤੀ। ਇਸ ਵਿੱਚ ਉਨ੍ਹਾਂ ਸਣੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਟੇਕ ਸਿੰਘ ਅਤੇ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਸਾਹਿਬਾਨ ਸ਼ਾਮਲ ਹੋਏ।



ਗਿਆਨੀ ਗੜਗੱਜ ਨੇ ਆਖਿਆ ਕਿ ਕੋਈ ਮੀਟਿੰਗ ਨਹੀਂ ਕੀਤੀ ਸਗੋਂ ਉਹ ਗੈਰਰਸਮੀ ਤੌਰ ’ਤੇ ਵਿਚਾਰ ਚਰਚਾ ਕਰਨ ਲਈ ਇਕੱਠੇ ਹੋਏ ਸਨ। ਚੀਫ਼ ਖ਼ਾਲਸਾ ਦੀਵਾਨ ਦੇ ਅਹੁਦੇਦਾਰਾਂ ਨੂੰ 15 ਦਿਨਾਂ ਵਿੱਚ ਆਪਣਾ ਸਪੱਸ਼ਟੀਕਰਨ ਦੇਣ ਬਾਰੇ ਦਿੱਤੇ ਗਏ ਪੱਤਰ ਸਬੰਧੀ ਉਨ੍ਹਾਂ ਕਿਹਾ ਕਿ ਫਿਲਹਾਲ ਇਸ ਵਿੱਚ ਸਮਾਂ ਬਾਕੀ ਹੈ ਅਤੇ ਸਮਾਂ ਪੂਰਾ ਹੋਣ ਤੋਂ ਬਾਅਦ ਹੀ ਇਸ ਬਾਰੇ ਕੁਝ ਆਖਣਗੇ। ਦੋ ਤਖ਼ਤਾਂ ਵਿਚਾਲੇ ਪੈਦਾ ਹੋਏ ਤਣਾਅ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਵੀ ਜਲਦੀ ਠੀਕ ਹੋ ਜਾਵੇਗਾ। ਉਨ੍ਹਾਂ ਮੀਡੀਆ ਨਾਲ ਗੱਲ ਕਰਨ ਤੋਂ ਸੰਕੋਚ ਕੀਤਾ। ਮਗਰੋਂ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਦੇ ਇੰਚਾਰਜ ਵੱਲੋਂ ਮੀਡੀਆ ਕਰਮੀਆਂ ਨੂੰ ਅਪੀਲ ਕੀਤੀ ਗਈ ਕਿ ਜਥੇਦਾਰ ਵੱਲੋਂ ਕੋਈ ਵੀ ਮੀਡੀਆ ਬਾਈਟ ਜਾਂ ਸੰਬੋਧਨ ਕਰਨਾ ਹੋਵੇਗਾ ਤਾਂ ਇਸ ਸਬੰਧੀ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਸੱਦਿਆ ਜਾਵੇਗਾ। ਹਰਿਮੰਦਰ ਸਾਹਿਬ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਮੀਡੀਆ ਚੈਨਲਾਂ ਵੱਲੋਂ (ਬਾਕੀ ਸਫ਼ਾ 31 ’ਤੇ)

# ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦੇਣਾ ਪੰਥ ’ਚ ਦੁਬਿਧਾ ਪਾਉਣ ਵਾਲੀ ਕਾਰਵਾਈ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੇ ਫੈਸਲੇ ’ਤੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਥ ਵਿੱਚ ਦੁਬਿਧਾ ਪਾਉਣ ਵਾਲੀ ਅਤੇ ਅਧਿਕਾਰਾਂ ਤੋਂ ਬਾਹਰੀ ਕਾਰਵਾਈ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਖ਼ਾਲਸਾ ਪੰਥ ਦੀਆਂ ਰਵਾਇਤਾਂ ਤੇ ਪਰੰਪਰਾਵਾਂ ਕੌਮ ਦੇ ਮਸਲੇ ਨਜਿੱਠਣ ਲਈ ਹਨ, ਨਾ ਕਿ ਕੌਮੀ ਸੰਕਟ ਪੈਦਾ ਕਰਨ ਲਈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਨੂੰ ਦਰਕਿਨਾਰ ਕਰਨਾ ਉਚਿਤ ਨਹੀਂ ਹੈ ਅਤੇ ਅਜਿਹੇ ਚਲਣ ਨਾਲ ਕੌਮ ਅੰਦਰ ਆਪਾ ਧਾਪੀ ਵਾਲਾ ਮਾਹੌਲ ਪੈਦਾ ਹੋਵੇਗਾ।

ਉਨ੍ਹਾਂ ਕਿਹਾ ਕਿ ਬੇਸ਼ਕ ਤਖ਼ਤ ਸ੍ਰੀ ਪਟਨਾ ਸਾਹਿਬ ਦਾ ਸਿੱਖ ਜਗਤ ਅੰਦਰ ਵੱਡਾ ਸਤਿਕਾਰ ਹੈ, ਪ੍ਰੰਤੂ ਪੰਥਕ ਮਾਮਲਿਆਂ ਨੂੰ ਵਿਚਾਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸੇ ਵੀ ਪੰਥਕ ਮਾਮਲੇ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਮਿਲ ਕੇ ਬੈਠਣ ਅਤੇ ਫੈਸਲੇ ਲੈਣ ਦੀ ਲੰਬੀ ਇਤਿਹਾਸਕ ਪ੍ਰੰਪਰਾ ਰਹੀ ਹੈ। ਇਹ ਪ੍ਰੰਪਰਾ ਸਿੱਖ ਕੌਮ ਨੂੰ ਦੁਨੀਆ ਵਿੱਚ ਉਭਾਰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਦੂਜੇ ਤਖ਼ਤ ਸਾਹਿਬਾਨ ਤੋਂ ਹੀ ਚੁਨੌਤੀ ਦਿੱਤੀ ਜਾਣ ਲੱਗ ਪਈ ਤਾਂ ਇਹ ਸਿੱਖ ਪਰੰਪਰਾਵਾਂ ਦੀ ਮੌਲਿਕਤਾ ਅਤੇ ਅਮੀਰੀ ਨੂੰ ਸੱਟ ਮਾਰਨ ਤੋਂ ਘੱਟ ਨਹੀਂ ਮੰਨੀ ਜਾ ਸਕਦੀ।

# ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਯੂਰਪ ਦੀ ਸਭ ਤੋਂ ਉੱਚੀ ਚੋਟੀ ਸਰ ਕਰਨ ਵਾਲੇ ਤੇਗ਼ਬੀਰ ਸਿੰਘ ਦਾ ਸਨਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼: ਰੂਸ ਅਤੇ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਲਬ੍ਰਸ ਨੂੰ ਪਿਛਲੇ ਦਿਨੀਂ ਸਰ ਕਰਨ ਵਾਲੇ ਸਭ ਤੋਂ ਛੋਟੀ ਉਮਰ ਦੇ ਛੇ ਸਾਲਾ ਬੱਚੇ ਤੇਗ਼ਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਸਿਰੋਪਾਓ ਤੇ ਸਿਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਤੇਗ਼ਬੀਰ ਸਿੰਘ 5 ਸਾਲ ਦੀ ਉਮਰ ਵਿੱਚ ਅਪ੍ਰੈਲ 2024 ਵਿੱਚ ਮਾਊਂਟ ਐਵਰੈਸਟ ਬੇਸ ਕੈਂਪ ਨੇਪਾਲ ਪੁੱਜਿਆ ਸੀ। ਉਹ ਅਗਸਤ 2024 ਵਿੱਚ ਮਾਊਂਟ ਕਿਲਿਮੰਜਾਰੋ (ਅਫ਼ਰੀਕਾ ਮਹਾਦੀਪ ਦੀ ਸਭ ਤੋਂ ਉੱਚੀ ਚੋਟੀ) ਨੂੰ ਸਭ ਤੋਂ ਘੱਟ ਉਮਰ ਵਿੱਚ ਸਰ ਕਰਨ ਵਾਲਾ ਭਾਰਤੀ ਤੇ ਏਸ਼ੀਆ ਖੇਤਰ ਦਾ ਬੱਚਾ ਹੈ।



ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਕਾ ਤੇਗ਼ਬੀਰ ਸਿੰਘ ਦਾ ਸਮੁੱਚਾ ਪਰਿਵਾਰ ਗੁਰਸਿੱਖ ਹੈ ਅਤੇ ਬੱਚੇ ਨੇ ਛੋਟੀ ਉਮਰ ਵਿੱਚ ਉੱਚੀ ਚੋਟੀ ਸਰ ਕਰਕੇ ਸਮੁੱਚੀ ਸਿੱਖ ਕੌਮ ਦਾ ਨਾਮ ਦੇਸ਼ ਦੁਨੀਆ ਅੰਦਰ ਰੋਸ਼ਨ ਕੀਤਾ ਹੈ, ਜੋ ਕਿ ਬਾਕੀਆਂ ਲਈ ਪ੍ਰੇਰਨਾਸਰੋਤ ਹੈ। ਉਨ੍ਹਾਂ ਨੇ ਤੇਗ਼ਬੀਰ ਸਿੰਘ ਨੂੰ ਭਵਿੱਖ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਮੁੱਚੇ ਪਰਿਵਾਰ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕੀਤੀ।

# ਪੰਥਕ ਜਥੇਬੰਦੀਆਂ ਵੱਲੋਂ ਭਾਈ ਗਜਿੰਦਰ ਸਿੰਘ ਤੇ ਸ਼ਹੀਦ ਭਾਈ ਨਿੱਝਰ ਨੂੰ ਸ਼ਰਧਾਂਜਲੀ ਭੇਟ

## ਭਾਈ ਗਜਿੰਦਰ ਸਿੰਘ ਤੇ ਭਾਈ ਨਿੱਝਰ ਦੀਆਂ ਤਸਵੀਰਾਂ ਸਿੱਖ ਅਜਾਇਬ ਘਰ ਵਿੱਚ ਲਗਾਉਣ ਦੀ ਕੀਤੀ ਮੰਗ

ਅੰਮ੍ਰਿਤਸਰ/ਏ.ਟੀ.ਨਿਊਜ਼: ਦਲ ਖ਼ਾਲਸਾ ਦੇ ਬਾਨੀ ਤੇ ਜਲਾਵਤਨ ਸਿੱਖ ਆਗੂ ਮਰਹੂਮ ਭਾਈ ਗਜਿੰਦਰ ਸਿੰਘ ਤੇ ਕੈਨੇਡਾ ਵਿਖੇ ਸ਼ਹੀਦ ਹੋਏ ਭਾਈ ਹਰਦੀਪ ਸਿੰਘ ਨਿੱਝਰ ਦੀ ਯਾਦ ਨੂੰ ਸਮਰਪਿਤ ਦਲ ਖ਼ਾਲਸਾ ਵੱਲੋਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਸਹਿਯੋਗ ਨਾਲ ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਨਜ਼ਦੀਕ ਸ਼ਰਧਾਂਜਲੀ ਰੂਪੀ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਦਲ ਖ਼ਾਲਸਾ ਤੋਂ ਕੰਵਰਪਾਲ ਸਿੰਘ, ਭਾਈ ਪਰਮਜੀਤ ਸਿੰਘ ਮੰਡ, ਸਤਨਾਮ ਸਿੰਘ ਪਾਉਂਟਾ ਸਾਹਿਬ, ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਭਾਈ ਮੋਹਕਮ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਕੁਲਬੀਰ ਸਿੰਘ ਬੜਾਪਿੰਡ, ਭਾਈ ਨਰੈਣ ਸਿੰਘ ਚੌੜਾ ਤੇ ਹੋਰ ਸਿੱਖ ਸ਼ਖ਼ਸੀਅਤਾਂ ਤੇ ਭਾਈ ਗਜਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ। ਅਰਦਾਸ ਤੇ ਹੁਕਮਨਾਮੇ ਉਪਰੰਤ ਸ਼੍ਰੋਮਣੀ ਕਮੇਟੀ ਪ੍ਰਧਾਨ ਸ੍ਰ ਧਾਮੀ ਵੱਲੋਂ ਹਵਾਈ ਜਹਾਜ਼ ਅਗਵਾਕਾਰ ਤੇ ਜਲਤਾਵਤਨ ਸਿੱਖ ਆਗੂ ਭਾਈ ਗਜਿੰਦਰ ਸਿੰਘ, ਜੋ ਬੀਤੇ ਵਰ੍ਹੇ ਪਾਕਿਸਤਾਨ ਵਿੱਚ ਅਕਾਲ ਚਲਾਣਾ ਕਰ ਗਏ ਸਨ, ਦੇ ਭਰਾਤਾ ਦਰਸ਼ਨ ਸਿੰਘ,



ਭਰਜਾਈ ਤੇਜਿੰਦਰ ਕੌਰ ਤੋਂ ਇਲਾਵਾ ਭਾਈ ਗਜਿੰਦਰ ਸਿੰਘ ਦੇ ਸਾਥੀ ਹਾਈਜੈਕਰ ਭਾਈ ਸਤਿਨਾਮ ਸਿੰਘ ਪਾਉਂਟਾ ਸਾਹਿਬ ਤੇ ਸ਼ਹੀਦ ਭਾਈ ਬਲਵਿੰਦਰ ਸਿੰਘ ਜਟਾਣਾ ਦੀ ਭੈਣ ਬੀਬੀ ਸੁਰਿੰਦਰ ਕੌਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਦਲ ਖ਼ਾਲਸਾ ਦੇ ਭਾਈ ਹਰਪਾਲ ਸਿੰਘ ਚੀਮਾ, ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ, ਸਿਮਰਨਜੀਤ ਸਿੰਘ ਮਾਨ ਤੇ ਹੋਰਨਾਂ ਨੇ ਮੰਗ ਕੀਤੀ ਕਿ ਭਾਈ ਗਜਿੰਦਰ ਸਿੰਘ ਤੇ ਕੈਨੇਡਾ ਵਿਖੇ ਸ਼ਹੀਦ ਕੀਤੇ ਗਏ ਭਾਈ ਨਿੱਝਰ ਦੀਆਂ ਪੰਥਕ ਸੇਵਾਵਾਂ ਨੂੰ ਦੇਖਦੇ ਹੋਏ ਸ਼੍ਰੋਮਣੀ ਕਮੇਟੀ ਤੋਂ ਉਨ੍ਹਾਂ ਦੀਆਂ ਤਸਵੀਰਾਂ ਜਲਦੀ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਗਾਉਣ ਦੀ ਮੰਗ ਕੀਤੀ ਗਈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਅਮਰੀਕਾ ਦੀ ਉਲਝੀ ਸਿਆਸੀ ਤੰਦ

ਇਸ ਸਮੇਂ ਪੂਰੇ ਵਿਸ਼ਵ ਦੀਆਂ ਨਜ਼ਰਾਂ ਅਮਰੀਕਾ ਵੱਲ ਲੱਗੀਆਂ ਹੋਈਆਂ ਹਨ। ਬੀਤੇ ਦਿਨਾਂ ਦੌਰਾਨ ਅਮਰੀਕਾ ਦੀ ਸਿਆਸਤ ਵਿੱਚ ਸਰਗਰਮੀਆਂ ਇੱਕ ਦਮ ਤੇਜ਼ ਹੋ ਗਈਆਂ ਹਨ। ਅਮਰੀਕਾ ਦੇ ਅਰਬਪਤੀ ਅਤੇ ਪ੍ਰਸਿੱਧ ਕੰਪਨੀ ਟੇਸਲਾ, ਸਪੇਸਐਕਸ ਤੇ ਐਕਸ ਪਲੇਟਫਾਰਮ ਦੇ ਮਾਲਕ ਐਲਨ ਮਸਕ ਵੱਲੋਂ ਨਵੀਂ ਸਿਆਸੀ ਪਾਰਟੀ ਦਾ ਐਲਾਨ ਕਰਨ ਅਤੇ ਰਾਸ਼ਟਰਪਤੀ ਟਰੰਪ ਵੱਲੋਂ ਉਸ ਦਾ ਮਜ਼ਾਕ ਉਡਾਉਣ ਤੋਂ ਬਾਅਦ ਮਸਕ ਅਤੇ ਟਰੰਪ ਵਿਚਾਲੇ ਵਿਵਾਦ ਹੋਰ ਗਹਿਰਾ ਹੋ ਗਿਆ ਹੈ। ਬੀਤੇ ਸਮੇਂ ਦੇ ਚੰਗੇ ਦੋਸਤ ਰਹੇ ਇਹ ਆਗੂ ਹੁਣ ਇੱਕ ਦੂਜੇ ਵਿਰੁੱਧ ਦੁਸ਼ਮਣਾਂ ਵਾਂਗ ਖੜੇ ਹੋ ਗਏ ਹਨ। ਮਸਕ ਦਾ ਕਹਿਣਾ ਹੈ ਕਿ ਉਸ ਦੀ ਬਣਾਈ ਸਿਆਸੀ ਪਾਰਟੀ ਅਮਰੀਕਾ ਦੀ ਸਿਆਸਤ ਵਿੱਚ ਵੱਡਾ ਬਦਲਾਓ ਲਿਆਵੇਗੀ। ਜਿਸ ਕਰਕੇ ਕਿਆਸ-ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਅਮਰੀਕਾ ਵਿੱਚ ਦੋ ਦਲੀ ਪ੍ਰਣਾਲੀ ਦੀ ਥਾਂ ਹੁਣ ਤਿੰਨ ਦਲੀ ਪ੍ਰਣਾਲੀ ਦਾ ਯੁੱਗ ਸ਼ੁਰੂ ਹੋ ਸਕਦਾ ਹੈ।

ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਅਰਬਪਤੀ ਐਲਨ ਮਸਕ ਵਿਚਾਲੇ ਵਿਵਾਦ ਇੱਕ ਸਿਆਸੀ ਨੇਤਾ ਅਤੇ ਪੂੰਜੀਪਤੀ ਦਾ ਨਹੀਂ ਹੈ ਸਗੋਂ ਇਹ ਵਿਵਾਦ ਦੋ 'ਅਰਬਪਤੀਆਂ' ਵਿਚਾਲੇ ਹੈ। ਜਿੱਥੇ ਮਸਕ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮੰਨੇ ਜਾਂਦੇ ਹਨ, ਉਥੇ ਟਰੰਪ ਵੀ ਅਰਬਪਤੀ ਹਨ। ਟਰੰਪ ਸਿਰਫ਼ ਇੱਕ ਸਿਆਸੀ ਨੇਤਾ ਨਾ ਹੋ ਕੇ 5 ਅਰਬ ਡਾਲਰ ਦੇ ਮਾਲਕ ਹਨ। ਟਰੰਪ ਵੱਲੋਂ ਇਹ ਕਮਾਈ ਸਰਗਰਮ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਭਵਨ ਨਿਰਮਾਣ ਦੇ ਵਪਾਰ ਵਿਚੋਂ ਕੀਤੀ ਹੋਈ ਹੈ। ਇਸ ਕਰਕੇ ਟਰੰਪ-ਮਸਕ ਵਿਵਾਦ ਅਸਲ ਮਾਇਨੇ 'ਚ ਦੋ ਵੱਡੇ 'ਪੂੰਜੀਪਤੀਆਂ' ਵਿਚਾਲੇ ਟਕਰਾਓ ਹੈ। ਟਰੰਪ ਰਾਸ਼ਟਰਪਤੀ ਹੁੰਦਿਆਂ ਵੀ ਅਕਸਰ ਪੂੰਜੀਪਤੀਆਂ ਵਾਲੀ ਗੱਲਬਾਤ ਕਰ ਜਾਂਦੇ ਹਨ। ਟਰੰਪ ਦੀ ਆਦਤ ਹੈ ਕਿ ਉਹ ਹਰ ਗੱਲ ਵਿਚੋਂ ਆਪਣਾ ਜਾਂ ਅਮਰੀਕਾ ਦਾ ਮੁਨਾਫ਼ਾ ਭਾਲਦੇ ਹਨ। ਉਹਨਾਂ ਦੀ ਇਹ ਆਦਤ ਕਈ ਵਾਰ ਸਮੱਸਿਆਵਾਂ ਵੀ ਖੜੀਆਂ ਕਰ ਦਿੰਦੀ ਹੈ।

ਜੇ ਹੁਣ ਟਰੰਪ ਅਤੇ ਮਸਕ ਦੀ ਦੋਸਤੀ ਦੀ ਗੱਲ ਕੀਤੀ ਜਾਵੇ ਤਾਂ ਦੋਵਾਂ ਦੀ ਦੋਸਤੀ ਦੀ ਤੰਦ 2024 ਵਿੱਚ ਜੁੜੀ ਸੀ, ਜਦੋਂ ਪੈਨਸਿਲਵੇਨੀਆ ਵਿੱਚ ਟਰੰਪ 'ਤੇ ਹਮਲੇ ਦੀ ਘਟਨਾ ਵਾਪਰੀ ਸੀ। ਉਸ ਸਮੇਂ ਮਸਕ ਨੇ ਤੁਰੰਤ ਐਕਸ 'ਤੇ ਟਰੰਪ ਦਾ ਸਮਰਥਨ ਕੀਤਾ ਸੀ। ਅਮਰੀਕਾ 'ਚ ਰਾਸ਼ਟਰਪਤੀ ਚੋਣਾਂ ਦੌਰਾਨ ਅਰਬਪਤੀ ਮਸਕ ਨੇ ਟਰੰਪ ਲਈ ਪ੍ਰਚਾਰ ਕੀਤਾ ਅਤੇ 'ਮੇਕ ਅਮਰੀਕਾ ਗ੍ਰੇਟ ਅਗੇਨ' ਦਾ ਨਾਅਰਾ ਲਗਾਇਆ। ਜਿੱਤ ਤੋਂ ਬਾਅਦ, ਟਰੰਪ ਨੇ ਮਸਕ ਨੂੰ 'ਵਿਸ਼ੇਸ਼ ਸਰਕਾਰੀ ਕਰਮਚਾਰੀ' ਵੀ ਬਣਾਇਆ ਅਤੇ ਉਸ ਨੂੰ ਸਰਕਾਰੀ ਕੁਸ਼ਲਤਾ ਵਿਭਾਗ (ਡੀ.ਓ.ਜੀ.ਈ.) ਦੀ ਜ਼ਿੰਮੇਵਾਰੀ ਸੌਂਪੀ। ਕਿਹਾ ਜਾ ਰਿਹਾ ਹੈ ਕਿ ਟਰੰਪ ਅਤੇ ਮਸਕ ਵਿਚਾਲੇ ਦੋਸਤੀ ਟੁੱਟਣ ਦਾ ਮੁੱਖ ਕਾਰਨ 'ਟੈਕਸ ਨੀਤੀ ਬਿੱਲ' ਹੈ। ਇਹ ਬਿੱਲ ਇਲੈਕਟ੍ਰਿਕ ਵਾਹਨਾਂ (ਈ.ਵੀ.) 'ਤੇ ਟੈਕਸ ਛੋਟ ਨੂੰ ਖਤਮ ਕਰਨ ਦਾ ਪ੍ਰਸਤਾਵ ਰੱਖਦਾ ਹੈ। ਟਰੰਪ ਇਸ ਬਿੱਲ ਨੂੰ 'ਵਨ ਬਿਗ ਬਿਊਟੀਫੁੱਲ ਬਿੱਲ' ਕਹਿ ਕੇ ਇਸ ਦਾ ਪ੍ਰਚਾਰ ਕਰ ਰਹੇ ਹਨ। ਦੋਵਾਂ ਆਗੂਆਂ ਵਿਚਾਲੇ ਵਿਵਾਦ ਉਦੋਂ ਪੈਦਾ ਹੋ ਗਿਆ ਜਦੋਂ ਮਸਕ ਨੇ ਟਰੰਪ ਦੇ 'ਵਨ ਬਿਗ ਬਿਊਟੀਫੁੱਲ ਬਿੱਲ' ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ। ਮਸਕ ਨੇ ਇਸ ਬਿੱਲ ਨੂੰ 'ਐਕਸ' 'ਤੇ 'ਅਪਮਾਨਜਨਕ' ਕਿਹਾ। ਉਸਨੇ ਕਿਹਾ ਕਿ ਇਹ ਬਿੱਲ ਸਰਕਾਰੀ ਖਰਚੇ ਵਧਾਏਗਾ ਅਤੇ ਡੀ.ਓ.ਜੀ.ਈ. ਦੇ ਟੀਚਿਆਂ ਨੂੰ ਨੁਕਸਾਨ ਪਹੁੰਚਾਏਗਾ। ਟਰੰਪ ਦੇ ਦ੍ਰਿੜ ਇਰਾਦਿਆਂ ਕਾਰਨ ਇਹ ਬਿੱਲ ਅਮਰੀਕਾ ਦੀ ਸੰਸਦ ਵਿਚੋਂ ਪਾਸ ਹੋਣ ਤੋਂ ਬਾਅਦ ਹੁਣ ਕਾਨੂੰਨ ਬਣ ਗਿਆ ਹੈ।

ਟਰੰਪ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਸਿਆਸਤ ਹਮੇਸ਼ਾ ਸੁਰਖੀਆਂ ਬਟੋਰਦੀ ਹੈ। ਦੂਜੇ ਪਾਸੇ ਅਰਬਪਤੀ ਕਾਰੋਬਾਰੀ ਐਲਨ ਮਸਕ ਦੀ ਕੰਪਨੀ ਟੇਸਲਾ, ਸਪੇਸਐਕਸ ਤੇ ਐਕਸ ਪਲੇਟਫਾਰਮ ਨੇ ਅਮਰੀਕੀ ਅਰਥਚਾਰੇ ਤੇ ਸਿਆਸਤ ਵਿੱਚ ਨਵੀਆਂ ਲੀਹਾਂ ਪਾਈਆਂ ਹਨ। ਦੋਵਾਂ ਆਗੂਆਂ ਵਿਚਾਲੇ ਸ਼ੁਰੂ ਹੋਈ ਜੰਗ ਨੇ ਅਮਰੀਕਾ ਦੀ ਸਿਆਸੀ ਧਰਤੀ ਵਿੱਚ ਭੂਚਾਲ ਲਿਆ ਦਿੱਤਾ ਹੈ। ਇਹ ਜੰਗ ਸਿਰਫ਼ ਦੋ ਸ਼ਖਸੀਅਤਾਂ ਦੀ ਨਿੱਜੀ ਅੜਚਣ ਨਹੀਂ, ਸਗੋਂ ਇਸ ਦੇ ਡੂੰਘੇ ਪ੍ਰਭਾਵ ਅਮਰੀਕੀ ਅਰਥਚਾਰੇ, ਸਿਆਸਤ ਅਤੇ ਆਲਮੀ ਭਾਈਚਾਰੇ 'ਤੇ ਵੀ ਦਿਖਣ ਦੀ ਸੰਭਾਵਨਾ ਹੈ।

ਇਸ ਸਮੇਂ ਦੁਨੀਆਂ ਦੇ ਵੱਖ- ਵੱਖ ਦੇਸ਼ ਅਮਰੀਕਾ ਵਿੱਚ ਵਾਪਰ ਰਹੀਆਂ ਸਿਆਸੀ ਘਟਨਾਵਾਂ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ, ਕਿਉਂਕਿ ਅਮਰੀਕਾ ਦੀ ਸਿਆਸਤ ਵਿੱਚ ਹੁੰਦੀ ਹਲਚਲ ਦਾ ਅਸਰ ਪੂਰੇ ਵਿਸ਼ਵ 'ਤੇ ਵੀ ਕੁਝ ਹੱਦ ਤੱਕ ਹੁੰਦਾ ਹੈ। ਅਮਰੀਕਾ 'ਚ ਆਏ ਸਿਆਸੀ ਭੂਚਾਲ ਦੇ ਝਟਕੇ ਉਸ ਦੀਆਂ ਨੀਤੀਆਂ ਰਾਹੀਂ ਦੂਜੇ ਦੇਸ਼ਾਂ ਨੂੰ ਵੀ ਲੱਗ ਸਕਦੇ ਹਨ। ਅਮਰੀਕਾ ਦੇ ਰਾਸ਼ਟਰਪਤੀ ਨੂੰ ਇਹ ਵਹਿਮ ਹੋ ਗਿਆ ਹੈ ਕਿ ਉਹ ਸਾਰੀ ਦੁਨੀਆ ਉੱਪਰ ਸਰਦਾਰੀ ਕਰ ਸਕਦੇ ਹਨ ਅਤੇ ਪੂਰੇ ਵਿਸ਼ਵ 'ਤੇ ਅਮਰੀਕਾ ਦੀ ਬਾਦਸ਼ਾਹਤ ਕਾਇਮ ਰੱਖ ਸਕਦੇ ਹਨ। ਪੂੰਜੀਪਤੀ ਹੋਣ ਕਰਕੇ ਉਹਨਾਂ ਦੀਆਂ ਨੀਤੀਆਂ ਵਿਸਤਾਰਵਾਦੀ ਹਨ ਅਤੇ ਉਹ ਆਪਣੇ ਸਾਮਰਾਜ ਵਿੱਚ ਵਾਧੇ ਲਈ ਦਿਨ ਰਾਤ ਲੱਗੇ ਰਹਿੰਦੇ ਹਨ।

ਅਮਰੀਕਾ ਦੁਨੀਆ ਸੁਪਰ ਸ਼ਕਤੀ ਹੈ ਅਤੇ ਵੱਡੀ ਅਰਥ ਵਿਵਸਥਾ ਹੈ। ਅਮਰੀਕਾ ਦੀ ਸਿਆਸਤ ਵਿੱਚ ਹੁੰਦੀ ਉਥਲ- ਪੁਥਲ ਦਾ ਉਸ ਦੀ ਆਰਥਿਕਤਾ 'ਤੇ ਵੀ ਪ੍ਰਭਾਵ ਪੈਣਾ ਲਾਜ਼ਮੀ ਹੈ। ਜਿਸ ਤਰੀਕੇ ਨਾਲ ਐਲਨ ਮਸਕ ਨੇ ਨਵੀਂ ਸਿਆਸੀ ਪਾਰਟੀ ਦੀ ਸਥਾਪਨਾ ਕੀਤੀ ਹੈ, ਉਸ ਤੋਂ ਪਤਾ ਚਲ ਜਾਂਦਾ ਹੈ ਕਿ ਉਸ ਵੱਲੋਂ ਹੁਣ ਅਮਰੀਕਾ ਦੀ ਸਿਆਸਤ ਵਿੱਚ ਸਰਗਰਮ ਹਿੱਸਾ ਲਿਆ ਜਾਵੇਗਾ। ਮਸਕ ਵੱਲੋਂ ਤਾਂ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਦੇ 40 ਫ਼ੀਸਦੀ ਵਸਨੀਕਾਂ ਵੱਲੋਂ ਉਸ ਦੀ ਨਵੀਂ ਸਿਆਸੀ ਪਾਰਟੀ ਦਾ ਸਮਰਥਨ ਕੀਤਾ ਜਾ ਰਿਹਾ ਹੈ। ਟਰੰਪ ਅਤੇ ਮਸਕ ਦੇ ਟਕਰਾਓ ਕਾਰਨ ਅਤੇ ਮਸਕ ਵੱਲੋਂ ਨਵੀਂ ਸਿਆਸੀ ਪਾਰਟੀ ਦੇ ਗਠਨ ਨਾਲ ਅਮਰੀਕਾ ਦੀ ਸਿਆਸੀ ਤੰਦ ਹੋਰ ਉਲਝ ਗਈ ਹੈ। ਹੁਣ ਇਹ ਵੇਖਣ ਵਾਲੀ ਗੱਲ ਹੋਵੇਗੀ ਕਿ ਮਸਕ ਦੀ ਸਿਆਸੀ ਪਾਰਟੀ ਅਮਰੀਕਾ ਦੀ ਸਿਆਸਤ 'ਤੇ ਕੀ ਪ੍ਰਭਾਵ ਪਾਉਂਦੀ ਹੈ ਅਤੇ ਟਰੰਪ ਤੇ ਮਸਕ ਵਿਚਾਲੇ ਜਾਰੀ ਟਕਰਾਓ ਦਾ ਅੰਤ ਕੀ ਹੁੰਦਾ ਹੈ?

# ਕਿੰਨਾ ਕੁ ਮਹੱਤਵਪੂਰਨ ਹੈ ਪੰਜਾਬ ਮੰਤਰੀ ਮੰਡਲ 'ਚ ਰੱਦੋਬਦਲ



ਉਜਾਗਰ ਸਿੰਘ
(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)

**ਭਗਵੰਤ ਸਿੰਘ ਮਾਨ ਮੰਤਰੀ ਮੰਡਲ ਦਾ ਸੱਤਵੀਂ ਵਾਰ ਵਿਸਥਾਰ ਹੋ ਗਿਆ ਹੈ ਜਿਸ ਵਿੱਚ ਲੁਧਿਆਣਾ ਪੱਛਮੀ ਤੋਂ ਉਪ ਚੋਣ ਵਿੱਚ ਜਿੱਤੇ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ। ਸੰਜੀਵ ਅਰੋੜਾ ਨੂੰ ਇੰਡਸਟਰੀਜ਼, ਕਾਮਰਸ, ਇਨਵੈਸਟਮੈਂਟ ਪ੍ਰਮੋਸ਼ਨ ਅਤੇ ਐੱਨ.ਆਰ.ਆਈ. ਅਫੇਅਰਜ਼ ਵਿਭਾਗ ਦਿੱਤੇ ਗਏ ਹਨ। ਇੰਡਸਟਰੀਜ਼, ਕਾਮਰਸ ਅਤੇ ਇਨਵੈਸਟਮੈਂਟ ਪ੍ਰਮੋਸ਼ਨ ਵਿਭਾਗ ਤਰਨਜੀਤ ਸਿੰਘ ਸੌਂਦ ਤੋਂ ਲੈ ਕੇ ਦਿੱਤੇ ਗਏ ਹਨ।**



ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਨੂੰ ਪਾਰਦਰਸ਼ਤਾ ਰੱਖਣ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਲਈ ਵਾਰ-ਵਾਰ ਮੰਤਰੀ ਮੰਡਲ 'ਚ ਤਬਦੀਲੀ ਕਰਨੀ ਪੈ ਰਹੀ ਹੈ। ਇਸ ਮੰਤਵ ਦੀ ਪੂਰਤੀ ਲਈ ਉਸ ਨੂੰ ਆਪਣੇ ਮੰਤਰੀ ਮੰਡਲ ਦੇ ਸੱਤ ਮੰਤਰੀਆਂ ਵਿਜੇ ਕੁਮਾਰ ਸਿੰਗਲਾ, ਇੰਦਰਬੀਰ ਸਿੰਘ ਨਿੱਜਰ, ਫ਼ੌਜਾ ਸਿੰਘ ਸਰਾਰੀ, ਚੇਤਨ ਸਿੰਘ ਜੌੜੇਮਾਜਰਾ, ਬਲਕਾਰ ਸਿੰਘ, ਅਨਮੋਲ ਗਗਨ ਮਾਨ ਤੇ ਕੁਲਦੀਪ ਸਿੰਘ ਧਾਲੀਵਾਲ ਦੀ ਬਲੀ ਵੀ ਦੇਣੀ ਪਈ ਹੈ ਕਿਉਂਕਿ ਪੰਜਾਬ ਦੇ ਲੋਕਾਂ ਨਾਲ ਭ੍ਰਿਸ਼ਟਾਚਾਰ ਮੁਕਤ ਰਾਜ ਪ੍ਰਬੰਧ ਦੇਣ ਲਈ ਦੇ ਵਾਅਦੇ 'ਤੇ ਖ਼ਰਾ ਉਤਰਨ ਲਈ ਇੰਝ ਕਰਨਾ ਜ਼ਰੂਰੀ ਸੀ। ਭਗਵੰਤ ਸਿੰਘ ਮਾਨ ਮੰਤਰੀ ਮੰਡਲ ਦਾ ਸੱਤਵੀਂ ਵਾਰ ਵਿਸਥਾਰ ਹੋ ਗਿਆ ਹੈ ਜਿਸ ਵਿੱਚ ਲੁਧਿਆਣਾ ਪੱਛਮੀ ਤੋਂ ਉਪ ਚੋਣ ਵਿੱਚ ਜਿੱਤੇ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ। ਸੰਜੀਵ ਅਰੋੜਾ ਨੂੰ ਇੰਡਸਟਰੀਜ਼, ਕਾਮਰਸ, ਇਨਵੈਸਟਮੈਂਟ ਪ੍ਰਮੋਸ਼ਨ ਅਤੇ ਐੱਨ.ਆਰ.ਆਈ. ਅਫੇਅਰਜ਼ ਵਿਭਾਗ ਦਿੱਤੇ ਗਏ ਹਨ। ਇੰਡਸਟਰੀਜ਼, ਕਾਮਰਸ ਅਤੇ ਇਨਵੈਸਟਮੈਂਟ ਪ੍ਰਮੋਸ਼ਨ ਵਿਭਾਗ ਤਰਨਜੀਤ ਸਿੰਘ ਸੌਂਦ ਤੋਂ ਲੈ ਕੇ ਦਿੱਤੇ ਗਏ ਹਨ। ਕੁਲਦੀਪ ਸਿੰਘ ਧਾਲੀਵਾਲ ਜਿਹੜਾ ਕਿਸੇ ਸਮੇਂ ਮੁੱਖ ਮੰਤਰੀ ਦਾ ਖਾਸਮਖਾਸ ਹੁੰਦਾ ਸੀ ਅਤੇ ਉਸ ਕੋਲ ਦਿਹਾਤੀ ਵਿਕਾਸ ਵਾਲਾ ਮਹੱਤਵਪੂਰਨ ਵਿਭਾਗ ਵੀ ਹੁੰਦਾ ਸੀ, ਪਹਿਲਾਂ ਉਸ ਤੋਂ ਸਾਰੇ ਵਿਭਾਗ ਲੈ ਕੇ ਸਿਰਫ਼ ਐੱਨ.ਆਰ.ਆਈ.ਅਫੇਅਰਜ਼ ਰਹਿਣ ਦਿੱਤਾ ਸੀ ਤੇ ਹੁਣ ਉਸ ਦਾ ਅਸਤੀਫ਼ਾ ਲੈ ਕੇ ਛਾਂਟੀ ਕਰ ਦਿੱਤੀ ਹੈ। ਉਸ ਦਾ ਐੱਨ.ਆਰ.ਆਈ. ਅਫੇਅਰਜ਼ ਵਿਭਾਗ ਸੰਜੀਵ ਅਰੋੜਾ ਨੂੰ ਦੇ ਦਿੱਤਾ ਹੈ। ਲੁਧਿਆਣਾ ਪੱਛਮੀ ਹਲਕੇ ਦੀ ਚੋਣ ਸਮੇਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਸਿੰਘ ਮਾਨ ਨੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਤੁਸੀਂ ਸੰਜੀਵ ਅਰੋੜਾ ਨੂੰ ਜਿਤਾ ਦਿਉ, ਉਸ ਨੂੰ ਮੰਤਰੀ ਬਣਾਇਆ ਜਾਵੇਗਾ। ਭਗਵੰਤ ਸਿੰਘ ਮਾਨ ਸਰਕਾਰ ਨੇ ਲਗਾਤਾਰ ਇਹ ਦੂਜੀ ਜ਼ਿਮਨੀ ਚੋਣ ਜਿੱਤੀ ਹੈ। ਇਸ ਤੋਂ ਪਹਿਲਾਂ ਗਿੱਦੜਬਾਹਾ ਅਤੇ ਡੇਰਾ ਬਾਬਾ ਨਾਨਕ ਵਿਧਾਨ ਸਭਾ ਹਲਕਿਆਂ ਦੀ ਉਪ ਚੋਣ ਵੀ ਜਿੱਤ ਚੁੱਕੇ ਹਨ।

ਇਉਂ ਲੱਗ ਰਿਹਾ ਹੈ ਕਸ਼ਮੀਰ ਸਿੰਘ ਸੋਹਲ ਵਿਧਾਨਕਾਰ ਤਰਨ ਤਾਰਨ ਦੇ ਸਵਰਗਵਾਸ ਹੋਣ ਨਾਲ ਖ਼ਾਲੀ ਹੋਈ ਸੀਟ ਦੀ ਚੋਣ ਵੀ ਚੋਣ ਕਮਿਸ਼ਨ ਨੂੰ ਦਸੰਬਰ 2025 ਤੋਂ ਪਹਿਲਾਂ ਕਰਵਾਉਣੀ ਪਵੇਗੀ। ਉਸ ਚੋਣ ਨੂੰ ਵੀ ਸਰਕਾਰ ਲੋਕਾਂ ਨਾਲ ਚੋਣ ਜਿੱਤਣ ਵਾਲੇ ਵਿਧਾਇਕ ਨੂੰ ਮੰਤਰੀ ਬਣਾਉਣ ਦਾ ਵਾਅਦਾ ਕਰ ਕੇ ਜਿੱਤੇਗੀ। ਇਸੇ ਕਰਕੇ ਮੰਤਰੀ ਮੰਡਲ ਵਿੱਚ ਇੱਕ-ਦੋ ਸੀਟਾਂ ਖ਼ਾਲੀ ਰੱਖੀਆਂ ਗਈਆਂ ਹਨ। ਪੰਜਾਬ ਦੇ ਇਤਿਹਾਸ 'ਤੇ ਨਜ਼ਰ ਮਾਰਿਆਂ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਭਗਵੰਤ ਸਿੰਘ ਮਾਨ ਦਾ ਪਹਿਲਾ ਅਜਿਹਾ ਮੰਤਰੀ ਮੰਡਲ ਹੈ ਜਿਸ ਦੀ ਸਾਢੇ ਤਿੰਨ ਸਾਲ ਦੀ ਟਰਮ ਵਿੱਚ ਹੀ ਸੱਤ ਵਾਰ ਮੰਤਰੀ ਮੰਡਲ ਦਾ ਵਿਸਤਾਰ ਕਰਨਾ ਪਿਆ ਹੈ ਤੇ ਇੰਨੀ ਵਾਰ ਹੀ ਮੰਤਰੀਆਂ ਦੇ ਵਿਭਾਗਾਂ ਵਿੱਚ ਤਬਦੀਲੀ ਕਰਨੀ ਪਈ ਹੈ।

ਭਗਵੰਤ ਸਿੰਘ ਮਾਨ ਨੇ ਪੰਜਾਬ ਦੇ 17ਵੇਂ ਮੁੱਖ ਮੰਤਰੀ ਦੇ ਤੌਰ 'ਤੇ 16 ਮਾਰਚ 2022 ਨੂੰ ਅਹੁਦੇ ਦੀ ਸਹੁੰ ਬੜੀ ਧੂਮਧਾਮ ਨਾਲ ਸ਼ਹੀਦ ਭਗਤ ਸਿੰਘ ਦੇ ਜਨਮ ਅਸਥਾਨ ਖਟਕੜ ਕਲਾਂ ਵਿਖੇ ਚੁੱਕੀ ਸੀ। ਇਮਾਨਦਾਰੀ ਅਤੇ ਪਾਰਦਰਸ਼ਤਾ ਦਾ ਇਨਕਲਾਬ ਲਿਆਉਣ ਦੀ ਗੱਲ ਕੀਤੀ ਸੀ। ਪਹਿਲੀ ਸੱਟੇ ਉਸ ਨੇ ਆਪਣੇ ਮੰਤਰੀ ਮੰਡਲ ਵਿੱਚ 10 ਮੰਤਰੀ ਬਣਾਏ ਸਨ। ਆਪਣੀ ਵਜ਼ਾਰਤ ਵਿੱਚ ਵਿਜੇ ਕੁਮਾਰ ਸਿੰਗਲਾ ਨੂੰ ਸਿਹਤ ਮੰਤਰੀ ਬਣਾਇਆ ਸੀ ਪਰ ਦੋ ਮਹੀਨੇ ਅੱਠ ਦਿਨਾਂ ਬਾਅਦ 24 ਮਈ 2022 ਨੂੰ ਵਿਜੇ ਕੁਮਾਰ ਸਿੰਗਲਾ ਨੂੰ ਮੁੱਖ ਮੰਤਰੀ ਨੇ ਖ਼ੁਦ ਭ੍ਰਿਸ਼ਟਾਚਾਰ ਦੇ ਇਲਜ਼ਾਮ ਲਗਾ ਕੇ ਮੰਤਰੀ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਸੀ। ਵਿਜੇ ਕੁਮਾਰ ਸਿੰਗਲਾ ਨੂੰ ਮੰਤਰੀ ਮੰਡਲ ਤੋਂ ਬਰਖ਼ਾਸਤ ਕਰਨ ਸਮੇਂ ਮੁੱਖ ਮੰਤਰੀ ਨੇ ਕਿਹਾ ਸੀ, "ਪਾਰਦਰਸ਼ੀ ਤੇ ਭ੍ਰਿਸ਼ਟਾਚਾਰ ਮੁਕਤ ਰਾਜ ਪ੍ਰਬੰਧ ਦੇਣ ਦਾ ਪੰਜਾਬ ਦੇ ਲੋਕਾਂ ਨਾਲ ਕੀਤਾ ਗਿਆ ਵਾਅਦਾ ਪੂਰਾ ਕੀਤਾ ਗਿਆ ਹੈ। ਭ੍ਰਿਸ਼ਟਾਚਾਰ ਬਾਰੇ ਜ਼ੀਰੋ ਟੋਲਰੈਂਸ ਦੀ ਨੀਤੀ ਅਪਣਾਈ ਗਈ ਹੈ। ਲੋਕਾਂ ਦੇ ਵਿਸ਼ਵਾਸ 'ਤੇ ਸਰਕਾਰ ਖ਼ਰੀ ਉਤਰੇਗੀ। ਮੰਤਰੀ ਮੰਡਲ ਦੇ ਗਠਨ ਤੋਂ ਚਾਰ ਮਹੀਨੇ ਬਾਅਦ ਹੀ ਪੰਜ ਜੁਲਾਈ 2022 ਨੂੰ ਦੂਜੀ ਵਾਰ ਮੰਤਰੀ ਮੰਡਲ ਦਾ ਵਿਸਥਾਰ ਕੀਤਾ ਗਿਆ।

ਉਸ ਸਮੇਂ ਮਾਨ ਨੇ ਆਪਣੇ ਮੰਤਰੀ ਮੰਡਲ ਵਿੱਚ 5 ਨਵੇਂ ਮੰਤਰੀ ਸ਼ਾਮਲ ਕੀਤੇ ਸਨ ਜਿਨ੍ਹਾਂ ਵਿੱਚ ਅਮਨ ਅਰੋੜਾ, ਡਾ. ਇੰਦਰਬੀਰ ਸਿੰਘ ਨਿੱਜਰ, ਅਨਮੋਲ ਗਗਨ ਮਾਨ, ਫ਼ੌਜਾ ਸਿੰਘ ਸਰਾਰੀ ਅਤੇ ਚੇਤਨ ਸਿੰਘ ਜੌੜੇਮਾਜਰਾ ਸ਼ਾਮਲ ਸਨ। ਵਿਜੇ ਕੁਮਾਰ ਸਿੰਗਲਾ ਦਾ ਸਿਹਤ ਵਿਭਾਗ ਚੇਤਨ ਸਿੰਘ ਜੌੜੇਮਾਜਰਾ ਨੂੰ ਦਿੱਤਾ ਗਿਆ ਸੀ। ਸਿਆਸੀ ਪੜਚੋਲਕਾਰਾਂ ਅਨੁਸਾਰ ਬਦਲਾਅ ਦੇ ਨਾਂ 'ਤੇ ਬਹੁਤੇ ਵਿਧਾਨਕਾਰ ਪਹਿਲੀ ਵਾਰ ਬਣੇ ਹੋਣ ਕਰਕੇ ਉਨ੍ਹਾਂ ਨੂੰ ਪ੍ਰਸ਼ਾਸਨਿਕ ਤੇ ਪ੍ਰਬੰਧਕੀ ਪ੍ਰਣਾਲੀ ਦਾ ਤਜਰਬਾ ਨਹੀਂ ਹੈ। ਇਸ ਕਰਕੇ ਮੁੱਖ ਮੰਤਰੀ ਨੂੰ ਵਾਰ-ਵਾਰ ਮੰਤਰੀ ਮੰਡਲ ਵਿੱਚ ਤਬਦੀਲੀ ਕਰ ਕੇ ਨਵੇਂ-ਨਵੇਂ ਤਜਰਬੇ ਕਰਨੇ ਪੈ ਰਹੇ ਹਨ। ਫ਼ੌਜਾ ਸਿੰਘ ਸਰਾਰੀ ਫੂਡ ਪ੍ਰੋਸੈਸਿੰਗ ਅਤੇ ਡਿਫੈਂਸ ਵੈੱਲਫੇਅਰ ਮੰਤਰੀ ਉੱਪਰ ਭ੍ਰਿਸ਼ਟਾਚਾਰ ਦੇ ਇਲਜ਼ਾਮ ਲੱਗਣ ਤੋਂ ਬਾਅਦ ਅਸਤੀਫ਼ਾ 7 ਜਨਵਰੀ 2023 ਨੂੰ ਲੈ ਲਿਆ ਗਿਆ ਸੀ। ਉਸੇ ਦਿਨ ਦੁਪਹਿਰ ਨੂੰ ਤੀਜੀ ਵਾਰ ਵਿਸਥਾਰ ਕਰ ਕੇ ਡਾ. ਬਲਬੀਰ ਸਿੰਘ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਸੀ। ਚੇਤਨ ਸਿੰਘ ਜੌੜੇਮਾਜਰਾ ਤੋਂ ਸਿਹਤ ਵਿਭਾਗ ਵਾਪਸ ਲੈ ਕੇ ਡਾ. ਬਲਬੀਰ ਸਿੰਘ ਨੂੰ ਦਿੱਤਾ ਗਿਆ ਸੀ ਕਿਉਂਕਿ 30 ਜੁਲਾਈ 2022 ਨੂੰ ਜੌੜੇਮਾਜਰਾ ਅੰਤਰਰਾਸ਼ਟਰੀ ਪੱਧਰ ਦੇ ਆਰਥੋਪੀਡਿਕ ਸਰਜਨ ਡਾ. ਰਾਜ ਬਹਾਦਰ ਉਪ ਕੁਲਪਤੀ ਪੰਜਾਬ ਹੈਲਥ ਸਇੰਸਿਜ਼ ਯੂਨੀਵਰਸਿਟੀ ਫ਼ਰੀਦਕੋਟ ਨਾਲ ਦੁਰਵਿਵਹਾਰ ਕਰਨ ਕਰ ਕੇ ਵਾਦ-ਵਿਵਾਦ ਵਿੱਚ ਰਹੇ ਸਨ।

ਉਸ ਸਮੇਂ ਲੋਕਾਂ ਨੇ ਚੇਤਨ ਸਿੰਘ ਜੌੜੇਮਾਜਰਾ ਦੇ ਅਸਤੀਫ਼ੇ ਦੀ ਮੰਗ ਵੀ ਕੀਤੀ ਸੀ। ਇੱਥੋਂ ਤੱਕ ਕਿ ਮੁੱਖ ਮੰਤਰੀ ਦੇ ਡਾ. ਰਾਜ ਬਹਾਦਰ ਨਾਲ ਚੰਗੇ ਸਬੰਧ ਸਨ। ਇਸ ਤੋਂ ਚਾਰ ਮਹੀਨੇ ਬਾਅਦ 31 ਮਈ 2023 ਨੂੰ ਚੌਥੀ ਵਾਰ ਵਿਸਥਾਰ ਕੀਤਾ ਗਿਆ ਜਿਸ ਵਿੱਚ ਇੰਦਰਬੀਰ ਸਿੰਘ ਨਿੱਜਰ ਨੂੰ ਮੰਤਰੀ ਮੰਡਲ ਵਿੱਚੋਂ ਕੱਢ ਦਿੱਤਾ ਗਿਆ ਅਤੇ ਦੋ ਨਵੇਂ ਮੰਤਰੀ ਜਲੰਧਰ ਜ਼ਿਲ੍ਹੇ ਦੇ ਕਰਤਾਰਪੁਰ ਵਿਧਾਨ ਸਭਾ ਹਲਕੇ ਦੇ ਰਾਖਵੇਂ ਹਲਕੇ ਤੋਂ ਵਿਧਾਨਕਾਰ ਬਲਕਾਰ ਸਿੰਘ ਅਤੇ ਮੁਕਤਸਰ ਜ਼ਿਲ੍ਹੇ ਦੇ ਲੰਬੀ ਹਲਕੇ ਦੇ ਵਿਧਾਨਕਾਰ ਗੁਰਮੀਤ ਸਿੰਘ ਖੁੱਡੀਆਂ, ਜਿਨ੍ਹਾਂ ਨੇ ਪੰਜਾਬ ਦੇ ਪੰਜ ਵਾਰ ਰਹੇ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਹਰਾਇਆ ਸੀ, ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ। ਫਿਰ ਚਾਰ ਮਹੀਨੇ ਬਾਅਦ 22 ਸਤੰਬਰ 2024 ਵਾਲੇ ਦਿਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਆਪਣੇ ਚਾਰ ਮੰਤਰੀਆਂ ਬਲਕਾਰ ਸਿੰਘ, ਜੌੜੇਮਾਜਰਾ, ਬ੍ਰਹਮ ਸ਼ੰਕਰ ਜਿੰਪਾ ਅਤੇ ਅਨਮੋਲ ਗਗਨ ਮਾਨ ਤੋਂ ਅਸਤੀਫ਼ੇ ਲੈਣੇ ਪੈ ਗਏ। ਪੰਜਵੀਂ ਵਾਰ ਮੰਤਰੀ ਮੰਡਲ ਦਾ ਵਿਸਥਾਰ ਕਰਦਿਆਂ ਇਨ੍ਹਾਂ ਦੀ ਥਾਂ ਡਾ. ਰਵਜੋਤ ਸਿੰਘ, ਹਰਦੀਪ ਸਿੰਘ ਮੁੰਡੀਆਂ, ਤਰਨਜੀਤ ਸਿੰਘ ਸੌਂਦ ਅਤੇ ਬਰਿੰਦਰ ਕੁਮਾਰ ਗੋਇਲ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ। ਛੇਵੀਂ ਵਾਰ ਕੀਤੇ ਵਿਸਥਾਰ ਵਿੱਚ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ।

ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਸੱਤ ਵਾਰ ਹੀ ਮੰਤਰੀਆਂ ਦੇ ਵਿਭਾਗਾਂ ਵਿੱਚ ਤਬਦੀਲੀ ਕੀਤੀ ਗਈ ਹੈ। ਡਾ. ਬਲਜੀਤ ਕੌਰ ਨੂੰ ਛੱਡ ਕੇ ਲਗਪਗ ਹਰ ਮੰਤਰੀ ਦੇ ਵਿਭਾਗਾਂ ਵਿੱਚ ਤਬਦੀਲੀ ਹੁੰਦੀ ਰਹੀ ਹੈ। ਉਹ ਮੰਤਰੀ ਮੰਡਲ ਵਿੱਚ ਇਕੱਲੀ ਹੀ ਇਸਤਰੀ ਮੰਤਰੀ ਹੈ। ਗੁਰਮੀਤ ਸਿੰਘ ਮੀਤ ਹੇਅਰ ਦੇ ਲੋਕ ਸਭਾ ਵਿੱਚ ਚੁਣੇ ਜਾਣ ਤੋਂ ਬਾਅਦ ਉਸ ਨੂੰ ਵੀ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ।

ਇਹ ਵੀ ਵੇਖਣ ਵਿੱਚ ਮਿਲਿਆ ਹੈ ਕਿ ਜਿਹੜੇ ਮੰਤਰੀ ਕਿਸੇ ਮੌਕੇ ਮੁੱਖ ਮੰਤਰੀ ਦੇ ਚਹੇਤੇ ਹੁੰਦੇ ਸਨ ਤੇ ਉਨ੍ਹਾਂ ਕੋਲ ਮਹੱਤਵਪੂਰਨ ਅਹੁਦੇ ਹੁੰਦੇ ਸਨ, ਉਨ੍ਹਾਂ ਨੂੰ ਨੁੱਕਰੇ ਲਗਾਇਆ ਗਿਆ। ਇਸ ਤੋਂ ਮਹਿਸੂਸ ਹੁੰਦਾ ਹੈ ਕਿ ਮੁੱਖ ਮੰਤਰੀ ਦੀ ਆਸ 'ਤੇ ਮੰਤਰੀ ਪੂਰੇ ਨਹੀਂ ਉਤਰੇ, ਇਸ ਕਰਕੇ ਹੀ ਮੁੱਖ ਮੰਤਰੀ ਨੂੰ ਮੰਤਰੀਆਂ ਅਤੇ ਵਿਭਾਗਾਂ ਵਿੱਚ ਤਬਦੀਲੀਆਂ ਕਰਨੀਆਂ ਪੈ ਰਹੀਆਂ ਹਨ। ਇਸ ਵਿਸਥਾਰ ਵਿੱਚ ਤਰਨਜੀਤ ਸਿੰਘ ਸੌਂਦ ਦੇ ਪਰ ਕੁਤਰੇ ਗਏ ਲੱਗਦੇ ਹਨ। ਸੰਜੀਵ ਅਰੋੜਾ ਦੇ ਮੰਤਰੀ ਬਣਨ ਤੋਂ ਬਾਅਦ ਕੁਝ ਮੰਤਰੀਆਂ ਦੇ ਵਿਭਾਗਾਂ ਵਿੱਚ ਵੀ ਤਬਦੀਲੀ ਕੀਤੀ ਗਈ ਹੈ। ਅਜੇ ਸਰਕਾਰ ਦਾ ਡੇਢ ਸਾਲ ਬਾਕੀ ਹੈ। ਇਉਂ ਲੱਗਦਾ ਹੈ ਕਿ ਭਵਿੱਖ ਵਿੱਚ ਮੰਤਰੀ ਮੰਡਲ ਵਿੱਚ ਹੋਰ ਤਬਦੀਲੀਆਂ ਹੋਣਗੀਆਂ ਕਿਉਂਕਿ ਦੋ ਅਹੁਦੇ ਹਾਲੇ ਖ਼ਾਲੀ ਹਨ। ਵੇਖਦੇ ਹਾਂ ਕਿ ਭਗਵੰਤ ਸਿੰਘ ਮਾਨ ਦਾ ਮੰਤਰੀ ਮੰਡਲ ਅਗਲੇ ਡੇਢ ਸਾਲ ਵਿੱਚ ਕਿਹੜੀ ਜਾਦੂ ਦੀ ਛੜੀ ਨਾਲ ਪੰਜਾਬ ਦੀ ਆਰਥਿਕਤਾ ਨੂੰ ਲੀਹਾਂ 'ਤੇ ਲਿਆਵੇਗਾ।

# ਏ.ਆਈ. ਕਾਰਨ ਖ਼ਤਰਨਾਕ ਤੇ ਭਰਮਾਊ ਹੋ ਗਈਆਂ ਹਨ ਜੰਗਾਂ !

ਡਾ. ਅਨੀਤਾ ਰਠੌਲ

ਮਸਨੂਈ ਬੁੱਧੀ ਭਾਵ ਆਰਟੀਫੀਸ਼ਲ ਇੰਟੈਲੀਜੈਂਸ 'ਏ.ਆਈ.' ਨੂੰ ਸਹੂਲਤਾਂ ਲਈ ਜਿਸ ਅਲਾਦੀਨੀ ਚਿਰਾਗ ਦੀ ਹੈਸੀਅਤ ਹਾਸਿਲ ਹੈ, ਉਥੇ ਏ.ਆਈ. ਨੇ ਇੱਕ ਨਵੀਂ ਤਰ੍ਹਾਂ ਦਾ ਭਰਮ ਜਾਲ ਰਚ ਕੇ ਇਨਸਾਨ ਲਈ ਬੇਹੱਦ ਖ਼ਤਰਨਾਕ ਸਥਿਤੀ ਪੈਦਾ ਕਰ ਦਿੱਤੀ ਹੈ। ਖ਼ਾਸ ਕਰਕੇ ਜੰਗ ਦੇ ਮਾਮਲੇ ਵਿੱਚ ਤਾਂ ਇਹ ਇਸ ਹੱਦ ਤੱਕ ਭਰਮ ਫੈਲਾਉਣ ਵਿੱਚ ਏਨੀ ਅਸਰਦਾਰ ਸਾਬਿਤ ਹੋਈ ਹੈ ਕਿ ਲਗਦਾ ਹੈ ਕਿ ਮਹਾਕਾਵਾਂ ਵਿੱਚ ਕੈਦ ਭਰਮ ਪੈਦਾ ਕਰਨ ਵਾਲੀ ਜੰਗ ਅੱਜ ਦੀ ਤਰੀਕ ਵਿੱਚ ਹਕੀਕਤ ਬਣ ਗਈ ਹੈ। ਹੁਣ ਇਜ਼ਰਾਇਲ-ਇਰਾਨ ਸੰਘਰਸ਼ ਨੂੰ ਹੀ ਲੈ ਲਓ, ਇਸ ਵਿੱਚ ਏ.ਆਈ. ਨੇ ਏਨੀ ਭਰਮ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਭ ਕੋਸ਼ਿਸ਼ਾਂ ਦੇ ਬਾਅਦ ਵੀ ਇਹ ਪਤਾ ਨਹੀਂ ਲਗ ਰਿਹਾ ਕਿ ਸੱਚਮੁਚ ਜੰਗ ਵਿੱਚ ਅਸਲੀ ਸਥਿਤੀ ਕੀ ਹੈ? ਏ.ਆਈ. ਕਾਰਨ 13 ਜੂਨ, 2025 ਨੂੰ ਸ਼ੁਰੂ ਹੋਈ ਇਜ਼ਰਾਇਲ-ਇਰਾਨ ਜੰਗ ਵਿੱਚ ਦਰਜਨਾਂ ਇਸ ਤਰ੍ਹਾਂ ਦੀਆਂ ਝੂਠੀਆਂ ਵੀਡੀਓ ਬਣਾਈਆਂ ਗਈਆਂ ਹਨ, ਜਿਨ੍ਹਾਂ ਕਾਰਨ ਦੁਨੀਆਂ ਭਰ ਦੀ ਰਾਏ ਕਈ-ਕਈ ਵਾਰ ਨਾ ਸਿਰਫ਼ ਬਦਲੀ ਹੈ ਸਗੋਂ ਕਰੋੜਾਂ ਕਰੋੜ ਲੋਕ ਹਕੀਕਤ ਵਿੱਚ ਇਹ ਨਹੀਂ ਜਾਣ ਸਕੇ ਕਿ ਇਸ ਜੰਗ ਦੀ ਅਸਲੀ ਸਥਿਤੀ ਕੀ ਹੈ? ਮੀਡੀਆ ਸੰਸਥਾਵਾਂ ਵੱਲੋਂ ਹੁਣ ਤੱਕ ਦਰਜਨਾਂ ਇਸ ਤਰ੍ਹਾਂ ਦੇ ਵੀਡੀਓ ਨਕਲੀ ਸਾਬਿਤ ਕੀਤੇ ਜਾ ਚੁੱਕੇ ਹਨ, ਜੋ ਕਿਸੇ ਇੱਕ ਦੀ ਖ਼ੌਫ਼ਨਾਕ ਤਾਕਤ ਦੀ ਕਹਾਣੀ ਕਹਿ ਰਹੇ ਸਨ ਅਤੇ ਜਿਨ੍ਹਾਂ ਨੂੰ ਲੱਖ, ਦੋ ਲੱਖ ਨਹੀਂ ਸਗੋਂ 10-10 ਕਰੋੜ ਲੋਕਾਂ ਨੇ ਦੇਖਿਆ ਸੀ ਅਤੇ ਇਨ੍ਹਾਂ ਦੇ ਆਧਾਰ 'ਤੇ ਆਪਣੀ-ਆਪਣੀ ਰਾਏ ਬਣਾ ਲਈ ਸੀ।

ਮਸਨੂਈ ਬੁੱਧੀ ਭਾਵ ਏ.ਆਈ. ਦੇ ਚਲਦਿਆਂ ਪੂਰੀ ਦੁਨੀਆਂ ਵਿੱਚ ਇਰਾਨ ਦੀਆਂ ਜਵਾਬੀ ਕਾਰਵਾਈਆਂ ਨੂੰ ਕੁਝ ਇਸ ਤਰ੍ਹਾਂ ਵਧਾਅ ਚੜ੍ਹਾਅ ਕੇ ਪੇਸ਼ ਕੀਤਾ ਗਿਆ ਹੈ ਕਿ ਕਈ ਮੁਸਲਿਮ ਦੇਸ਼ਾਂ ਵਿੱਚ ਤਾਂ ਇਨ੍ਹਾਂ ਵੀਡੀਓ ਨੂੰ ਦੇਖ ਕੇ ਵੱਡੇ-ਵੱਡੇ ਜਸ਼ਨ ਤੱਕ ਮਨਾਏ ਗਏ ਕਿ ਇਰਾਨ ਨੇ ਇਜ਼ਰਾਇਲ ਨੂੰ ਜ਼ਬਰਦਸਤ ਟੱਕਰ ਦੇ ਕੇ ਤਹਿਸ-ਨਹਿਸ ਕਰ ਦਿੱਤਾ ਹੈ। ਪਰ ਇਰਾਨ ਦੀ ਫ਼ੌਜੀ ਤਾਕਤ ਨੂੰ ਲੈ ਕੇ ਏ.ਆਈ. ਵੱਲੋਂ ਬਣਾਏ ਗਏ ਇਹ ਵੀਡੀਓਜ਼, ਜਿਥੇ ਪੂਰੀ ਤਰ੍ਹਾਂ ਨਕਲੀ ਸਨ, ਉਥੇ ਯੂਰਪ ਅਤੇ ਦੂਜੇ ਦੇਸ਼ਾਂ ਵਿੱਚ ਇਰਾਨ ਦੇ ਅੰਦਰ ਸਰਕਾਰ ਵਿਰੁੱਧ ਜੋ ਵੱਡੇ-ਵੱਡੇ ਅੰਦੋਲਨ ਅਤੇ ਲੋਕਾਂ ਦਾ ਵਿਰੋਧ ਉੱਭਰਿਆ ਦੇਖਿਆ ਗਿਆ ਹੈ, ਉਹ ਵੀ ਸਭ ਝੂਠੇ ਪਾਏ ਗਏ ਹਨ। ਸੱਚੀ ਗੱਲ ਤਾਂ ਇਹ ਹੈ ਕਿ ਏ.ਆਈ. ਨੇ ਏਨੀ ਭਰਮ ਵਾਲੀ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਸਹੀ ਸਹੀ ਅੰਦਾਜ਼ਾ ਹੀ ਨਹੀਂ ਲੱਗ ਰਿਹਾ ਕਿ ਇਸ ਜੰਗ ਵਿੱਚ ਕਿਸ ਦਾ ਅਤੇ ਕਿੰਨਾ ਪਲੜਾ ਭਾਰੀ ਹੈ। ਅੱਜ ਭਾਵੇਂ ਇਹ ਸਭ ਮਨੋਰੰਜਨ ਲੱਗੇ, ਪਰ ਮਾਹਿਰਾਂ ਅਨੁਸਾਰ ਭਵਿੱਖ ਵਿੱਚ ਇਹ ਸਭ ਕੁਝ ਏਨਾ ਭਰਮਾਊ ਹੋ ਜਾਵੇਗਾ ਕਿ ਮਾਈਗ੍ਰੇਨ ਤੋਂ ਵੀ ਵੱਡਾ ਸਥਾਈ ਸਿਰਦਰਦ ਬਣ ਜਾਵੇਗਾ।

ਦਰਅਸਲ ਅੱਜ ਜੰਗ ਸਿਰਫ਼ ਜ਼ਮੀਨੀ ਜਾਂ ਹਵਾਈ ਹਥਿਆਰਾਂ ਨਾਲ ਹੀ ਨਹੀਂ ਲੜੀ ਜਾ ਰਹੀ ਹੈ ਸਗੋਂ ਇਸ ਨੂੰ ਏ.ਆਈ. ਨਾਲ ਵੀ ਲੜਿਆ ਜਾ ਰਿਹਾ ਹੈ। ਇਸ ਨੂੰ ਅਸੀਂ ਡਿਜੀਟਲ ਜੰਗ ਵੀ ਕਹਿ ਸਕਦੇ ਹਾਂ। ਇਰਾਨ ਅਤੇ ਇਜ਼ਰਾਇਲ ਦੀ ਮੌਜੂਦਾ ਜੰਗ ਵਿੱਚ ਏ.ਆਈ. ਦੀ ਜੋ ਵਿਆਪਕ ਭੂਮਿਕਾ ਉੱਭਰ ਕੇ ਸਾਹਮਣੇ ਆਈ ਹੈ, ਉਸ ਨੇ ਵੱਡੇ-ਵੱਡੇ ਜੰਗ-ਮਾਹਿਰਾਂ ਦੇ ਹੋਸ਼ ਉਡਾ ਦਿੱਤੇ ਹਨ। ਫ਼ਰਜ਼ੀ ਵੀਡੀਓ ਦ੍ਰਿਸ਼, ਫ਼ਰਜ਼ੀ ਤਸਵੀਰਾਂ, ਇਥੋਂ ਤੱਕ ਕਿ ਚੈਟਬਾਟ ਤੋਂ ਕਹਾਈਆਂ ਗਈਆਂ ਫ਼ਰਜ਼ੀ ਜਾਣਕਾਰੀਆਂ ਨੇ ਵੀ ਸੱਚ ਅਤੇ ਝੂਠ ਦੀ ਹੱਦ ਨੂੰ ਧੁੰਦਲਾ ਬਣਾ ਬਣਾ ਦਿੱਤਾ ਹੈ। ਪਿਛਲੇ ਦਿਨੀਂ ਇੰਸਟਾਗ੍ਰਾਮ ਅਤੇ ਦੂਜੇ ਸੋਸ਼ਲ ਮੀਡੀਆ ਵਿੱਚ ਇੱਕ ਇਸ ਤਰ੍ਹਾਂ ਦੀ ਵੀਡੀਓ ਵਾਇਰਲ ਹੋਈ, ਜੋ ਤੇਲਅਵੀਵ 'ਤੇ ਸਾਧੇ ਗਏ ਖ਼ੌਫ਼ਨਾਕ ਨਿਸ਼ਾਨੇ ਦੀਆਂ ਭਿਆਨਕ ਤਸਵੀਰਾਂ ਪੇਸ਼ ਕਰ ਰਹੀ ਸੀ। ਪਰ ਜਦੋਂ ਖ਼ਬਰ ਏਜੰਸੀ ਏ.ਐਫ.ਪੀ. ਨੇ ਇਸ ਵੀਡੀਓ ਦੀ 'ਫੈਕਟ ਚੈਕ ਟੂਲ' ਜ਼ਰੀਏ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਇਹ ਬਿਲਕੁਲ ਫ਼ਰਜ਼ੀ ਵੀਡੀਓ ਹੈ, ਜਿਸ ਨੂੰ ਏ.ਆਈ. ਜ਼ਰੀਏ ਬਣਾਇਆ ਗਿਆ ਹੈ। ਤੇਲਅਵੀਵ ਦੀ ਜਿਸ ਤਬਾਹੀ ਨੂੰ ਦੇਖ ਕੇ ਦਰਜਨਾਂ ਮੁਸਲਿਮ ਦੇਸ਼ਾਂ ਵਿੱਚ ਵੱਡੇ ਵੱਡੇ ਜਸ਼ਨ ਹੋ ਰਹੇ ਸਨ, ਉਥੇ ਸਾਰੇ ਜਸ਼ਨ ਅਖ਼ੀਰ ਕੁਝ ਘੰਟਿਆਂ ਬਾਅਦ ਝੂਠੇ ਸਾਬਿਤ ਹੋਏ। ਠੀਕ ਉਂਝ ਹੀ ਜਿਵੇਂ ਯੂਰਪ ਅਤੇ ਅਮਰੀਕਾ ਵਿੱਚ ਲੋਕ ਇਹ ਦੇਖ ਕੇ ਖ਼ੁਸ਼ ਹੋ ਰਹੇ ਸਨ ਕਿ ਅਖੀਰ ਇਰਾਨੀਆਂ ਨੇ ਘਰ ਤੋਂ ਬਾਹਰ ਨਿਕਲ ਕੇ ਸਰਕਾਰ ਦਾ ਤਖ਼ਤਾ ਪਲਟਣ ਦਾ ਪੂਰੀ ਤਰ੍ਹਾਂ ਮਨ ਬਣਾ ਲਿਆ ਹੈ, ਇਹ ਵੀਡੀਓ ਵੀ ਪੂਰੀ ਤਰ੍ਹਾਂ ਨਾਲ ਝੂਠੇ ਸਨ। ਦਰਅਸਲ ਇਜ਼ਰਾਇਲ-ਇਰਾਨ ਯੁੱਧ ਨੇ ਝਲਕ ਦਿਖਾਈ ਹੈ ਕਿ ਆਉਣ ਵਾਲੇ ਦਿਨ ਕਿੰਨੇ ਭਰਮ ਪੈਦਾ ਕਰਨ ਵਾਲੇ ਸਾਬਿਤ ਹੋਣ ਵਾਲੇ ਹਨ ਜਦੋਂ ਸੱਚ ਅਤੇ ਝੂਠ ਵਿੱਚ ਫਰਕ ਕਰਨਾ ਆਮ ਲੋਕਾਂ ਦੀ ਤਾਂ ਛੱਡੋ, ਵੱਡੇ-ਵੱਡੇ ਯੁੱਧ ਰਣਨੀਤੀਕਾਰਾਂ ਲਈ ਵੀ ਮੁਸ਼ਕਿਲ ਹੋ ਜਾਣਗੇ।



ਜਿਸ ਰਫ਼ਤਾਰ ਨਾਲ ਮਨਸੂਈ ਬੁੱਧੀ ਦੀ ਤਕਨੀਕ ਡੂੰਘੀ ਅਸਲੀਅਤ ਨਾਲ ਲੈਸ ਹੁੰਦੀ ਜਾ ਰਹੀ ਹੈ ਅਤੇ ਇਹ ਤਕਨੀਕ ਦਿਨ ਪ੍ਰਤੀ ਦਿਨ ਬੇਹੱਦ ਮੁਸ਼ਕਿਲ ਵੀ ਹੁੰਦੀ ਜਾ ਰਹੀ ਹੈ, ਉਸ ਕਾਰਨ ਭਵਿੱਖ ਵਿਚ ਇਸ ਤਰ੍ਹਾਂ ਦੇ ਭਰਮ ਦਾ ਜਾਲ ਕੱਟਣਾ ਬਹੁਤ ਸੌਖਾ ਨਹੀਂ ਹੋਵੇਗਾ। ਹੱਦ ਤਾਂ ਇਹ ਹੈ ਕਿ ਇਸ ਸਥਿਤੀ ਤੋਂ ਛੁਟਕਾਰਾ ਦਿਵਾਉਣ ਲਈ ਜਿਨ੍ਹਾਂ ਚੈਟਬਾਟਸ ਨੂੰ ਟੂਲ ਦੇ ਰੂਪ ਵਿੱਚ ਦੇਖਿਆ ਜਾ ਰਿਹਾ ਸੀ, ਇਜ਼ਰਾਇਲ-ਇਰਾਨ ਜੰਗ ਦੌਰਾਨ ਉਹ ਚੈਟਬਾਟ ਵੀ ਭਰਮ ਦੇ ਜਾਲ ਵਿੱਚ ਫਸੇ ਪਾਏ ਗਏ ਹਨ।

ਇਜ਼ਰਾਇਲ-ਇਰਾਨ ਜੰਗ ਨੂੰ ਲੈ ਕੇ ਐਕਸ.ਏ.ਆਈ. ਦਾ ਗ੍ਰੋਕ ਚੈਟਬਾਟ ਨਾ ਸਿਰਫ਼ ਏ.ਆਈ. ਦੇ ਇਕ ਵੀਡੀਓਜ਼ ਨੂੰ ਅਸਲੀ ਦੱਸ ਕੇ ਗੁੰਮਰਾਹ ਕਰ ਰਿਹਾ ਸੀ, ਸਗੋਂ ਸ਼ਾਇਦ ਉਹ ਖ਼ੁਦ ਵੀ ਨਹੀਂ ਸਮਝ ਸਕਿਆ ਕਿ ਇਹ ਸੱਚ ਹੈ ਜਾਂ ਝੂਠ। ਇਜ਼ਰਾਇਲ-ਇਰਾਨ ਜੰਗ ਨੇ ਵੀਡੀਓ ਗੇਮ ਦੇ ਸਾਲਾਂ, ਦਹਾਕਿਆਂ ਪੁਰਾਣੇ ਫੁਟੇਜ ਨੂੰ ਵੀ ਜੰਗ ਦੇ ਤਾਜ਼ਾ ਵੇਰਵਿਆਂ ਵਿੱਚ ਬਦਲ ਦਿੱਤਾ। ਹਾਲ ਹੀ ਵਿੱਚ ਕਈ ਇਸ ਤਰ੍ਹਾਂ ਦੇ ਵੀਡੀਓ ਸਾਹਮਣੇ ਆਏ, ਜਿਨ੍ਹਾਂ ਵਿੱਚ ਇਜ਼ਰਾਇਲੀ ਜੈੱਟ ਕਾਗਜ਼ ਦੇ ਹਵਾਈ ਜਹਾਜ਼ਾਂ ਦੀ ਤਰ੍ਹਾਂ ਡਿਗਦੇ ਦਿਖਾਈ ਦਿੰਦੇ ਹਨ। ਇਨ੍ਹਾਂ ਨੂੰ ਇਰਾਨ ਦੀਆਂ ਮਿਜ਼ਾਇਲਾਂ ਫਟ-ਫਟ ਕਰਕੇ ਡੇਗਦੀਆਂ ਦਿਖਾਈਆਂ ਗਈਆਂ। ਪਰ ਬਾਅਦ ਵਿੱਚ ਪਤਾ ਲੱਗਿਆ ਹੈ ਕਿ ਲਹੂ-ਲੁਹਾਨ ਲੜਾਕੂ ਜਹਾਜ਼ਾਂ ਦੀ ਇਹ ਬਾਰਿਸ਼ ਹਕੀਕਤ ਨਹੀਂ ਸਗੋਂ ਕੰਪਿਊਟਰ ਗੇਮ ਦਾ ਹਿੱਸਾ ਸੀ। ਇਹ ਵੀਡੀਓ ਗੇਮ ਇਸ ਹੱਦ ਤੱਕ ਭਰਮ ਵਾਲੀ ਸਥਿਤੀ ਪੈਦਾ ਕਰ ਰਹੀ ਹੈ ਕਿ ਪੱਖ ਜਾਂ ਵਿਰੋਧ ਵਿੱਚ ਕੋਈ ਅਸਲੀ ਰਾਏ ਹੀ ਨਹੀਂ ਬਣ ਰਹੀ ਸੀ। ਸਿਰਫ਼ ਮਨਘੜਤ ਤਸਵੀਰਾਂ ਹੀ ਨਹੀਂ ਬਲਕਿ ਸੈਟੇਲਾਈਟ ਫੁਟੇਜ ਵੀ ਪੇਸ਼ ਕੀਤੇ ਜਾ ਰਹੇ ਹਨ। ਟੈਲੀਗ੍ਰਾਮ ਤੇ ਸਟੇਟ ਮੀਡੀਆ ਚੈਨਲਾਂ 'ਤੇ ਏ.ਆਈ. ਨਾਲ ਬਣਾਏ ਨਕਲੀ ਸੈਟੇਲਾਈਟ ਫੁਟੇਜ ਪੋਸਟ ਕੀਤੇ ਜਾ ਰਹੇ ਹਨ। ਜੋ ਇਜ਼ਰਾਇਲ ਵਿੱਚ ਵੱਡੇ ਪੱਧਰ 'ਤੇ ਫ਼ੌਜ ਦੇ ਨੁਕਸਾਨ ਨੂੰ ਦਿਖਾਉਂਦੇ ਹਨ। ਪਰ ਜਦੋਂ ਇਨ੍ਹਾਂ ਦੇ ਫੈਕਟ ਜਾਂਚੇ ਜਾਂਦੇ ਹਨ ਤਾਂ ਸਭ ਕਮਰੇ ਦੇ ਅੰਦਰ ਕੰਪਿਊਟਰ 'ਤੇ ਬਣਾਇਆ ਗਿਆ 'ਵਾਰ ਗੇਮ' ਸਾਬਤ ਹੁੰਦਾ ਹੈ।

ਇਰਾਨੀ ਕਾਇਦੇ ਨਾਲ ਚਲਾਏ ਜਾਣ ਵਾਲੇ ਬਾਟ ਨੈੱਟਵਰਕ, ਸਾਈਬਰ ਫੋਰਸ ਨੇ ਫ਼ਰਜ਼ੀ ਐਮਰਜੈਂਸੀ ਅਲਰਟ ਭੇਜ ਕੇ ਇਜ਼ਰਾਇਲ ਵਿੱਚ ਡਰ ਅਤੇ ਭਰਮ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ। ਇਸੇ ਤਰ੍ਹਾਂ ਸੋਸ਼ਲ ਮੀਡੀਆ ਬਾਟ ਕਮੈਂਟ ਬਾਇਓਸ ਅਤੇ ਏ.ਆਈ. ਰਾਹੀਂ ਬਣਾਈ ਆਵਾਜ਼ ਦੀ ਵਰਤੋਂ ਕਰ ਕੇ ਇੱਕ ਸੰਦੇਸ਼ ਦਾ ਟੂਲ ਸੈੱਟ ਕੀਤਾ ਜਾ ਰਿਹਾ ਹੈ। ਏ.ਆਈ. ਦਾ ਇਹ ਝੂਠਾ ਤੂਫ਼ਾਨ ਸਿਰਫ਼ ਦੋ ਦੇਸ਼ਾਂ ਵਿਚਾਲੇ ਤਤਕਾਲੀ ਜੰਗ ਨੂੰ ਹੀ ਖ਼ਤਰਨਾਕ ਨਹੀਂ ਬਣਾ ਰਿਹਾ ਸਗੋਂ ਡੂੰਘਾਈ ਨਾਲ ਦੇਖੀਏ ਤਾਂ ਇਹ ਸੱਚ ਅਤੇ ਝੂਠ ਵਿਚਾਲੇ ਸਾਰੀਆਂ ਦੀਵਾਰਾਂ ਨੂੰ ਧੁੰਦਲਾ ਕਰ ਰਿਹਾ ਹੈ। ਇਸ ਤੋਂ ਬਹੁਤ ਜ਼ਬਰਦਸਤ ਭਾਵਨਾਤਮਕ ਧੱਕਾ ਲੱਗਣ ਵਾਲਾ ਹੈ। ਦਰਅਸਲ ਏ.ਆਈ. 'ਫੇਕ ਨਿਊਜ਼' ਦਾ ਮਕਸਦ ਹੀ ਇਹ ਹੁੰਦਾ ਹੈ ਕਿ ਭਾਵਨਾਤਮਕ ਹੜਕੰਪ ਪੈਦਾ ਕੀਤੇ ਜਾਣ। ਪਰ ਇੱਕ ਜਾਂ ਦੋ ਵਾਰ ਇਸ ਭਾਵਨਾਤਮਕ ਹੜਕੰਪ ਦੀ ਪੋਲ ਖੁੱਲ੍ਹਣ ਤੋਂ ਬਾਅਦ ਹੀ ਅਸੀਂ ਫਿਰ ਤੋਂ ਆਮ ਹਾਲਤ 'ਚ ਆ ਸਕਦੇ ਹਾਂ, ਪਰ ਜਦੋਂ ਇਹ ਵਾਰ-ਵਾਰ ਹੋਵੇਗਾ ਤਾਂ ਆਮ ਹਾਲਤ 'ਚ ਆਉਣਾ ਮੁਸ਼ਕਿਲ ਹੋ ਜਾਵੇਗਾ। ਉਦੋਂ ਇਸ ਤਰ੍ਹਾਂ ਦੀ ਸਥਿਤੀ ਬਣੇਗੀ ਕਿ ਸਾਡੀ ਮਾਨਸਿਕ ਸਥਿਤੀ ਇੱਕ ਇਸ ਤਰ੍ਹਾਂ ਦੇ ਮੋੜ 'ਤੇ ਚਲੀ ਜਾਵੇਗੀ, ਜੋ ਕਿਸੇ ਸੱਚ ਜਾਂ ਝੂਠ 'ਤੇ ਇਕੋ ਜਿਹੇ ਰੀਐਕਟ ਕਰਨ ਲੱਗੇਗੀ। ਤੁਸੀਂ ਸੱਚ ਨੂੰ ਸੱਚ ਨਹੀਂ ਮੰਨੋਗੇ ਅਤੇ ਝੂਠ ਨੂੰ ਝੂਠ ਨਹੀਂ ਸਮਝ ਪਾਓਗੇ। ਇਸ ਲਈ ਸਿਰਫ਼ ਦੋ ਦੇਸ਼ਾਂ ਦਰਮਿਆਨ ਜੰਗ 'ਤੇ ਹੀ ਰੋਕ ਲਗਾਉਣ ਦੀ ਜ਼ਰੂਰਤ ਨਹੀਂ ਹੈ, ਸਗੋਂ ਜੰਗ ਦੇ ਇਸ ਭਰਮ ਜਾਲ ਨੂੰ ਵੀ ਤੁਰੰਤ ਬੰਦ ਕੀਤੇ ਜਾਣ ਦੀ ਜ਼ਰੂਰਤ ਹੈ, ਨਹੀਂ ਤਾਂ ਭਵਿੱਖ ਦੀਆਂ ਪੀੜ੍ਹੀਆਂ ਸੱਚ ਅਤੇ ਝੂਠ ਵਿਚਾਲੇ ਫ਼ੈਸਲਾ ਨਹੀਂ ਕਰ ਸਕਣਗੀਆਂ ਅਤੇ ਇਨਸਾਨ ਦੇ ਦਿਮਾਗ਼ ਦੀ ਹੁਣ ਤੱਕ ਦੀ ਸਾਰੀ ਵਿਕਾਸ ਯਾਤਰਾ ਗੜਬੜ ਹੋ ਜਾਵੇਗੀ। ਇਹ ਬਹੁਤ ਵੱਡਾ ਮਾਨਸਿਕ ਘਾਤ ਹੋਵੇਗਾ। ਇਸ ਲਈ ਦੁਨੀਆਂ ਜਿੰਨੀ ਛੇਤੀ ਇਸ ਨੂੰ ਸਮਝੇ, ਓਨਾ ਹੀ ਚੰਗਾ ਹੋਵੇਗਾ।

# ਪੰਜਾਬ ਦੇ ਜ਼ਮੀਨੀ ਅਤੇ ਦਰਿਆਈ ਪਾਣੀਆਂ ਦੀ ਹੋਣੀ ਦੇ ਨਤੀਜੇ

ਅਰਮਿੰਦਰ ਸਿੰਘ ਮਾਨ

"ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥" ਧਰਤੀ ਉੱਪਰ ਜਲ ਹੀ ਜੀਵਨ ਦੀ ਪਹਿਲੀ ਅਤੇ ਵਡਮੁੱਲੀ ਦਾਤ ਹੈ ਜਿਸ ਉੱਪਰ ਇਨਸਾਨੀ ਸੱਭਿਅਤਾ ਨਿਰਭਰ ਕਰਦੀ ਹੈ। ਜਲ ਹਰ ਜੀਵ ਦੇ ਜਿਊਣ ਦਾ ਆਧਾਰ ਹੈ। ਪੰਜਾਬ ਦੇ ਸੰਦਰਭ ਵਿੱਚ ਵੇਖੀਏ ਤਾਂ ਕੁਦਰਤ ਨੇ ਪਾਣੀਆਂ ਦੀ ਅਜਿਹੀ ਵਡਮੁੱਲੀ ਦਾਤ ਬਖ਼ਸ਼ੀ ਹੈ ਕਿ ਇਸ ਨੂੰ 'ਦਰਿਆਵਾਂ ਦੀ ਧਰਤੀ' ਹੋਣ ਦੇ ਨਾਂ ਨਾਲ ਨਿਵਾਜਿਆ। ਇੱਥੋਂ ਦਾ ਧਰਤੀ ਹੇਠਲਾ ਪਾਣੀ ਵੀ ਪੀਣ ਯੋਗ ਤੇ ਵਰਤਣ ਯੋਗ ਰਿਹਾ ਅਤੇ ਵਗਦੇ ਦਰਿਆਈ ਪਾਣੀਆਂ ਦੀ ਵੀ ਆਪਣੀ ਖ਼ਾਸੀਅਤ ਰਹੀ, ਪਰ ਮਨੁੱਖ ਦੀ ਲਾਲਸਾ ਨੇ ਕੁਦਰਤ ਨੂੰ ਵੀ ਆਪਣੇ ਵਹਿਣ ਵਗਣ ਤੋਂ ਰੋਕਿਆ ਅਤੇ ਆਪਣੇ ਸਿਆਸੀ ਤੇ ਆਰਥਿਕ ਲਾਭਾਂ ਦੀ ਪੂਰਤੀ ਲਈ ਅੰਨ੍ਹੇਵਾਹ ਲੁੱਟਿਆ ਅਤੇ ਵੰਡਿਆ। ਸਿੱਧੇ-ਅਸਿੱਧੇ ਢੰਗ ਵਿੱਚ ਪੰਜਾਬ ਸੂਬੇ ਦਾ ਸਭ ਕੁਝ ਇਹਦੇ ਪਾਣੀਆਂ ਨਾਲ ਜੁੜਿਆ ਹੋਇਆ ਹੈ ਕਿਉਂਕਿ ਇਹ ਪੰਜਾਬ ਕੋਲ ਇੱਕੋ ਇੱਕ ਕੁਦਰਤੀ ਸਰੋਤ ਹੈ। ਇਸ ਲਈ ਭਵਿੱਖ ਵਿੱਚ ਵੀ ਇੱਥੋਂ ਦਾ ਮੂਲ ਖੇਤੀਬਾੜੀ ਢਾਂਚਾ, ਅਰਥਚਾਰਾ, ਸੱਭਿਆਚਾਰ ਅਤੇ ਸਿਆਸਤ ਸਭ ਕੁਝ ਇਸ ਕੁਦਰਤੀ ਸਰੋਤ ਦੁਆਲੇ ਕੇਂਦਰਿਤ ਰਹੇਗਾ। ਇਸ ਗੱਲ ਨੂੰ ਆਮ ਲੋਕਾਈ ਅਤੇ ਸਿਆਸਤਦਾਨਾਂ ਨੂੰ ਆਪਣੇ ਪੱਲੇ ਬੰਨ੍ਹ ਲੈਣਾ ਚਾਹੀਦਾ ਹੈ।

ਪੰਜਾਬ ਅੰਦਰ ਧਰਤੀ ਹੇਠਲੇ ਪਾਣੀ ਦੇ ਹੋਏ ਵੱਖ-ਵੱਖ ਸਰਵੇਖਣਾਂ ਦੀਆਂ ਰਿਪੋਰਟਾਂ ਵਿੱਚ ਬੜੇ ਹੈਰਾਨੀਜਨਕ ਨਤੀਜੇ ਸਾਹਮਣੇ ਆਏ ਹਨ। ਹਾਲ ਹੀ ਵਿੱਚ 'ਕੇਂਦਰੀ ਗਰਾਊਂਡ ਵਾਟਰ ਬੋਰਡ' ਦੁਆਰਾ 'ਧਰਤੀ ਹੇਠਲੇ ਪਾਣੀ ਦੇ ਮਿਆਰ ਦੀ ਸਾਲਾਨਾ ਰਿਪੋਰਟ- 2024' ਵਿੱਚ ਵੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਪੰਜਾਬ ਦੇ ਹੇਠਲੇ ਪੱਤਣਾਂ ਵਿੱਚ ਭਾਰੀ ਧਾਤ ਖ਼ਤਰਨਾਕ ਹੱਦ ਤੋਂ ਪਾਰ ਪਾਏ ਗਏ ਹਨ ਜਿਸ ਕਾਰਨ ਧਰਤੀ ਹੇਠਲਾ ਪਾਣੀ ਪੀਣ ਲਈ ਵੀ ਸੁਰੱਖਿਅਤ ਨਹੀਂ ਰਿਹਾ। ਇਨ੍ਹਾਂ ਭਾਰੀ ਧਾਤਾਂ ਵਿੱਚ ਮੁੱਢਲੇ ਰੂਪ ਵਿੱਚ ਨਾਈਟਰੇਟ, ਆਰਸੈਨਿਕ, ਲੀਡ, ਮਰਕਰੀ, ਯੂਰੇਨੀਅਮ ਅਤੇ ਫਲੋਰਾਈਡ ਭਾਰੀ ਮਾਤਰਾ ਵਿੱਚ ਪਾਏ ਗਏ ਹਨ ਜੋ ਕਿ ਖ਼ਤਰਨਾਕ ਹੱਦ ਤੋਂ ਪਾਰ ਹੈ ਜੋ ਗੰਭੀਰ ਸਮੱਸਿਆਵਾਂ, ਬਿਮਾਰੀਆਂ ਅਤੇ ਮਾਨਸਿਕ ਰੋਗਾਂ ਦੀ ਜੜ ਬਣ ਰਹੇ ਹਨ। ਪੰਜਾਬ ਦੇ ਬਹੁਤ ਸਾਰੇ ਇਲਾਕੇ ਇਨ੍ਹਾਂ ਭਾਰੀ ਧਾਤਾਂ ਦੇ ਜ਼ਹਿਰੀਲੇਪਣ ਤੋਂ ਪ੍ਰਭਾਵਿਤ ਹਨ। ਵੱਖ-ਵੱਖ ਇਲਾਕਿਆਂ ਵਿੱਚ ਵੱਖ-ਵੱਖ ਧਾਤਾਂ ਦੀ ਮਾਤਰਾ ਖ਼ਤਰਨਾਕ ਪੱਧਰ ਤੋਂ ਉੱਪਰ ਹੈ। ਜਿਵੇਂ ਕਿ ਅੰਮ੍ਰਿਤਸਰ, ਜਲੰਧਰ, ਮੋਗਾ, ਲੁਧਿਆਣਾ, ਪਟਿਆਲਾ, ਗੁਰਦਾਸਪੁਰ, ਤਰਨ ਤਾਰਨ ਅਤੇ ਮੰਡੀ ਗੋਬਿੰਦਗੜ੍ਹ ਦੇ ਇਲਾਕਿਆਂ ਅੰਦਰ ਹੇਠਲੇ ਪਾਣੀ ਵਿੱਚ ਨਾਈਟਰੇਟ, ਆਰਸੈਨਿਕ, ਲੀਡ ਅਤੇ ਮਰਕਰੀ ਵਰਗੇ ਜ਼ਹਿਰੀਲੇ ਤੱਤ ਭਾਰੀ ਮਾਤਰਾ ਵਿੱਚ ਹਨ। ਬਠਿੰਡਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਫਿਰੋਜ਼ਪੁਰ, ਫਾਜ਼ਿਲਕਾ ਅਤੇ ਫ਼ਰੀਦਕੋਟ ਇਲਾਕੇ ਦੇ ਹੇਠਲੇ ਪਾਣੀ ਅੰਦਰ ਨਾਈਟਰੇਟ, ਯੂਰੇਨੀਅਮ, ਫਲੋਰਾਈਡ ਅਤੇ ਆਰਸੈਨਿਕ ਵਰਗੇ ਭਾਰੀ ਧਾਤ ਹੱਦੋਂ ਵੱਧ ਮਾਤਰਾ ਵਿੱਚ ਹਨ। ਇਨ੍ਹਾਂ ਭਾਰੀ ਧਾਤਾਂ ਦੀ ਖ਼ਤਰਨਾਕ ਮਾਤਰਾ ਨੇ ਪੰਜਾਬ ਦੇ ਹੇਠਲੇ ਪੱਤਣਾਂ ਨੂੰ ਇਸ ਹੱਦ ਤੱਕ ਪਲੀਤ ਕਰ ਦਿੱਤਾ ਹੈ ਕਿ ਇਸ ਤੋਂ ਪ੍ਰਭਾਵਿਤ ਇਲਾਕੇ ਗੰਭੀਰ ਬਿਮਾਰੀਆਂ ਅਤੇ ਸਮੱਸਿਆਵਾਂ ਦੀ ਜਕੜ ਵਿੱਚ ਆ ਗਏ ਹਨ। ਇਨ੍ਹਾਂ ਬਿਮਾਰੀਆਂ ਵਿੱਚ ਜਿਵੇਂ ਕਿ ਫੇਫੜਿਆਂ ਦਾ ਕੈਂਸਰ, ਹੱਡੀਆਂ ਕਮਜ਼ੋਰ ਹੋਣੀਆਂ, ਗੁਰਦਿਆਂ ਦੇ ਰੋਗ, ਦਿਲ ਦੇ ਰੋਗ, ਮੰਦ ਬੁੱਧੀ ਬੱਚੇ ਪੈਦਾ ਹੋਣਾ, ਦਿਮਾਗ਼ੀ ਨੁਕਸ, ਬੱਚਿਆਂ ਦੇ ਅਨੇਕਾਂ ਰੋਗ, ਕੈਂਸਰ, ਅੰਗਹੀਣ ਬੱਚੇ ਪੈਦਾ ਹੋਣਾ, ਦੰਦ ਖਰਾਬ ਹੋਣਾ, ਹੱਡੀਆਂ ਟੇਢੀਆਂ ਹੋਣੀਆਂ, ਚਮੜੀ ਰੋਗ ਅਤੇ ਸਾਹ ਦੀਆਂ ਸਮੱਸਿਆਵਾਂ ਵਰਗੀਆਂ ਗੰਭੀਰ ਬਿਮਾਰੀਆਂ ਸ਼ਾਮਿਲ ਹਨ। ਅੱਜ ਪੰਜਾਬ ਦੇ ਇਨ੍ਹਾਂ ਪ੍ਰਭਾਵਿਤ ਇਲਾਕਿਆਂ ਦੇ ਅੰਦਰ ਇਸ ਤਸਵੀਰ ਨੂੰ ਸਪੱਸ਼ਟ ਦੇਖਿਆ ਜਾ ਸਕਦਾ ਹੈ ਜਿਸ ਤੋਂ ਕੋਈ ਵੀ ਮੁਨਕਰ ਨਹੀਂ ਹੋ ਸਕਦਾ।



ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇੱਥੇ ਪਾਣੀ ਦੀ ਵਰਤੋਂ ਮੁੱਖ ਰੂਪ ਵਿੱਚ ਸਿੰਚਾਈ ਲਈ ਕੀਤੀ ਜਾਂਦੀ ਹੈ। ਪੰਜਾਬ ਦੇ ਪਾਣੀ ਦੇ ਸਰੋਤ ਧਰਤੀ ਹੇਠਲੇ ਪਾਣੀ ਅਤੇ ਦਰਿਆਈ/ ਨਹਿਰੀ ਪਾਣੀ ਹਨ, ਪ੍ਰੰਤੂ ਅੱਜ ਦਰਿਆਵਾਂ ਦੀ ਧਰਤੀ ਦਾ ਸਿੰਚਾਈ ਸਾਧਨ ਕੇਵਲ ਧਰਤੀ ਹੇਠਲਾ ਪਾਣੀ ਬਣ ਚੁੱਕਿਆ ਹੈ ਜਿਸ ਦੀ ਵਰਤੋਂ ਟਿਊਬਵੈੱਲਾਂ ਰਾਹੀਂ ਕੀਤੀ ਜਾਂਦੀ ਹੈ। ਪਿਛਲੇ ਕਈ ਦਹਾਕਿਆਂ 'ਚ ਪੰਜਾਬ ਅੰਦਰ ਟਿਊਬਵੈੱਲਾਂ ਦੀ ਸੰਖਿਆ ਲਗਾਤਾਰ ਵਧੀ ਹੈ ਜੋ ਕਿ 2020 ਤੱਕ 14.14 ਲੱਖ ਤੱਕ ਪਹੁੰਚ ਗਈ। ਇਸ ਦਾ ਅਸਰ ਨਹਿਰੀ ਪਾਣੀ ਰਾਹੀਂ ਸਿੰਚਾਈ ਹੁੰਦੇ ਖੇਤਰ ਦੀ ਕਟੌਤੀ ਵਜੋਂ ਹੋਇਆ। ਅੱਜ ਪੰਜਾਬ ਦੇ ਅੰਦਰ 77 ਫ਼ੀਸਦੀ ਰਕਬੇ ਨੂੰ ਕੇਵਲ ਟਿਊਬਵੈੱਲਾਂ ਦੇ ਪਾਣੀ ਰਾਹੀਂ ਹੀ ਸਿੰਜਿਆ ਜਾਂਦਾ ਹੈ, ਸਿਰਫ਼ 23 ਫ਼ੀਸਦੀ ਰਕਬਾ ਹੀ ਨਹਿਰੀ ਸਿੰਚਾਈ ਅਧੀਨ ਬਚਿਆ ਹੈ। ਹਰੀ ਕ੍ਰਾਂਤੀ ਨੇ ਬੇਸ਼ੱਕ ਦੇਸ਼ ਦਾ ਅੰਨ ਭੰਡਾਰ ਭਰਿਆ, ਪਰ ਇਸ ਨੇ ਪੰਜਾਬ ਦੇ ਜਲ ਭੰਡਾਰ ਨੂੰ ਐਸੀ ਸੰਨ੍ਹ ਲਗਾਈ ਕਿ ਇਹਦੇ ਅੰਮ੍ਰਿਤ ਪਾਣੀਆਂ ਦੇ ਪੱਤਣ ਸੂਤ ਦਿੱਤੇ। ਧਰਤੀ ਹੇਠਲੇ ਪੱਤਣਾਂ ਤੋਂ ਕੇਵਲ ਪਾਣੀ ਸੂਤਿਆਂ ਹੀ ਨਹੀਂ ਗਿਆ ਸਗੋਂ ਇਨ੍ਹਾਂ ਪੱਤਣਾਂ ਵਿੱਚ ਬੇਲੋੜੀਆਂ ਕੀਟਨਾਸ਼ਕ ਦਵਾਈਆਂ, ਖਾਦਾਂ ਅਤੇ ਉਦਯੋਗਾਂ ਦੀ ਗੰਦਗੀ ਨੇ ਜ਼ਹਿਰ ਵੀ ਧੱਕਿਆ ਹੈ। ਦਿਨ ਬ ਦਿਨ ਧਰਤੀ ਹੇਠੋਂ ਪਾਣੀ ਕੱਢਣ ਦਾ ਕੰਮ ਤੇਜ਼ ਹੋ ਰਿਹਾ ਹੈ। ਜ਼ਮੀਨੀ ਪੱਧਰ ਦੀ ਹਕੀਕਤ ਇਹ ਹੈ ਕਿ ਹਰ ਸਾਲ ਕਿਸਾਨਾਂ ਵੱਲੋਂ ਪਾਣੀ ਵਾਲੇ ਬੋਰਾਂ ਵਿੱਚ ਪਾਈਪਾਂ ਦੇ ਟੋਟੇ ਪਾਏ ਜਾਂਦੇ ਹਨ ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਾਣੀ ਦਾ ਪੱਧਰ ਕਿਸ ਰਫ਼ਤਾਰ ਨਾਲ ਹੇਠਾਂ ਜਾ ਰਿਹਾ ਹੈ। ਰਹਿੰਦੀ ਕਸਰ ਵੱਡੇ ਉਦਯੋਗਿਕ ਕਾਰਖਾਨਿਆਂ ਨੇ ਕੱਢ ਦਿੱਤੀ। ਜਿੱਥੇ ਉਹ ਧਰਤੀ ਹੇਠਲੇ ਪਾਣੀ ਦੀ ਬੇਲੋੜੀ ਖਪਤ ਕਰ ਰਹੇ ਹਨ, ਉੱਥੇ ਧਰਤੀ ਹੇਠਲੇ ਪਾਣੀ ਨੂੰ ਦੂਸ਼ਿਤ ਕਰਨ ਵਿੱਚ ਵੀ ਕੋਈ ਕਸਰ ਨਹੀਂ ਛੱਡੀ। ਇਸ ਦੇ ਨਤੀਜੇ ਤਾਜ਼ਾ ਆਈਆਂ ਰਿਪੋਰਟਾਂ ਵਿੱਚ ਸਭ ਦੇ ਸਾਹਮਣੇ ਹਨ ਕਿ ਕਿਸ ਤਰ੍ਹਾਂ ਪੰਜਾਬ ਦੇ ਹੇਠਲੇ ਪੱਤਣਾਂ ਨੂੰ ਜ਼ਹਿਰੀ ਬਣਾਇਆ ਗਿਆ ਅਤੇ ਇਸ ਨੂੰ ਪੀਣ ਯੋਗ ਵੀ ਨਹੀਂ ਛੱਡਿਆ।

ਪੰਜਾਬ ਦੇ ਪਾਣੀਆਂ ਦਾ ਮਸਲਾ ਬੜਾ ਵਿਆਪਕ ਅਤੇ ਬਹੁਪਰਤੀ ਹੈ। ਇਸ ਦੇ ਸਬੰਧ ਵਿੱਚ ਹਰ ਪਹਿਲੂ ਬਹੁਤ ਅਹਿਮ ਹੈ। ਇਸ ਗੁੰਝਲਦਾਰ ਵਿਸ਼ੇ ਨੂੰ ਬੜੇ ਹੀ ਸੁਚੱਜੇ ਅਤੇ ਸਜਿੰਦਾ ਢੰਗ ਨਾਲ ਨਜਿੱਠਣਾ ਅੱਜ ਸਮੇਂ ਦੀ ਮੁੱਖ ਮੰਗ ਹੈ।

(ਬਾਕੀ ਸਫ਼ਾ 31 'ਤੇ)

# ਪੰਜਾਬ ਸਰਕਾਰ ਬਾਜ਼ਾਰ ਤੇ ਵਪਾਰੀ ਦੇ ਰਹਿਮ ’ਤੇ ਨਾ ਛੱਡੇ ਕਿਸਾਨਾਂ ਨੂੰ



ਦਵਿੰਦਰ ਸ਼ਰਮਾ
(ਲੇਖਕ ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ ਹਨ)



ਪਿਛਲੇ ਹਫ਼ਤੇ ਹੀ ਪੰਜਾਬ ਨੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਮਾਂ-ਬੱਧ ਕਾਰਜ ਯੋਜਨਾ (ਸ਼ਡਿਊਲ) ਦਾ ਉਦਘਾਟਨ ਕੀਤਾ ਹੈ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਈ ਮੌਕਿਆਂ ’ਤੇ ਇਸ ਬਾਰੇ ਗੱਲ ਕਰਦਿਆਂ ਆਪਣੇ ਪ੍ਰਚਾਰ ਦੌਰਾਨ ਸਰਹੱਦੀ ਸੂਬੇ ਵਿੱਚ ਅਗਲੀ ਉਦਯੋਗਿਕ ਕ੍ਰਾਂਤੀ ਦੇ ਬੀਜ ਬੀਜਣ ਦੇ ਦਾਅਵੇ ਕੀਤੇ ਹਨ। ਕੁਝ ਦਿਨਾਂ ਬਾਅਦ ਇੱਕ ਪੂਰੇ ਪੰਨੇ ਦੇ ਇਸ਼ਤਿਹਾਰ ਵਿੱਚ ਪੰਜਾਬ ਨੇ ਇੱਕ ਉਦਯੋਗਿਕ ਕ੍ਰਾਂਤੀ ਸ਼ੁਰੂ ਕਰਨ ਲਈ 12 ਸੂਤਰੀ ਪਹਿਲਕਦਮੀਆਂ ਦਾ ਐਲਾਨ ਕੀਤਾ ਸੀ। ਮੈਨੂੰ ਇਹ ਹੈਰਾਨ ਕਰਦਾ ਹੈ ਕਿ ਆਜ਼ਾਦੀ ਤੋਂ 75 ਸਾਲਾਂ ਬਾਅਦ ਵੀ ਦੇਸ਼ ਉਨ੍ਹਾਂ ਸਬਜ਼ੀ ਉਤਪਾਦਕਾਂ ਨੂੰ ਸੁਰੱਖਿਆ ਤਾਣਾ-ਬਾਣਾ ਮੁਹੱਈਆ ਕਰਨ ’ਚ ਕਿਉਂ ਅਸਫ਼ਲ ਰਿਹਾ ਹੈ, ਜੋ ਹਰ ਦੂਜੇ ਦਿਨ ਆਪਣੀਆਂ ਫ਼ਸਲਾਂ ਖੇਤਾਂ ਜਾਂ ਮੰਡੀਆਂ ਜਾਂ ਨਾਲਿਆਂ ਵਿੱਚ ਸੁੱਟਦੇ ਦਿਖਾਈ ਦਿੰਦੇ ਹਨ।

ਪੰਜਾਬ ਨੇ ਜੋ ਪਹਿਲਕਦਮੀਆਂ ਸ਼ੁਰੂ ਕੀਤੀਆਂ ਹਨ, ਉਹ ਹੋਰ ਸਭ ਸੂਬਿਆਂ ਲਈ ਵੀ ਸੱਚ ਹਨ, ਜਿਨ੍ਹਾਂ ਨੇ ਸਾਲਾਂ ਤੋਂ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਬਰਾਬਰ ਵਧੀਆ ਸਹਾਇਤਾ ਪ੍ਰਦਾਨ ਕੀਤੀ ਹੈ। ਇਹ 45 ਦਿਨਾਂ ਦੀ ਵਿਚਾਰਨਯੋਗ ਪ੍ਰਵਾਨਗੀ ਪ੍ਰਣਾਲੀ ਦਾ ਵਾਅਦਾ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਕਾਰੋਬਾਰ ਸ਼ੁਰੂ ਕਰਨ ਜਾਂ ਵਧਾਉਣ ਲਈ ਸਵੈਚਾਲਿਤ ਰੂਪ ’ਚ ਪ੍ਰਵਾਨਗੀ ਮਿਲ ਜਾਵੇਗੀ। ਇਹ ਉਨ੍ਹਾਂ 7,000 ਛੋਟੇ ਤੇ ਵੱਡੇ ਕਦਮਾਂ ਤੋਂ ਇਲਾਵਾ ਹੈ, ਜਿਨ੍ਹਾਂ ਦਾ ਐਲਾਨ ਤਤਕਾਲੀ ਸਾਬਕਾ ਵਣਜ ਮੰਤਰੀ ਨਿਰਮਲਾ ਸੀਤਾਰਮਨ ਨੇ ਵਿਸ਼ਵ ਬੈਂਕ ਦੁਆਰਾ ਸੁਝਾਏ ਗਏ ‘ਈਜ਼ ਆਫ਼ ਡੂਇੰਗ ਬਿਜ਼ਨਸ ਫ਼ਰੇਮਵਰਕ’ ਦੇ ਤਹਿਤ ਕੀਤਾ ਸੀ। ਦਰਅਸਲ ਨਤੀਜੇ ਦਿਖਾਉਣ ਦੀ ਹੋੜ ਅਜਿਹੀ ਸੀ ਕਿ ਹਰੇਕ ਸੂਬੇ ਨੇ ਇਹ ਵਿਖਾਇਆ ਕਿ ਉਹ ਦੂਜਿਆਂ ਨਾਲੋਂ ਕਿੰਨਾ ਵਧੀਆ ਪ੍ਰਦਰਸ਼ਨ ਕਰ ਸਕਦਾ ਹੈ।

ਪਰ ਜਦੋਂ ਕਿਸਾਨਾਂ ਦੀ ਗੱਲ ਆਉਂਦੀ ਹੈ ਤਾਂ ਨੀਤੀ ਨਿਰਮਾਤਾ ਸਿਰਫ਼ ਇਹੀ ਆਖਦੇ ਹਨ ਕਿ ਕਿਸਾਨਾਂ ਦੀ ਮਦਦ ਕਰਨਾ, ਉਨ੍ਹਾਂ ਦੀ ਪੂਜਾ ਕਰਨ ਵਾਂਗ ਹੈ। ਜਦੋਂ ਕਿ ਰਾਜਨੀਤਿਕ ਮਾਲਕ ਆਪਣੇ ਅਜਿਹੇ ਅਸਪੱਸ਼ਟ ਤੇ ਅਰਥਹੀਣ ਵਾਅਦਿਆਂ ਨਾਲ ਸਿਰਫ਼ ਚੋਣਾਂ ਨੂੰ ਹੀ ਪ੍ਰਭਾਵਿਤ ਕਰ ਸਕਦੇ ਹਨ, ਭਗਵਾਨ ਦੀ ਤਰ੍ਹਾਂ ਕਿਸਾਨ ਧਾਰਮਿਕ ਪਵਿੱਤਰਤਾ ਵਜੋਂ ਪੂਜਨੀਕ ਨਹੀਂ ਹੋਣਾ ਚਾਹੁੰਦੇ। ਅਸਲੀਅਤ ਵਿੱਚ ਕਿਸਾਨ ਪਹਿਲਾਂ ਹੀ ਇੰਨੇ ਸਾਲਾਂ ਤੋਂ ਭਗਵਾਨ ਭਰੋਸੇ ਛੱਡੇ ਜਾਣ ਦੀ ਕੀਮਤ ਅਦਾ ਕਰ ਰਹੇ ਹਨ। ਉਹ ਫ਼ਿਰ ਤੋਂ ਦੇਵਤਿਆਂ ਦੇ ਰਹਿਮ ’ਤੇ ਨਹੀਂ ਰਹਿਣਾ ਚਾਹੁੰਦੇ, ਸਗੋਂ ਉਹ ਚਾਹੁੰਦੇ ਹਨ ਕਿ ਕੇਂਦਰ ਤੇ ਸੂਬਾ ਸਰਕਾਰਾਂ ਖੇਤੀਬਾੜੀ ਨੂੰ ਇੱਕ ਉਦਯੋਗਿਕ ਸਰਗਰਮੀ ਦੇ ਰੂਪ ’ਚ ਦੇਖਣ ਤੇ ਉਨ੍ਹਾਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਕੁਝ ਦਿਨ ਪਹਿਲਾਂ ਇੱਕ ਵੀਡੀਓ ਕਲਿੱਪ ਵਾਇਰਲ ਹੋਈ ਸੀ, ਜਿਸ ਵਿੱਚ ਦਿਖਾਇਆ ਗਿਆ ਸੀ ਕਿ ਕਿਵੇਂ ਬਿਹਾਰ ਵਿੱਚ ਇੱਕ ਨਿਰਾਸ਼ ਕਿਸਾਨ ਮੰਡੀ ’ਚ ਲਿਆਂਦੀ ਆਪਣੀ ਪਰਵਲ ਦੀ ਸਬਜ਼ੀ ਨੂੰ ਢੇਰ ’ਤੇ ਸੁੱਟ ਕੇ ਆਪਣਾ ਗੁੱਸਾ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ, ਕਿਉਂਕਿ ਉਸ ਨੂੰ ਕੋਈ ਚੰਗਾ ਖਰੀਦਦਾਰ ਨਹੀਂ ਮਿਲਿਆ ਸੀ। ਉਸ ਨੂੰ ਵੱਧ ਤੋਂ ਵੱਧ ਕੀਮਤ 1-2 ਰੁਪਏ ਪ੍ਰਤੀ ਕਿਲੋਗ੍ਰਾਮ ਦਿੱਤੀ ਗਈ ਸੀ। ਕੁਝ ਦਿਨਾਂ ਬਾਅਦ ਮਹਾਰਾਸ਼ਟਰ ਤੋਂ ਟਮਾਟਰ ਦੀਆਂ ਕੀਮਤਾਂ ਵਿੱਚ ਗਿਰਾਵਟ ਦੀਆਂ ਰਿਪੋਰਟਾਂ ਆਈਆਂ। ਕੁਝ ਹਫ਼ਤੇ ਪਹਿਲਾਂ ਇਹੋ ਹਾਲ ਪਿਆਜ਼ ਦੀ ਫ਼ਸਲ ਦਾ ਸੀ, ਜਿਸ ਨੇ ਪਿਆਜ਼ ਉਤਪਾਦਕਾਂ ਦੇ ਹੰਝੂ ਵਹਾਏ ਸਨ। ਹੁਣ ਹਾਲ ਹੀ ਵਿੱਚ ਅਸੀਂ ਅੰਬ ਉਤਪਾਦਕਾਂ ਨੂੰ ਮੰਡੀਆਂ ਵਿੱਚ ਅੰਬ ਸੁੱਟ ਕੇ ਟਰੈਕਟਰ-ਟਰਾਲੀਆਂ ਖਾਲੀ ਕਰਦਿਆਂ ਦੇਖਿਆ ਹੈ, ਕਿਉਂਕਿ ਬਾਜ਼ਾਰ ਦੀਆਂ ਕੀਮਤਾਂ 4 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਘੱਟ ਗਈਆਂ ਸਨ।

ਵਿਡੰਬਨਾ ਦੇਖੋ, ਜਦੋਂ ਪ੍ਰਚੂਨ ਵਿੱਚ ਖਪਤਕਾਰਾਂ ਨੂੰ ਅੰਬਾਂ ਦੇ ਲਈ 80 ਤੋਂ 100 ਰੁਪਏ ਪ੍ਰਤੀ ਕਿਲੋਗ੍ਰਾਮ ਮੁੱਲ ਦੇਣਾ ਪੈਂਦਾ ਹੈ ਤਾਂ ਦੇਸ਼ ਭਰ ਵਿੱਚ ਕਿਸਾਨਾਂ ਨੂੰ ਔਸਤਨ 4 ਤੋਂ 6 ਰੁਪਏ ਪ੍ਰਤੀ ਕਿਲੋਗ੍ਰਾਮ ਭਾਅ ਮਿਲਦਾ ਹੈ। ਬਹੁਤ ਸਾਰੇ ਕੁਲੀਨ ਵਰਗ ਦੇ ਲੋਕ ਕਿਸਾਨਾਂ ’ਤੇ ਤਿੰਨ ਵਿਵਾਦਤ ਕਾਨੂੰਨਾਂ ਨੂੰ ਰੋਕਣ ਦਾ ਦੋਸ਼ ਲਗਾਉਣਗੇ, ਜੋ ਕਥਿਤ ਤੌਰ ’ਤੇ ਮਾਰਕੀਟਿੰਗ ਕਾਰਜਾਂ ਵਿੱਚ ਮਦਦ ਕਰ ਸਕਦੇ ਸਨ, ਇਹ ਅਹਿਸਾਸ ਕੀਤੇ ਬਿਨਾਂ ਕਿ ਬਾਜ਼ਾਰ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਦੁਨੀਆ ਭਰ ਵਿੱਚ ਅਸਫ਼ਲ ਰਹੇ ਹਨ। ਕਿਸੇ ਵੀ ਹਾਲਤ ਵਿੱਚ ਸੂਬਾ ਸਰਕਾਰਾਂ ਦੁਆਰਾ ਇੱਕ ਪ੍ਰਭਾਵਸ਼ਾਲੀ ਦਖ਼ਲ-ਅੰਦਾਜ਼ੀ ਹੀ ਬਾਜ਼ਾਰ ਕੁਸ਼ਲਤਾ ਨੂੰ ਬਿਹਤਰ ਬਣਾਉਣ ਦਾ ਇੱਕੋ-ਇੱਕ ਤਰੀਕਾ ਹੈ। ਜਿਵੇਂ ਕਿ ਪੂਰੀ ਤਰ੍ਹਾਂ ਨਜ਼ਰ ਆਉਂਦਾ ਹੈ ਕਿ ਬਾਜ਼ਾਰ ਦਾ ਕਿਸਾਨ ਵਿਰੋਧੀ ਰਵੱਈਆ ਹੀ ਕੀਮਤਾਂ ਵਿੱਚ ਸਰਕਾਰੀ ਦਖ਼ਲ-ਅੰਦਾਜ਼ੀ ਦੀ ਜ਼ਰੂਰਤ ਪੈਦਾ ਕਰਦਾ ਹੈ। ਇਹ ਵੇਖਦੇ ਹੋਏ ਕਿ ਅੰਬ ਭਾਰਤੀ ਅਰਥਵਿਵਸਥਾ ਵਿੱਚ ਲਗਭਗ 40,000 ਕਰੋੜ ਰੁਪਏ ਦਾ ਯੋਗਦਾਨ ਪਾਉਂਦੇ ਹਨ, ਅਜਿਹੇ ’ਚ ਕਿਸਾਨਾਂ ਲਈ ਘੱਟ ਉਤਪਾਦਨ ਕੀਮਤਾਂ ਨੂੰ ਦੇਖਦੇ ਹੋਏ ਦੋਹਰੀ ਲੋੜ ਇਹ ਯਕੀਨੀ ਬਣਾਉਣ ਦੀ ਹੈ ਕਿ ਕੀਮਤਾਂ ਸਥਿਰ ਰਹਿਣ ਅਤੇ ਨਾਲ ਹੀ ਕਿਸਾਨਾਂ ਨੂੰ ਅੰਤਿਮ ਖਪਤਕਾਰ ਕੀਮਤ ਦਾ ਘੱਟੋ-ਘੱਟ 40 ਫ਼ੀਸਦੀ ਮਿਲਣਾ ਚਾਹੀਦਾ ਹੈ। ਇਹ ਯਕੀਨੀ ਤੌਰ ’ਤੇ ਸਮਝਣਾ ਚਾਹੀਦਾ ਹੈ ਕਿ ਮੰਗ ਸਪਲਾਈ ਦਾ ਸਮੀਕਰਨ ਹਰ ਜਗ੍ਹਾ ਕੰਮ ਨਹੀਂ ਕਰਦਾ ਅਤੇ ਜੇਕਰ ਅਸੀਂ ਖੇਤੀਬਾੜੀ ਕੀਮਤਾਂ ਨੂੰ ਬਾਜ਼ਾਰਾਂ ’ਤੇ ਛੱਡਦੇ ਰਹਾਂਗੇ ਤਾਂ ਇਹ ਇੱਕ ਮੂਰਖਤਾ ਹੋਵੇਗੀ। ਕੁਝ ਅਸਾਧਾਰਨ ਉਦਾਹਰਣਾਂ ਨੂੰ ਛੱਡ ਕੇ ਇਹ ਫ਼ਾਰਮੂਲਾ ਕਦੇ ਕੰਮ ਨਹੀਂ ਆਇਆ। ਰਿਪੋਰਟਾਂ ਅਨੁਸਾਰ ਆਂਧਰਾ ਪ੍ਰਦੇਸ਼ ਇਕਲੌਤਾ ਸੂਬਾ ਹੈ, ਜੋ 8 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਹਿਸਾਬ ਨਾਲ ਅੰਬ ਖਰੀਦਦਾ ਹੈ। ਜਦੋਂ ਕਿ ਕਰਨਾਟਕ ਵਿੱਚ ਅੰਬਾਂ ਦੀਆਂ ਬਾਜ਼ਾਰ ਕੀਮਤਾਂ 5 ਤੋਂ 6 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਆਸ-ਪਾਸ ਰਹਿੰਦੀਆਂ ਹਨ। ਅੰਬ ਦੀ ਫ਼ਸਲ ਲਗਭਗ 60 ਫ਼ੀਸਦੀ ਉੱਤਰ ਪ੍ਰਦੇਸ਼, ਬਿਹਾਰ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਤੇ ਤੇਲੰਗਾਨਾ ਤੋਂ ਆਉਂਦੀ ਹੈ। ਸਿਰਫ਼ ਅੰਬ ਹੀ ਨਹੀਂ, ਜਿਵੇਂ ਕਿ ਪੰਜਾਬ ਦੇ ਕਿੰਨੂ ਜਿਹੇ ਕਈ ਹੋਰ ਫ਼ਲਾਂ ਸੰਬੰਧੀ ਵੀ ਉਤਪਾਦਕਾਂ ਨੂੰ ਨਿਸ਼ਚਿਤ ਮੁੱਲ ਤੋਂ ਘੱਟ ਮੁੱਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਲਈ ਫ਼ਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤੈਅ ਕਰਨ ਦੀ ਮੰਗ ਵੀ ਵਧ ਰਹੀ ਹੈ।

ਜਿਵੇਂ ਕਿ ਇਹ ਕਾਫ਼ੀ ਨਾ ਹੋਵੇ, ਮਈ 2025 ਵਿੱਚ ਪ੍ਰਕਾਸ਼ਿਤ ਨੀਤੀ ਆਯੋਗ ਵਰਕਿੰਗ ਪੇਪਰ- ਨਵੀਂ ਅਮਰੀਕੀ ਵਪਾਰ ਪ੍ਰਣਾਲੀ ਦੇ ਤਹਿਤ ਭਾਰਤ-ਅਮਰੀਕਾ ਖੇਤੀਬਾੜੀ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਅਮਰੀਕਾ ਤੋਂ ਹੋਰ ਖੇਤੀਬਾੜੀ ਉਤਪਾਦਨ ਦਰਾਮਦ ਕਰਨ ’ਤੇ ਜ਼ੋਰ ਦਿੱਤਾ ਗਿਆ ਹੈ। ਜਦੋਂ ਕਿ ਇਹ ਆਮ ਸਹਿਮਤੀ ਹੈ ਕਿ ਦਬਾਅ ਹੇਠ ਕੀਤੀਆਂ ਗਈਆਂ ਦਰਾਮਦਾਂ ਵੱਡੇ ਪੱਧਰ ’ਤੇ ਵਿਘਨ ਪਾਉਣਗੀਆਂ, ਮੈਂ ਥਿੰਕ-ਟੈਂਕ ਤੋਂ ਆਉਣ ਵਾਲੇ ਸੁਝਾਵਾਂ ਬਾਰੇ ਨਿਰਾਸ਼ ਹਾਂ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਸੋਇਆਬੀਨ ਤੇ ਮੱਕੀ ਵਰਗੀਆਂ ਫ਼ਸਲਾਂ ਦੀ ਘੱਟ ਪੈਦਾਵਾਰ ਸਸਤੀਆਂ ਅਮਰੀਕੀ ਦਰਾਮਦ ਦੀ ਆਗਿਆ ਦੇਣ ਦਾ ਕਾਰਨ ਹੈ, ਦਰਾਮਦ ਦਾ ਸਹਾਰਾ ਲੈ ਕੇ ਵਿਸ਼ਵ-ਵਿਆਪੀ ਮੁਕਾਬਲੇਬਾਜ਼ੀ ਨੂੰ ਵਧਾਇਆ ਨਹੀਂ ਜਾ ਸਕਦਾ। ਇਹ ਸਿਰਫ਼ ਉਤਪਤੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਸੰਸ਼ੋਧਿਤ (ਜੈਨੇਟਿਕਲੀ ਮੋਡੀਫ਼ਾਈਡ/ਜੀ.ਐਮ.) ਫ਼ਸਲਾਂ (ਖਾਣ ਵਾਲੇ ਤੇਲ ਦੀਆਂ ਜ਼ਰੂਰਤਾਂ ਤੇ ਈਥਾਨੌਲ ਉਤਪਾਦਨ ਦੇ ਲਈ) ਦੀ ਦਰਾਮਦ ਦੀ ਆਗਿਆ ਦੇਣ ਦਾ ਸਮਰਥਨ ਕਰਨ ਵਾਲੀ ਗੱਲ ਹੈ, ਜਿਸ ਦਾ ਕੋਈ ਸਪੱਸ਼ਟ ਲਾਭ ਨਹੀਂ ਹੈ।

(ਬਾਕੀ ਸਫ਼ਾ 31 ’ਤੇ)

# ਐਮਰਜੈਂਸੀ ਦਾ ਯੁੱਗ ਬਨਾਮ ਲੋਕਤੰਤਰ ਦਾ ਸੰਕਟ



ਅਭੈ ਕੁਮਾਰ ਦੂਬੇ




ਇੰਦਰਾ ਗਾਂਧੀ ਦੁਆਰਾ 1975 ’ਚ ਆਪਣੀ ਕੁਰਸੀ ਬਚਾਉਣ ਲਈ ਦੇਸ਼ ’ਤੇ ਥੋਪੀ ਗਈ ਐਮਰਜੈਂਸੀ ਦੀ ਜਿੰਨੀ ਨਿੰਦਾ ਕੀਤੀ ਜਾਵੇ, ਉਹ ਥੋੜ੍ਹੀ ਹੈ। ਮੈਂ, ਪਿਤਾ ਜੀ ਤੇ ਮੇਰਾ ਪਰਿਵਾਰ ਵੀ ਇਸ ਐਮਰਜੈਂਸੀ ਦੌਰਾਨ ਹੋਏ ਰਾਜਨੀਤਕ ਤਸ਼ੱਦਦ ਦਾ ਸ਼ਿਕਾਰ ਰਹੇ ਹਾਂ। ਪਰ ਕੀ ਐਮਰਜੈਂਸੀ ਤੋਂ ਅਸੀਂ, ਸਾਡੇ ਸਿਆਸੀ ਨੇਤਾਵਾਂ ਤੇ ਸਾਡੀ ਲੋਕਤੰਤਰਿਕ ਪ੍ਰਣਾਲੀ ਨੇ ਪਿਛਲੇ 50 ਸਾਲਾਂ ’ਚ ਕੋਈ ਸਬਕ ਸਿੱਖਿਆ ਹੈ ? ਇਸ ਸਵਾਲ ਦਾ ਜਵਾਬ ਐਮਰਜੈਂਸੀ ਦੌਰਾਨ ਜੇਲ੍ਹ ਗਏ ਨੇਤਾਵਾਂ ਤੇ ਪੱਤਰਕਾਰਾਂ ਦੇ ਵਿਅਕਤੀਗਤ ਅਨੁਭਵ ਤੋਂ ਪੈਦਾ ਹੋਈ ਤਲਖ਼ੀ ਤੋਂ ਪਰ੍ਹੇ ਜਾਂਦਾ ਹੈ। ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਜੈਪ੍ਰਕਾਸ਼ ਨਾਰਾਇਣ ਦੀ ਅਗਵਾਈ ’ਚ ਚੱਲੇ 1974 ਦੇ ਸੰਪੂਰਨ ਕ੍ਰਾਂਤੀ ਅੰਦੋਲਨ ਦੀ ਵਜ੍ਹਾ ਕਰਕੇ ਹੀ ਐਮਰਜੈਂਸੀ ਲਗਾਉਣ ਦੀ ਨੌਬਤ ਆਈ ਸੀ। ਭਾਵੇਂ ਇਸ ਅੰਦੋਲਨ ਦੇ ਕੇਂਦਰ ’ਚ ਲੋਕਤੰਤਰਿਕ ਰਾਜਨੀਤਕ ਸੁਧਾਰਾਂ ਦਾ ਪ੍ਰਸ਼ਨ ਸੀ। ਅੱਜ ਅਸੀਂ ਚਾਹੀਏ ਤਾਂ ਇਸ ਪ੍ਰਸ਼ਨ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ ਕਿ ਉਸ ਜ਼ਮਾਨੇ ਦੇ ਅੰਦੋਲਨਕਾਰੀ ਵਿਦਿਆਰਥੀ ਤੇ ਨੌਜਵਾਨ ਪੁੱਛ ਰਹੇ ਸਨ ਕਿ ਸਾਡੇ ਪ੍ਰਤੀਨਿਧੀ ਕਿਹੋ ਜਿਹੇ ਹੋਣੇ ਚਾਹੀਦੇ ਹਨ ? ਜੇਕਰ ਉਹ ਚੰਗੇ ਪ੍ਰਤੀਨਿਧੀ ਦੀਆਂ ਕਸੌਟੀਆਂ ’ਤੇ ਪੂਰਾ ਨਹੀਂ ਉਤਰਦਾ ਤਾਂ ਕੀ ਲੋਕਾਂ ਨੂੰ ਆਪਣੇ ਪ੍ਰਤੀਨਿਧੀ ਨੂੰ ਵਾਪਸ ਬੁਲਾਉਣ ਦਾ ਅਧਿਕਾਰ ਨਹੀਂ ਹੋਣਾ ਚਾਹੀਦਾ ? ਕੀ ਚੋਣਾਂ ’ਚ ਹੋਣ ਵਾਲੇ ਸਿਆਸੀ ਭ੍ਰਿਸ਼ਟਾਚਾਰ ਨੂੰ ਕੰਟਰੋਲ ਕਰਨ ਵਾਲੀਆਂ ਵਿਵਸਥਾਵਾਂ ਨਹੀਂ ਹੋਣੀਆਂ ਚਾਹੀਦੀਆਂ ? ਕੀ ਸੱਤਾ ਪਾਉਣ ਦੇ ਲਈ ਵਰਤੇ ਜਾਂਦੇ ਧਨਬਲ ਤੇ ਬਾਹੂਬਲ ਨਾਲ ਨਜਿੱਠਣ ਲਈ ਸੰਸਥਾਗਤ ਬੰਦੋਬਸਤ ਨਹੀਂ ਹੋਣਾ ਚਾਹੀਦਾ ? ਕੀ ਧਰਮ ਤੇ ਜਾਤੀ ਦੇ ਆਧਾਰ ’ਤੇ ਵੋਟਾਂ ਦੀ ਹੋਣ ਵਾਲੀ ਗੋਲਬੰਦੀ/ਕੋਸ਼ਿਸ਼ ’ਤੇ ਪ੍ਰਭਾਵੀ ਰੋਕ ਨਹੀਂ ਲੱਗਣੀ ਚਾਹੀਦੀ ?

ਐਮਰਜੈਂਸੀ ਤੋਂ ਬਾਅਦ ਵੀ ਕਾਂਗਰਸ ਲਗਭਗ 25 ਸਾਲ ਤੱਕ ਸੱਤਾ ’ਚ ਰਹੀ ਹੈ। ਭਾਜਪਾ ਪਹਿਲਾਂ 6 ਸਾਲ ਤੇ ਪਿਛਲੇ 11 ਸਾਲਾਂ ਨੂੰ ਜੋੜ ਕੇ ਪੂਰੇ 17 ਸਾਲ ਤੱਕ ਸੱਤਾ ਭੋਗ ਚੁੱਕੀ ਹੈ। ਹੋਰ ਖੇਤਰੀ ਪਾਰਟੀਆਂ ਵੀ ਕਿਸੇ ਨਾ ਕਿਸੇ ਰੂਪ ’ਚ ਸੂਬਿਆਂ ਜਾਂ ਕੇਂਦਰ ’ਚ ਕਦੇ ਨਾ ਕਦੇ ਸੱਤਾ ਪ੍ਰਾਪਤ ਕਰ ਚੁੱਕੀਆਂ ਹਨ। ਕੀ ਇਨ੍ਹਾਂ ’ਚੋਂ ਕੋਈ ਵੀ ਪਾਰਟੀ ਅੱਜ ਕਹਿ ਸਕਦੀ ਹੈ ਕਿ ਉਨ੍ਹਾਂ ਨੇ ਜੈਪ੍ਰਕਾਸ਼ ਅੰਦੋਲਨ ਦੁਆਰਾ ਉਠਾਏ ਗਏ ਮਹੱਤਵਪੂਰਨ ਸਵਾਲਾਂ ’ਤੇ ਕਦੇ ਗੌਰ ਕੀਤਾ ਹੈ ਜਾਂ ਉਨ੍ਹਾਂ ਦੇ ਆਧਾਰ ’ਤੇ ਆਪਣੇ ਚੋਣ ਮਨੋਰਥ ਪੱਤਰ ਬਣਾਏ ਹਨ ? ਦਰਅਸਲ ਜੋ ਵੀ ਹੋਇਆ, ਹੁਣ ਤੱਕ ਉਸ ਅੰਦੋਲਨ ਦੇ ਮੁੱਦਿਆਂ ਤੇ ਭਾਵਨਾਵਾਂ ਤੋਂ ਠੀਕ ਉਲਟ ਹੋਇਆ ਹੈ। ਪਿਛਲੇ 50 ਸਾਲ ’ਚ ਭਾਰਤੀ ਲੋਕਤੰਤਰ ਦੇ ਸਰੂਪ ’ਚ ਲਗਾਤਾਰ ਨਿਘਾਰ ਆਇਆ ਹੈ। 1975 ਦੌਰਾਨ ਸੱਤਾਧਾਰੀ ਹੋਵੇ ਜਾਂ ਵਿਰੋਧੀ ਧਿਰ, ਚੋਣ ਕਮਿਸ਼ਨ ਤੇ ਹੋਰ ਸੰਵਿਧਾਨਕ ਸੰਸਥਾਵਾਂ ਕੋਈ ਵੀ ਹੋਣ ਉਨ੍ਹਾਂ ਦੀ ਨਿਰਪੱਖਤਾ ’ਤੇ ਕੋਈ ਸ਼ੱਕ ਨਹੀਂ ਕਰਦਾ ਸੀ। ਪੱਤਰਕਾਰ ਦਾ ਮੁੱਖ ਕੰਮ ਸੱਤਾਧਾਰੀਆਂ ਤੋਂ ਸਵਾਲ ਪੁੱਛਣਾ ਸੀ, ਨਾ ਕਿ ਉਨ੍ਹਾਂ ਨੂੰ ‘ਕਲੀਨ ਚਿਟ’ ਦਿੰਦਿਆਂ ਵਿਰੋਧੀ ਧਿਰ ਨੂੰ ਖੂੰਜੇ ’ਚ ਧੱਕਦੇ ਹੋਏ ਦਿਖਾਈ ਦੇਣਾ ਸੀ। ਅਰਥਵਿਵਸਥਾ ਦੇ ਜੋ ਵੀ ਅੰਕੜੇ ਹੁੰਦੇ ਸਨ, ਉਨ੍ਹਾਂ ’ਤੇ ਕੋਈ ਸ਼ੱਕ ਨਹੀਂ ਕਰਦਾ ਸੀ।

ਐਮਰਜੈਂਸੀ ਦੇ ਮਹੀਨਿਆਂ ਨੂੰ ਛੱਡ ਦਿੱਤਾ ਜਾਵੇ ਤਾਂ ਸੰਸਦ ’ਚ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਵਧੇਰੇ ਲੋਕਤੰਤਰਿਕ ਤੇ ਸਿਹਤਮੰਦ ਵਿਚਾਰ-ਚਰਚਾ ’ਤੇ ਆਧਾਰਿਤ ਹੁੰਦੀ ਸੀ। ਵਿਰੋਧੀ ਧਿਰ-ਮੁਕਤ ਭਾਰਤ ਬਣਾਉਣ ਦੇ ਦਾਅਵੇ ਸ਼ਰੇਆਮ ਨਹੀਂ ਕੀਤੇ ਜਾਂਦੇ ਸਨ। ਕੌਣ ਜਾਣਦਾ ਸੀ ਕਿ ਕਦੇ ਅਜਿਹੇ ਦਾਅਵੇ ਵੀ ਹੋਣਗੇ ਕਿ ਭਾਰਤ ਤਾਂ ਹਿੰਦੂ ਰਾਸ਼ਟਰ ਹੀ ਹੈ, ਬੱਸ ਇਸ ਦਾ ਐਲਾਨ ਹੋਣਾ ਹੀ ਬਾਕੀ ਹੈ। ਕਾਰਪੋਰੇਟ ਪੂੰਜੀ ਸ਼ਰੇਆਮ ਸੱਤਾ ਨੂੰ ਕੰਟਰੋਲ ਕਰਦੀ ਹੋਈ ਦਿਖਾਈ ਨਹੀਂ ਦਿੰਦੀ ਸੀ। ਪਾਰਟੀਆਂ ਆਪਣਾ ਸੰਗਠਨਾਤਮਿਕ ਵਿਸਥਾਰ ਕਦੇ ਵੀ ਇੰਨੀ ਬੇਸ਼ਰਮੀ ਨਾਲ ਦੂਜੀਆਂ ਪਾਰਟੀਆਂ ਨੂੰ ਤੋੜ ਕੇ ਨਹੀਂ ਕਰਦੀਆਂ ਸਨ। ਇੱਕ ਰਾਜ ਸਭਾ ਮੈਂਬਰ ਦੀ ਚੋਣ ’ਚ 100 ਕਰੋੜ ਰੁਪਏ ਤੋਂ ਵੀ ਜ਼ਿਆਦਾ ਖਰਚ ਹੋਣਗੇ, ਇਸ ਦੀ ਉਸ ਸਮੇਂ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ। ਰਾਜਨੀਤੀ ਨਾਲ ਜੁੜੇ ਪ੍ਰਭਾਵਸ਼ਾਲੀ ਲੋਕ ਕਾਮ ਤੇ ਹਿੰਸਾ ਦੇ ਕਾਂਡਾਂ ’ਚ ਖੁੱਲ੍ਹੇਆਮ ਸ਼ਾਮਿਲ ਦਿਖਾਈ ਦੇਣਗੇ, ਅਜਿਹਾ ਸੋਚਣਾ ਵੀ ਉਸ ਸਮੇਂ ਮੁਸ਼ਕਿਲ ਸੀ।

ਕੀ ਇਹ ਅਜੀਬ ਨਹੀਂ ਲਗਦਾ ਕਿ ਲੋਕਤੰਤਰ ਦੇ ਚੌਤਰਫਾ ਵਿਗਾੜ ਦੇ ਇਸ ਦੌਰ ’ਚ ਐਮਰਜੈਂਸੀ ਦੌਰਾਨ ਜੇਲ੍ਹ ਗਏ ਲੋਕ ਖ਼ੁਦ ਨੂੰ ਨਾਗਰਿਕ ਤੇ ਰਾਜਨੀਤਕ ਅਧਿਕਾਰਾਂ ਦੇ ਫ਼ਰਿਸ਼ਤੇ ਵਜੋਂ ਪੇਸ਼ ਕਰਨ ਦੀ ਜੁਰੱਅਤ ਕਰ ਰਹੇ ਹਨ ? ਜੋ ਲੋਕ ਉਸ ਸਮੇਂ ਜੇਲ੍ਹ ’ਚ ਸਨ (ਚਾਹੇ ਪੱਤਰਕਾਰ ਹੋਣ ਜਾਂ ਨੇਤਾ), ਉਨ੍ਹਾਂ ਨੇ ਲੋਕਤੰਤਰ ਨੂੰ ਮਜ਼ਬੂਤ ਕਰਨ ਦੀ ਦਿਸ਼ਾ ’ਚ ਕੋਈ ਇਕ ਵੀ ਕਦਮ ਨਹੀਂ ਉਠਾਇਆ। ਦੂਸਰਾ, ਐਮਰਜੈਂਸੀ ਦਾ ਜੋ ਰਾਜਨੀਤਕ ਇਤਿਹਾਸ ਪੇਸ਼ ਕੀਤਾ ਜਾ ਰਿਹਾ ਹੈ, ਉਹ ਵੀ ਤੱਥਾਂ ਦੀ ਦ੍ਰਿਸ਼ਟੀ ਤੋਂ ਠੀਕ ਨਹੀਂ ਹੈ। ਭਾਵੇਂ ਐਮਰਜੈਂਸੀ ਕਾਰਨ ਇੰਦਰਾ ਗਾਂਧੀ 1977 ’ਚ ਉੱਤਰੀ ਭਾਰਤ ’ਚ ਪਹਿਲਾਂ ਵਾਂਗ ਹਰਮਨ ਪਿਆਰੀ ਨਹੀਂ ਰਹਿ ਗਈ ਸੀ, ਪਰ ਫਿਰ ਵੀ ਇਨ੍ਹਾਂ ਚੋਣਾਂ ਦੌਰਾਨ ਦੱਖਣੀ ਭਾਰਤ ’ਚ ਕਾਂਗਰਸ ਨੇ 150 ਤੋਂ ਜ਼ਿਆਦਾ ਸੀਟਾਂ ਜਿੱਤੀਆਂ ਸਨ। ਕਾਂਗਰਸ ਨੂੰ ਸੱਤਾ ਗੁਆਉਣ ਦੇ ਬਾਵਜੂਦ ਵੀ 34.52 ਫ਼ੀਸਦੀ ਵੋਟਾਂ ਮਿਲੀਆਂ ਸਨ, ਜੋ 2014 ’ਚ ਬਹੁਮਤ ਨਾਲ ਜਿੱਤਣ ਵਾਲੀ ਭਾਜਪਾ ਤੋਂ ਵਧੇਰੇ ਸਨ। ਕਾਂਗਰਸ 1980 ’ਚ ਢਾਈ ਸਾਲਾਂ ਬਾਅਦ 353 ਸੀਟਾਂ ਜਿੱਤ ਕੇ ਮੁੜ ਸੱਤਾ ’ਚ ਆ ਗਈ ਸੀ ਤੇ ਉਸ ਨੂੰ 42.69 ਫ਼ੀਸਦੀ ਵੋਟਾਂ ਮਿਲੀਆਂ, ਜੋ ਭਾਜਪਾ ਅੱਜ ਤੱਕ ਕਦੇ ਵੀ ਪ੍ਰਾਪਤ ਨਹੀਂ ਕਰ ਸਕੀ। ਇਹ ਅੰਕੜੇ ਸਾਨੂੰ ਅਸਹਿਜ ਕਰ ਦੇਣ ਵਾਲਾ ਇੱਕ ਸਵਾਲ ਉਠਾਉਂਦੇ ਹਨ। ਕੀ ਅਸਲ ’ਚ ਦੇਸ਼ ਦੇ ਲੋਕਾਂ ਨੇ 1977 ’ਚ ਨਾਗਰਿਕ ਆਜ਼ਾਦੀ (ਮੌਲਿਕ ਅਧਿਕਾਰਾਂ) ਦੇ ਖੋਹ ਲਏ ਜਾਣ ਤੋਂ ਨਾਰਾਜ਼ ਹੋ ਕੇ ਵੋਟਾਂ ਪਾਈਆਂ ਸਨ ? ਕੀ ਉਹ ਵੋਟਿੰਗ ਐਮਰਜੈਂਸੀ ਵਿਰੋਧੀ ਸੀ ਜਾਂ ਉਸ ਦੀ ਵਜ੍ਹਾ ਮਹਿਜ਼ ਨਸਬੰਦੀ ਵਿਰੋਧੀ ਸੀ ? ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਂਗਰਸ ਸਿਰਫ਼ ਉਨ੍ਹਾਂ ਖੇਤਰਾਂ ’ਚ ਹਾਰੀ ਸੀ, ਜਿਥੇ ਜ਼ਬਰਦਸਤੀ ਨਸਬੰਦੀ ਪ੍ਰੋਗਰਾਮ ਚਲਾਇਆ ਗਿਆ ਸੀ। ਇਸੇ ਨਾਲ ਜੁੜਿਆ ਇਕ ਵੱਡਾ ਪ੍ਰਸ਼ਨ ਇਹ ਹੈ ਕੀ ਆਮ ਲੋਕਾਂ ਨੂੰ ਆਪਣੀ ਰਾਜਨੀਤਕ ਆਜ਼ਾਦੀ ਓਨੀ ਹੀ ਤੇ ਉਸੇ ਤਰ੍ਹਾਂ ਪਿਆਰੀ ਹੈ, ਜਿਸ ਤਰ੍ਹਾਂ ਨਾਲ ਅਸੀਂ ਸਿਧਾਂਤਕ ਤੌਰ ’ਤੇ ਮਾਣਨਾ ਪਸੰਦ ਕਰਦੇ ਹਾਂ ?

(ਬਾਕੀ ਸਫ਼ਾ 31 ’ਤੇ)

# ਅਮਰੀਕੀ ਯੂਨੀਵਰਸਿਟੀ ਹਾਰਵਰਡ ਤੋਂ ਸੇਧ ਲੈਣ ਭਾਰਤੀ ਯੂਨੀਵਰਸਿਟੀਆਂ

## ਹਾਰਵਰਡ ਯੂਨੀਵਰਸਿਟੀ ਅਤੇ ਟਰੰਪ ਪ੍ਰਸ਼ਾਸਨ ਵਿਵਾਦ ਤੋਂ ਬਹੁਤ ਕੁਝ ਸਿੱਖ ਸਕਦੀਆਂ ਹਨ ਭਾਰਤੀ ਯੂਨੀਵਰਸਿਟੀਆਂ

ਪ੍ਰੋ. (ਸੇਵਾਮੁਕਤ) ਸੁਖਦੇਵ ਸਿੰਘ



ਮਨੁੱਖੀ ਚੇਤਨਾ ਅਤੇ ਮਿਹਨਤ ਨਾਲ ਗਿਆਨ ਦਾ ਵਿਕਾਸ ਇੱਕ ਸਮਾਜਿਕ ਸ਼ਕਤੀ ਵਜੋਂ ਹੋਇਆ ਹੈ। ਗਿਆਨ ਦਾ ਵਿਕਾਸ ਕਿਸੇ ਵਿਅਕਤੀ ਵਿਸ਼ੇਸ਼ ਜਾਂ ਸਮੂਹ ਦੀ ਕਿਸੇ ਇੱਕ ਕੋਸ਼ਿਸ਼ ਦਾ ਨਤੀਜਾ ਨਹੀਂ ਹੁੰਦਾ ਸਗੋਂ ਮਨੁੱਖ ਦੀਆਂ ਨਿਰੰਤਰ ਬਹੁਤ ਸਾਰੀਆਂ ਇਤਿਹਾਸਕ ਅਤੇ ਸਮਕਾਲੀ ਕੋਸ਼ਿਸ਼ਾਂ ਦਾ ਫ਼ਲ ਹੁੰਦਾ ਹੈ। ਇਸ ਲਈ ਗਿਆਨ ਸਮਾਜ ਦੀ ਧਰੋਹਰ ਹੁੰਦਾ ਹੈ। ਬਹੁਤ ਲੰਮੇ ਸਮੇਂ ਤੱਕ ਗਿਆਨ ਦਾ ਪ੍ਰਵਾਹ ਜਾਂ ਸੰਚਾਰ ਸਮੂਹਿਕ ਰੂਪ ਵਿੱਚ ਜਾਂ ਵਿਅਕਤੀਗਤ ਸ਼ਾਗਿਰਦੀ ਰਾਹੀਂ ਹੁੰਦਾ ਰਿਹਾ ਹੈ। ਸਮਾਜ ਦੇ ਬਾਕੀ ਸਾਧਨਾਂ ਅਤੇ ਸਰੋਤਾਂ ਵਾਂਗ ਗਿਆਨ-ਸੰਚਾਰ ਨੂੰ ਵੀ ਵਿਧੀਵਤ ਢੰਗ ਨਾਲ ਸਿੱਖਿਆ ਪ੍ਰਬੰਧ ਵਜੋਂ ਵਿਕਸਿਤ ਕੀਤਾ ਗਿਆ ਅਤੇ ਰਾਜ ਸ਼ਕਤੀ ਅਧੀਨ ਰਾਜ ਪ੍ਰਬੰਧ ਦੇ ਸਾਧਨ-ਸਰੋਤ ਵਜੋਂ ਢਾਲ ਲਿਆ ਗਿਆ ਹੈ।

ਡੋਨਾਲਡ ਟਰੰਪ ਅਮਰੀਕੀ ਨਾਗਰਿਕਾਂ ਦੀਆਂ ਸਮੱਸਿਆਵਾਂ ਲਈ ਮੁਲਕ ਵਿੱਚ ਪਰਵਾਸੀਆਂ ਸਬੰਧੀ ਉਦਾਰਵਾਦੀ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾ ਕੇ ਸੱਤਾ ਵਿੱਚ ਆਇਆ। ਟਰੰਪ ਦੀ ਅਗਵਾਈ ਵਾਲੀ ਸਰਕਾਰ ਨੇ ਉਦਾਰਵਾਦੀ ਪਰਵਾਸੀ ਅਤੇ ਸਿੱਖਿਆ ਨੀਤੀਆਂ 'ਤੇ ਵੱਡੀ ਰੋਕ ਲਗਾਉਣ ਦੀ ਨੀਤੀ ਲਾਗੂ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਸ ਤਹਿਤ ਦੇਸ਼ ਦੀਆਂ ਹੋਰ ਯੂਨੀਵਰਸਿਟੀਆਂ ਤੋਂ ਇਲਾਵਾ ਵਿਦਿਅਕ, ਆਰਥਿਕ ਅਤੇ ਮਿਆਰੀ ਤੌਰ 'ਤੇ ਮਜ਼ਬੂਤ ਵਿਦਿਅਕ ਸੰਸਥਾ ਵਜੋਂ ਦੁਨੀਆ ਵਿੱਚ ਜਾਣੀ ਜਾਂਦੀ ਹਾਰਵਰਡ ਯੂਨੀਵਰਸਿਟੀ ਦੀ ਦਾਖ਼ਲਾ ਨੀਤੀ ਅਤੇ ਕਈ ਕੋਰਸਾਂ 'ਤੇ ਅੰਕੁਸ਼ ਲਗਾਉਣ ਤੋਂ ਇਲਾਵਾ ਇਸ ਨੂੰ ਦਿੱਤੀ ਜਾਣ ਵਾਲੀ ਖੋਜ ਗਰਾਂਟ 'ਤੇ ਸ਼ਰਤਾਂ ਲਗਾਈਆਂ ਹਨ ਅਤੇ ਸ਼ਰਤਾਂ ਨਾ ਮੰਨਣ ਦੀ ਸੂਰਤ ਵਿੱਚ ਗਰਾਂਟ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਝਗੜਾ ਇੱਥੋਂ ਤੱਕ ਵਧ ਗਿਆ ਹੈ ਕਿ ਰਾਸ਼ਟਰਪਤੀ ਟਰੰਪ ਸੋਸ਼ਲ ਮੀਡੀਆ ਪਲੈਟਫ਼ਾਰਮਾਂ 'ਤੇ ਹਾਰਵਰਡ ਫ਼ੈਕਲਟੀ 'ਤੇ ਚੀਨ ਦੀ ਕਮਿਊਨਿਸਟ ਪਾਰਟੀ ਨਾਲ ਮਿਲੀਭੁਗਤ ਹੋਣ ਦੇ ਦੋਸ਼ ਲਗਾ ਕੇ ਆਪਣੀ ਕਾਰਵਾਈ ਨੂੰ ਸਹੀ ਠਹਿਰਾ ਰਹੇ ਹਨ ਜਦੋਂਕਿ ਹਾਰਵਰਡ ਦੇ ਹਿਤੈਸ਼ੀ ਸਰਕਾਰ ਦੀਆਂ ਨੀਤੀਆਂ ਨੂੰ 1940ਵਿਆਂ ਦੇ ਦਹਾਕੇ ਦੀ ਮੈਕਕਾਰਥਵਾਦੀ ਨੀਤੀ ਕਹਿ ਰਹੇ ਹਨ। ਸਰਕਾਰੀ ਰੋਕਾਂ ਮੁਤਾਬਿਕ ਹਾਰਵਰਡ 2025-2026 ਅਕਾਦਮਿਕ ਸਾਲ ਲਈ 6- ਜਾਂ ਨਾਮਜ਼ਦਗੀ 'ਤੇ ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦੇ ਸਕਦਾ ਅਤੇ 6 ਜਾਂ ਨਾਮਜ਼ਦਗੀ ਦਰਜੇ 'ਤੇ ਮੌਜੂਦਾ ਵਿਦੇਸ਼ੀ ਵਿਦਿਆਰਥੀਆਂ ਨੂੰ ਕਿਸੇ ਹੋਰ ਯੂਨੀਵਰਸਿਟੀ ਵਿੱਚ ਤਬਦੀਲ ਕਰਨਾ ਪੈਣਾ ਸੀ। ਇਸ ਤੋਂ ਪਹਿਲਾਂ 11 ਅਪ੍ਰੈਲ 2025 ਨੂੰ ਲਿਖੇ ਪੱਤਰ ਰਾਹੀਂ ਸਰਕਾਰ ਨੇ ਹਾਰਵਰਡ ਨੂੰ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਸ਼ਾਸਨ ਅਧਿਕਾਰੀਆਂ ਦੀ ਸ਼ਕਤੀ ਨੂੰ ਘਟਾਉਣ, ਸਾਰੇ 'ਵਿਭਿੰਨਤਾ, ਬਰਾਬਰੀ, ਸਮਾਵੇਸ਼ੀ' (ਡੀ.ਈ.ਆਈ.) ਕੋਰਸ ਤੇ ਦਫ਼ਤਰ ਬੰਦ ਕਰਨ ਅਤੇ ਦਾਖਲਿਆਂ ਤੇ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਸਰਕਾਰ ਨਾਲ ਸਾਂਝੀ ਕਰਨ ਦਾ ਹੁਕਮ ਦਿੱਤਾ ਸੀ।

ਹਾਰਵਰਡ ਨੇ ਸਰਕਾਰ ਦੇ ਦੋਵਾਂ ਪੱਤਰਾਂ ਨੂੰ ਅਦਾਲਤ ਵਿੱਚ ਚੁਣੌਤੀ ਦੇ ਦਿੱਤੀ ਹੈ ਅਤੇ ਅਦਾਲਤ ਨੇ ਸਰਕਾਰ ਦੇ ਹੁਕਮਾਂ 'ਤੇ ਅਗਲੀ ਸੁਣਵਾਈ ਤੱਕ ਪਾਬੰਦੀ ਲਗਾ ਦਿੱਤੀ ਹੈ। ਇਸ ਨਾਲ ਟਰੰਪ-ਹਾਰਵਰਡ ਵਿਵਾਦ ਅਤੇ ਅਮਰੀਕੀ ਸਿੱਖਿਆ ਪ੍ਰਬੰਧ ਦਾ ਭਵਿੱਖ ਦੁਨੀਆ ਭਰ ਵਿੱਚ ਬਹਿਸ ਦਾ ਮੁੱਦਾ ਬਣ ਗਏ ਹਨ।

ਹਾਰਵਰਡ ਦਾ ਮੁੱਖ ਉਦੇਸ਼ ਲੋਕ ਭਲਾਈ ਲਈ ਉੱਚ-ਪਾਏ ਦੀ ਸਿੱਖਿਆ ਅਤੇ ਖੋਜ, ਬੋਲਣ ਦੀ ਆਜ਼ਾਦੀ, ਬੇਇਨਸਾਫ਼ੀ ਅਤੇ ਅਣਮਨੁੱਖੀ ਕਾਰਵਾਈਆਂ ਦਾ ਵਿਰੋਧ ਕਰਨ ਵਾਲੀ ਉਦਾਰਵਾਦੀ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਨਾ ਹੈ। ਦੂਜੇ ਪਾਸੇ, ਟਰੰਪ ਪ੍ਰਸ਼ਾਸਨ ਦਾ ਉਦੇਸ਼ ਵਿਰੋਧੀ ਹਿੱਤਾਂ ਦੀ ਸਿਆਸਤ ਕਰਨਾ, ਉਦਾਰਵਾਦੀ ਵਿਚਾਰਧਾਰਾਵਾਂ ਦੇ ਪਸਾਰ ਨੂੰ ਰੋਕਣਾ ਅਤੇ ਸੌੜੇ ਰਾਸ਼ਟਰਵਾਦੀ ਹਿੱਤਾਂ ਨੂੰ ਪੂਰਾ ਕਰਨਾ ਹੈ। ਟਰੰਪ ਪ੍ਰਬੰਧ ਉਦਾਰਵਾਦੀ ਪਰਵਾਸੀ ਨੀਤੀਆਂ 'ਤੇ ਰੋਕ ਲਗਾ ਕੇ ਦੇਸ਼ ਦੀ ਸਥਾਨਕ ਵਸੋਂ ਦੀਆਂ ਆਰਥਿਕ ਮੁਸ਼ਕਿਲਾਂ ਹੱਲ ਕਰਨ ਦਾ ਭੁਲੇਖਾ ਪਾ ਰਿਹਾ ਹੈ। ਇਹ ਹੀ ਟਰੰਪ ਪ੍ਰਸ਼ਾਸਨ ਅਤੇ ਹਾਰਵਰਡ ਯੂਨੀਵਰਸਿਟੀ ਵਿਚਕਾਰ ਮੌਜੂਦਾ ਵਿਵਾਦ ਦੀ ਮੁੱਖ ਜੜ੍ਹ ਹੈ।

ਸਭ ਤੋਂ ਫ਼ਿਕਰ ਵਾਲੀ ਗੱਲ ਇਹ ਹੈ ਕਿ ਸੰਯੁਕਤ ਰਾਜ ਅਮਰੀਕਾ ਦੀ ਉੱਚ-ਅਦਾਲਤ (ਸੁਪਰੀਮ ਕੋਰਟ) ਨੇ ਅਮਰੀਕੀ ਜੱਜਾਂ ਦੇ ਸਰਕਾਰ ਦੀਆਂ ਨੀਤੀਆਂ 'ਤੇ ਰੋਕ ਲਗਾ ਸਕਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਟਰੰਪ ਪ੍ਰਸ਼ਾਸਨ ਦੇ ਦਬਾਅ ਹੇਠ ਵਰਜੀਨੀਆ ਯੂਨੀਵਰਸਿਟੀ ਦੇ ਮੁਖੀ ਨੇ ਅਹੁਦਾ ਛੱਡ ਦਿੱਤਾ ਹੈ। ਹਾਰਵਰਡ ਆਪਣੇ ਕੌਮਾਂਤਰੀ ਵਿਦਿਆਰਥੀਆਂ ਲਈ ਡਿਗਰੀ ਪੂਰੀ ਕਰਨ ਲਈ ਔਨਲਾਈਨ ਪ੍ਰਬੰਧ ਕਰਨ ਬਾਰੇ ਵਿਚਾਰ ਕਰ ਰਹੀ ਹੈ।

ਭਾਰਤੀ ਯੂਨੀਵਰਸਿਟੀਆਂ ਇਸ ਵਿਵਾਦ ਨੂੰ ਸਮਝ ਕੇ ਕਾਫ਼ੀ ਕੁਝ ਸਿੱਖ ਸਕਦੀਆਂ ਹਨ:

1. ਯੂਨੀਵਰਸਿਟੀਆਂ ਗਿਣਤੀ ਤੋਂ ਜ਼ਿਆਦਾ ਸਿੱਖਿਆ, ਖੋਜ ਅਤੇ ਹੁਨਰ ਸਬੰਧੀ ਵਿਦਿਅਕ ਮਿਆਰ ਨੂੰ ਤਰਜੀਹ ਦੇਣ ਤਾਂ ਕਿ ਇਨ੍ਹਾਂ ਦੀ ਡਿਗਰੀ ਦੀ ਕੌਮਾਂਤਰੀ ਪੱਧਰ 'ਤੇ ਪ੍ਰਵਾਨਗੀ ਹੋਵੇ।
2. ਏਸ਼ੀਆ ਦਾ ਵਿਦਿਆ ਕੇਂਦਰ ਬਣਨ ਲਈ ਯੂਨੀਵਰਸਿਟੀ ਪਰਿਸਰਾਂ ਵਿੱਚ ਬਹੁ-ਸੱਭਿਆਚਾਰਕ ਸਹਿਣਸ਼ੀਲਤਾ ਅਤੇ ਸਮਾਵੇਸ਼ੀ ਮਾਹੌਲ ਸਿਰਜਿਆ ਜਾਵੇ।
3. ਵਿਦਿਆਰਥੀਆਂ, ਖੋਜਾਰਥੀਆਂ ਅਤੇ ਅਧਿਆਪਕਾਂ ਦੇ ਵਿਸ਼ਾਲ ਸੰਪਰਕ, ਸੋਚ ਅਤੇ ਬੌਧਿਕ ਵਿਕਾਸ ਲਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਨਿਰਪੱਖ ਬਹਿਸ ਲਈ ਉਤਸ਼ਾਹਿਤ ਕਰਨ।
4. ਸਿੱਖਿਆ ਅਤੇ ਖੋਜ ਨੂੰ ਸਪੱਸ਼ਟ ਤੌਰ 'ਤੇ ਮਨੁੱਖੀ ਭਲਾਈ ਨਾਲ ਜੋੜ ਕੇ ਸਮਾਜਿਕ ਭਾਈਚਾਰੇ ਅਤੇ ਉਦਯੋਗ ਤੋਂ ਦਾਨ ਹਾਸਲ ਕਰਨ। ਸਰਕਾਰੀ ਗ੍ਰਾਂਟਾਂ ਹਾਸਲ ਤਾਂ ਕਰਨ ਪਰ ਮੁਕੰਮਲ ਤੌਰ 'ਤੇ ਇਨ੍ਹਾਂ ਉੱਤੇ ਨਿਰਭਰ ਨਾ ਰਹਿਣ।
5. ਸਾਬਕਾ ਵਿਦਿਆਰਥੀ ਸੰਗਠਨ ਬਣਾ ਕੇ ਉਨ੍ਹਾਂ ਨੂੰ ਆਰਥਿਕ ਮਦਦ ਦੇਣ ਦੇ ਨਾਲ ਨਾਲ ਸਮਾਜ ਵਿੱਚ ਇਨਸਾਫ਼ ਅਤੇ ਲੋਕ-ਪੱਖੀ ਮਾਹੌਲ ਸਿਰਜਣ ਲਈ ਪ੍ਰੇਰਨ।
6. ਸਰੀਰਕ, ਮਨੋਵਿਗਿਆਨਕ, ਸਮਾਜਿਕ-ਸੱਭਿਆਚਾਰਕ, ਆਰਥਿਕ ਅਤੇ ਅਧਿਆਤਮਿਕ ਭਲਾਈ ਲਈ ਉੱਚਤਮ ਮਿਆਰਾਂ 'ਤੇ ਆਧਾਰਿਤ ਕਿਰਤ-ਸੱਭਿਆਚਾਰ ਪੈਦਾ ਕਰਨ।
7. ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਨਿਡਰਤਾ ਨਾਲ ਕੰਮ ਕਰਨ ਲਈ ਤਾਂ ਉਤਸ਼ਾਹਿਤ ਕਰਨ, ਪਰ ਦੇਸ਼ ਦੇ ਕਾਨੂੰਨ ਦੀ ਪ੍ਰਵਾਹ ਕਰਨ ਲਈ ਵੀ ਪ੍ਰੇਰਨ।
8. ਪ੍ਰਬੰਧਕ ਆਪ ਕਾਨੂੰਨੀ ਪੱਖਾਂ ਤੋਂ ਪੂਰੀ ਤਰ੍ਹਾਂ ਜਾਣੂੰ ਰਹਿਣ।

# ਬਹੁਤ ਬਦਲ ਗਿਆ ਹੈ ਪੰਜਾਬ ਦਾ ਮੁਹਾਂਦਰਾ

ਜੀਤ ਸਿੰਘ ਜੋਸ਼ੀ

ਇੱਕ ਸਮਾਂ ਉਹ ਸੀ ਜਦੋਂ ਪੁਰਾਣਾ ਪੰਜਾਬ ਹੁੰਦਾ ਸੀ। ਸ਼ੁੱਧ ਦੇਸੀ ਪੰਜਾਬ। ਉਹ ਪੰਜਾਬ ਜੋ ਵਲ-ਛਲ ਤੋਂ ਮੁਕਤ ਹੁੰਦਾ ਸੀ। ਉਹ ਪੰਜਾਬ ਜਿਹੜਾ ਹਰ ਕਿਸੇ ਦੇ ਦਰਦ ਦਾ ਸਾਂਝੀਦਾਰ ਹੁੰਦਾ ਸੀ। ਉਹ ਪੰਜਾਬ ਜੋ ਗੁਰੂ ਦੇ ਨਾਂ 'ਤੇ ਜੀਂਦਾ ਸੀ। ਕਰੂਰ ਸਿਆਸਤਦਾਨਾਂ ਨੇ ਉਸ ਪੰਜਾਬ ਦੇ ਵਾਰ-ਵਾਰ ਟੁਕੜੇ ਕਰ ਦਿੱਤੇ ਹਨ। ਮੈਂ ਉਹ ਮਾਣਮੱਤਾ ਪੰਜਾਬ ਅੱਖੀਂ ਦੇਖਿਆ ਹੈ। ਉਸ ਦੇ ਰਵਾਇਤੀ ਧੰਦਿਆਂ ਵਿੱਚ ਨਿਪੁੰਨ ਲੋਕ ਦੇਖੇ ਹਨ। ਇਨ੍ਹਾਂ ਲੋਕਾਂ ਵਿੱਚ ਰਹਿ ਕੇ ਮੈਂ ਆਪਣਾ ਜੀਵਨ ਗੁਜ਼ਾਰਿਆ ਹੈ। ਮੈਂ ਉਸ ਆਖ਼ਰੀ ਪੀੜ੍ਹੀ ਦਾ ਜੰਮਪਲ ਹਾਂ ਜਿਸ ਨੇ ਪੁਰਾਤਨ ਜੀਵਨ-ਸ਼ੈਲੀ ਨੂੰ ਨਵੀਂ ਆਧੁਨਿਕ ਰੰਗਤ ਵਾਲੀ ਜੀਵਨ-ਸ਼ੈਲੀ ਵਿੱਚ ਬਦਲਦੇ ਦੇਖਿਆ ਹੈ। ਪੁਰਾਤਨ ਕਦਰਾਂ-ਕੀਮਤਾਂ ਨੂੰ ਤਹਿਸ-ਨਹਿਸ ਹੁੰਦੇ ਦੇਖਿਆ ਹੈ।

ਜੀਵਨ ਨਿਰੰਤਰ ਬਦਲਦਾ ਰਹਿੰਦਾ ਹੈ, ਇਸ 'ਚ ਕੋਈ ਸ਼ੱਕ ਨਹੀਂ। ਕੋਈ ਵੀ ਸਮਾਜ ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਉੱਤੇ ਕਿਉਂ ਨਾ ਹੋਵੇ, ਉਹ ਲਗਾਤਾਰ ਬਦਲਦਾ ਰਹਿੰਦਾ ਹੈ। ਸੱਭਿਆਚਾਰਕ ਪਰਿਵਰਤਨ ਇੱਕ ਲਾਜ਼ਮੀ ਅਮਲ ਹੈ ਪਰ ਇਹ ਅਮਲ ਆਪ-ਹੁਦਰਾ ਨਹੀਂ ਹੁੰਦਾ। ਨਾ ਹੀ ਆਪ-ਮੁਹਾਰਾ ਹੁੰਦਾ ਹੈ। ਨਾ ਹੀ ਇਹ ਕੁਦਰਤੀ ਪਰਿਵਰਤਨ ਵਾਂਗ ਨਿਸ਼ਚਿਤ ਹੁੰਦਾ ਹੈ। ਜਿਵੇਂ ਰਾਤ ਅਤੇ ਦਿਨ ਬਦਲਦੇ ਹਨ, ਜਿਵੇਂ ਰੁੱਤਾਂ ਬਦਲਦੀਆਂ ਹਨ, ਇਵੇਂ ਸੱਭਿਆਚਾਰ ਨਹੀਂ ਬਦਲਦਾ। ਸੱਭਿਆਚਾਰਕ ਪਰਿਵਰਤਨ ਲਈ ਲਾਜ਼ਮੀ ਤੌਰ 'ਤੇ ਮਨੁੱਖੀ ਪਹੁੰਚ ਕਾਰਜਸ਼ੀਲ ਹੁੰਦੀ ਹੈ। ਪ੍ਰੰਤੂ, ਪੰਜਾਬੀ ਸੱਭਿਆਚਾਰ 'ਚ ਆਏ ਪਰਿਵਰਤਨ ਲਈ ਪੰਜਾਬ ਦੇ ਲੋਕਾਂ ਦੀ ਪਹੁੰਚ ਸ਼ਾਮਲ ਨਹੀਂ ਸੀ ਸਗੋਂ ਇਸ ਉੱਤੇ ਕਾਬਜ਼ ਧਿਰਾਂ ਦੀ ਪਹੁੰਚ ਕੰਮ ਕਰ ਰਹੀ ਸੀ। ਇਹ ਪਹੁੰਚ ਵੀ ਕਿਸੇ ਨੀਤੀ ਅਨੁਸਾਰ ਨਹੀਂ ਸੀ, ਸਗੋਂ ਬਦਨੀਤੀ 'ਤੇ ਆਧਾਰਿਤ ਸੀ। ਇਸੇ ਕਾਰਨ ਇਹ ਪਰਿਵਰਤਨ ਵਿਕਾਸ ਨਾਲੋਂ ਵਿਨਾਸ਼ ਦਾ ਕਾਰਨ ਵਧੇਰੇ ਬਣਿਆ ਹੈ। ਅਸੀਂ ਪੱਛਮੀ ਮੁਲਕਾਂ ਦੀ ਰੀਸੋ-ਰੀਸ ਨਵੇਂ ਵਰਤਾਰੇ ਸਿਰਜ ਤਾਂ ਬੈਠੇ ਹਾਂ ਪਰ ਸਾਡਾ ਸਮਾਜਿਕ ਵਿਵਹਾਰ ਅਤੇ ਚੇਤਨਾ ਦਾ ਪੱਧਰ ਰਵਾਇਤੀ ਰੰਗਤ ਵਾਲੇ ਹੀ ਰਹੇ ਹਨ ਜਿਸ ਦਾ ਸਿੱਟਾ ਇਹ ਹੋਇਆ ਕਿ ਅਸੀਂ ਪੁਰਾਤਨ ਜੀਵਨ ਜਾਚ ਬਦਲ ਤਾਂ ਦਿੱਤੀ ਹੈ ਪਰ ਉਸ ਦੇ ਬਦਲ ਵਿੱਚ ਉਸੇ ਪੱਧਰ ਦੀ ਨਵੀਂ ਜੀਵਨ ਜਾਚ ਸਿਰਜ ਨਹੀਂ ਸਕੇ। ਸਾਡੇ ਨਵੇਂ ਜੀਵਨ ਦੇ ਬਹੁਤੇ ਵਰਤਾਰੇ ਪੱਛਮ ਦੀ ਰੀਸੋ-ਰੀਸ ਅਪਣਾਏ ਹੋਏ ਹਨ। ਸਾਡੇ ਆਪਣੇ ਸਮਾਜ ਦੀਆਂ ਲੋੜਾਂ ਅਨੁਸਾਰ ਨਹੀਂ ਹਨ। ਇਸ ਅਖੌਤੀ ਆਧੁਨਿਕ ਜੀਵਨ ਅੰਦਰ ਸਹਿਜਤਾ ਵਾਲਾ ਸਕੂਨ ਨਹੀਂ ਹੈ। ਮੰਗਵਾਂ ਪਹਿਰਾਵਾ ਭਾਵੇਂ ਕਿੰਨਾ ਵੀ ਕੀਮਤੀ ਕਿਉਂ ਨਾ ਹੋਵੇ, ਪਹਿਨਣ ਵਾਲੇ ਲਈ ਹੀਣਤਾ ਦੇ ਭਾਵ ਹੀ ਪੈਦਾ ਕਰਦਾ ਹੈ।

ਇਹ ਪਰਿਵਰਤਨ ਸਹਿਜ ਰੂਪ ਵਿੱਚ ਨਹੀਂ ਆਇਆ ਸਗੋਂ ਇੱਕ ਝੱਖੜ ਵਾਂਗ ਆਇਆ ਹੈ। ਇਸ ਦੇ ਵਿਕਰਾਲ ਰੂਪ ਨੇ ਰਵਾਇਤੀ ਜੀਵਨ ਨੂੰ ਤਬਾਹ ਕਰ ਦਿੱਤਾ ਹੈ। ਸੱਭਿਆਚਾਰਕ ਪਰਿਵਰਤਨ ਦਾ ਇਹ ਅਮਲ ਤਾਂ ਭਾਵੇਂ ਬਰਤਾਨਵੀ ਸਾਮਰਾਜ ਦੇ ਸਥਾਪਤ ਹੋਣ ਸਮੇਂ ਹੀ ਸ਼ੁਰੂ ਹੋ ਗਿਆ ਸੀ ਪਰ ਇਹ ਪ੍ਰਭਾਵ ਪੇਂਡੂ ਜੀਵਨ ਉੱਤੇ ਨਾਮਾਤਰ ਹੀ ਸੀ। ਬਾਅਦ ਵਿੱਚ ਪਰਿਵਰਤਨ ਦੀ ਜਿਵੇਂ ਹਨੇਰੀ ਝੁੱਲੀ ਹੈ, ਉਹ ਹੈਰਾਨ ਕਰ ਦੇਣ ਵਾਲੀ ਸੀ। ਜੇ ਇਸ ਦਾ ਕਾਰਨ ਤਲਾਸ਼ ਕਰੀਏ ਤਾਂ ਸਪਸ਼ਟ ਹੁੰਦਾ ਹੈ ਕਿ ਸੱਠਵਿਆਂ ਦੇ ਨੇੜੇ-




ਤੇੜੇ ਪੰਜਾਬ ਵਿੱਚ ਦੋ ਧਮਾਕਾਖੇਜ਼ ਘਟਨਾਵਾਂ ਵਾਪਰੀਆਂ ਸਨ। ਇਨ੍ਹਾਂ ਸਦਕਾ ਸੱਭਿਆਚਾਰਕ ਪਰਿਵਰਤਨ ਦਾ ਅਮਲ ਤੇਜ਼ ਹੋ ਗਿਆ ਸੀ ਜਿਸ ਨਾਲ ਪੰਜਾਬ ਦੇ ਪੇਂਡੂ ਸਮਾਜ ਦੀ ਅੰਦਰੂਨੀ ਅਤੇ ਬਾਹਰਲੀ ਦਿੱਖ ਬਦਲਣੀ ਸ਼ੁਰੂ ਹੋ ਗਈ ਸੀ। ਇਹ ਦੋ ਘਟਨਾਵਾਂ ਸਨ (ੳ) ਪੰਜਾਬ ਵਿੱਚ ਮੁਰੱਬੇਬੰਦੀ ਦਾ ਅਮਲ। (ਅ) ਪੰਜਾਬ 'ਚ ਹਰੀ ਕ੍ਰਾਂਤੀ ਦਾ ਅਮਲ।

ਮੁਰੱਬੇਬੰਦੀ ਜਾਂ ਚੱਕਬੰਦੀ ਤੋਂ ਭਾਵ ਤਾਂ ਇਹ ਲਿਆ ਗਿਆ ਸੀ ਕਿ ਇਸ ਅਮਲ ਰਾਹੀਂ ਕਿਸਾਨ ਦੇ ਵੱਖ-ਵੱਖ ਥਾਵਾਂ 'ਤੇ ਖਿੱਲਰੇ ਖੇਤ ਦੇ ਟੁਕੜੇ ਇਕੱਠੇ ਕਰ ਕੇ 'ਇੱਕ ਚੱਕ' ਬਣਾ ਦਿੱਤਾ ਜਾਵੇਗਾ। ਅਜਿਹਾ ਹੋਣ ਨਾਲ ਉਸ ਨੂੰ ਕੰਮਕਾਜ ਸਮੇਂ ਵੱਖ-ਵੱਖ ਥਾਵਾਂ 'ਤੇ ਜਾਣ ਦੀ ਲੋੜ ਨਹੀਂ ਪਵੇਗੀ। ਇਹ ਗੱਲ ਸਿਧਾਂਤਕ ਤੌਰ 'ਤੇ ਕਿਸੇ ਹੱਦ ਤੱਕ ਠੀਕ ਵੀ ਜਾਪਦੀ ਸੀ ਪ੍ਰੰਤੂ ਇਸ ਅਮਲ ਦੇ ਵਿਵਹਾਰਕ ਨਤੀਜੇ ਵਧੇਰੇ ਸੁਖਾਵੇਂ ਨਹੀਂ ਸਨ। ਮੁਰੱਬੇਬੰਦੀ ਦਾ ਅਮਲ ਕੇਵਲ ਖੇਤੀਬਾੜੀ ਨਾਲ ਸਬੰਧਤ ਜ਼ਮੀਨ ਤੱਕ ਹੀ ਸੀਮਤ ਨਹੀਂ ਸੀ ਸਗੋਂ ਇਸ ਅਮਲ ਨੇ ਸੰਗਠਿਤ ਪੇਂਡੂ ਜੀਵਨ ਦੀ ਸਦੀਆਂ ਪੁਰਾਣੀ ਸਾਂਝ ਨੂੰ ਵੀ ਟੁਕੜਿਆਂ ਵਿੱਚ ਵੰਡ ਦਿੱਤਾ ਸੀ।

ਕਹਿਣ ਨੂੰ ਤਾਂ ਰੂੜੀਆਂ ਤੇ ਨਵੀਂ ਵਸੋਂ ਦੇ ਵਿਸਥਾਰ ਲਈ ਨਵੀਆਂ ਬਸਤੀਆਂ ਹੋਂਦ ਵਿੱਚ ਆ ਗਈਆਂ ਸਨ। ਹਰ ਪਿੰਡ ਦੀ ਵਸੋਂ ਦੇ ਆਲੇ-ਦੁਆਲੇ ਫਿਰਨੀ ਬਣਾਈ ਗਈ ਸੀ। ਸੱਠਵਿਆਂ ਤੋਂ ਪਹਿਲਾਂ ਅਜਿਹਾ ਕਾਰਜ ਕਦੇ ਨਹੀਂ ਸੀ ਹੋਇਆ। ਭਾਵੇਂ ਇਸ ਕਾਰਜ ਦਾ ਮੰਤਵ ਵੀ ਬੁਰਾ ਨਹੀਂ ਸੀ। ਸਗੋਂ ਸੋਚਿਆ ਤਾਂ ਇਹ ਗਿਆ ਸੀ ਕਿ ਪਿੰਡ ਵਿੱਚੋਂ ਪਸ਼ੂ ਬਾਹਰ ਬਸਤੀ ਵਿੱਚ ਰੱਖੇ ਜਾਣਗੇ। ਉਨ੍ਹਾਂ ਦਾ ਗੋਹਾ ਤੇ ਮਲ-ਮੂਤਰ ਬਾਹਰ ਸੁੱਟ ਦਿੱਤਾ ਜਾਵੇਗਾ। ਅਜਿਹਾ ਕਰਨ ਨਾਲ ਪਿੰਡ ਦੇ ਸਾਫ਼-ਸੁਥਰਾ ਰਹਿਣ ਦੀ ਸੰਭਾਵਨਾ ਬਣ ਜਾਵੇਗੀ। ਇਸੇ ਤਰ੍ਹਾਂ ਗੋਹਾ ਪੱਥਣ ਦਾ ਕਾਰਜ ਵੀ ਪਿੰਡ ਤੋਂ ਬਾਹਰ ਕੀਤੇ ਜਾਣ ਦੀ ਵਿਉਂਤ ਬਣਾਈ ਗਈ ਸੀ। ਵੱਖ-ਵੱਖ ਪਿੰਡਾਂ ਨੂੰ ਇੱਕ-ਦੂਜੇ ਨਾਲ ਜੋੜਨ ਵਾਲੇ ਰਸਤੇ ਵੀ ਚੌੜੇ ਅਤੇ ਸਿੱਧੇ-ਪੱਧਰੇ ਬਣਾ ਦਿੱਤੇ ਜਾਣਗੇ। ਪੁਰਾਤਨ ਰੇਤਲੇ, ਉੱਚੇ-ਨੀਵੇਂ, ਵਿੰਗ-ਤੜਿੰਗੇ ਰਸਤੇ ਸਿੱਧੇ ਬਣ ਜਾਣਗੇ। ਇਉਂ ਲੱਗਦਾ ਸੀ ਜਿਵੇਂ ਇਹ ਖ਼ੂਬਸੂਰਤ ਯੋਜਨਾ ਤਾਂ ਬਹੁਤ ਦੇਰ ਪਹਿਲਾਂ ਹੋਂਦ ਵਿਚ ਆ ਜਾਣੀ ਚਾਹੀਦੀ ਸੀ। ਇਹ ਨਵੇਂ ਪੰਜਾਬ ਦੀ ਸ਼ੁਰੂਆਤੀ ਤਸਵੀਰ ਸੀ। ਲੋਕ ਖ਼ੁਸ਼ ਸਨ ਕਿ ਪੰਜਾਬ ਅੰਦਰ ਮੁਰੱਬੇਬੰਦੀ ਦੇ ਅਮਲ ਨੇ ਨਵੇਂ ਆਧੁਨਿਕ ਯੁੱਗ ਲਈ ਜ਼ਮੀਨ ਤਿਆਰ ਕਰ ਦਿੱਤੀ ਸੀ। ਇਸ ਅਮਲ ਨਾਲ ਨਾ ਕੇਵਲ ਪੁਰਾਣੇ ਰੇਤਲੇ ਰਸਤੇ ਪੱਧਰੀ ਜ਼ਮੀਨ 'ਤੇ ਬਣ ਗਏ ਸਨ ਸਗੋਂ ਰਾਹ ਵਿੱਚ ਪੈਂਦੇ ਸੂਏ, ਨਹਿਰਾਂ, ਨਾਲੇ (ਡਰੇਨਾਂ) ਅਤੇ ਕੱਸੀਆਂ ਆਦਿ 'ਤੇ ਪੁਲ ਵੀ ਬਣ ਗਏ ਸਨ। ਆਵਾਜਾਈ ਦੇ ਸਾਧਨਾਂ ਲਈ ਬਿਨਾਂ ਕਿਸੇ ਰੁਕਾਵਟ ਦੇ ਰਾਹ ਬਣ ਜਾਣੇ ਬਹੁਤ ਵੱਡੀ ਪ੍ਰਾਪਤੀ ਸੀ। ਇਹ ਵੀ ਖ਼ੁਸ਼ੀ ਵਾਲੀ ਗੱਲ ਸੀ ਕਿ ਪਿੰਡ ਤੋਂ ਬਾਹਰ ਬਣੀ ਬਸਤੀ ਵਿੱਚ ਪਸ਼ੂ ਬੰਨ੍ਹੇ ਜਾਣ ਲੱਗੇ ਸਨ।

ਜਿਸ ਘਰ ਕੋਲ ਬਸਤੀ ਵਿੱਚ ਥਾਂ ਖ਼ਾਲੀ ਹੁੰਦੀ ਸੀ, ਉਹ ਪਰਿਵਾਰ ਜਾਂ ਤਾਂ ਬਾਲਣ ਸੰਭਾਲਣ ਜਾਂ ਫਿਰ ਨੀਰਾ-ਚਾਰਾ ਵੀ ਬਸਤੀ ਵਿੱਚ ਰੱਖਣ ਲੱਗ ਪਿਆ ਸੀ। ਬਹੁਤ ਸਾਰੇ ਪਰਿਵਾਰਾਂ ਨੇ ਹੱਥ ਨਲਕਾ ਜਾਂ ਬੋਰ ਵਾਲੀ ਮੋਟਰ ਲਗਵਾ ਕੇ ਬਸਤੀਆਂ ਵਿੱਚ ਸਬਜ਼ੀਆਂ ਉਗਾਉਣ ਜਾਂ ਪਸ਼ੂਆਂ ਲਈ ਹਰਾ ਚਾਰਾ ਬੀਜਣਾ ਵੀ ਸ਼ੁਰੂ ਕਰ ਦਿੱਤਾ ਸੀ। ਇਨ੍ਹਾਂ ਬਸਤੀਆਂ ਵਿੱਚ ਨਵੇਂ ਦਰਖ਼ਤ ਲਗਾਏ ਜਾਣ ਦੀ ਰੁਚੀ ਵੀ ਦੇਖਣ ਨੂੰ ਮਿਲਦੀ ਸੀ। ਕੁੱਲ-ਮਿਲਾ ਕੇ ਪਿੰਡਾਂ ਦਾ ਪੁਰਾਤਨ ਰੰਗ-ਰੂਪ ਬਦਲਿਆ-ਬਦਲਿਆ ਨਜ਼ਰ ਆਉਣ ਲੱਗ ਪਿਆ ਸੀ। ਪਰ ਇਹ ਖ਼ੁਸ਼ਗਵਾਰ ਸੋਚ ਬਹੁਤੀ ਦੇਰ ਤੱਕ ਬਰਕਰਾਰ ਨਾ ਰਹਿ ਸਕੀ। ਹੌਲੀ-ਹੌਲੀ ਲੋਕਾਂ ਨੇ ਬਸਤੀਆਂ ਵਿੱਚ ਘਰ ਬਣਾਉਣੇ ਸ਼ੁਰੂ ਕਰ ਦਿੱਤੇ ਸਨ। ਭਰਾਵਾਂ ਦੀ ਭਾਈਏਂ ਵੰਡ ਦੌਰਾਨ ਹਰ ਕਿਸੇ ਦੀ ਤਮੰਨਾ ਇਹ ਬਣਨ ਲੱਗ ਪਈ ਕਿ ਉਹ ਫਿਰਨੀ ਤੋਂ ਬਾਹਰ ਘਰ ਬਣਾਵੇ। ਭਾਵੇਂ ਅੰਦਰਲਾ ਘਰ ਅਤੇ ਬਾਗਲ ਦਾ ਸੰਕਲਪ ਤਾਂ ਪਹਿਲਾਂ ਵੀ ਹੋਇਆ ਕਰਦਾ ਸੀ

(ਬਾਕੀ ਸਫ਼ਾ 31 'ਤੇ)







# ਪੰਜਾਬ ਦੀ ਆਰਥਿਕਤਾ ਉੱਪਰ ਵੱਡਾ ਪ੍ਰਭਾਵ ਪਾਉਂਦਾ ਹੈ ਸਾਵਣ ਮਹੀਨਾ

**ਸਾਵਣ ਮਹੀਨੇ ਦੇ ਸਾਡੇ ਜਨ ਜੀਵਨ ਵਿੱਚ ਬਹੁਤ ਮਹੱਤਵ ਹੈ। ਸਾਵਣ ਮਹੀਨਾ ਪੰਜਾਬ ਦੀ ਆਰਥਿਕਤਾ ਉੱਪਰ ਵੱਡਾ ਪ੍ਰਭਾਵ ਪਾਉਂਦਾ ਹੈ। ਸਾਡਾ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਇਸ ਕਰਕੇ ਵੱਡੀ ਗਿਣਤੀ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ ਜਾਂ ਖੇਤੀਬਾੜੀ ਨਾਲ ਜੁੜੇ ਹੋਰ ਕੰਮ ਧੰਦੇ ਹਨ। ਸਾਵਣ ਮਹੀਨੇ ਮਾਨਸੂਨ ਦੀ ਪੈਂਦੀ ਭਰਵੀਂ ਬਰਸਾਤ ਖੇਤਾਂ ਵਿੱਚ ਬੀਜੀਆਂ ਝੋਨੇ ਅਤੇ ਹੋਰ ਫਸਲਾਂ ਲਈ ਬਹੁਤ ਲਾਹੇਵੰਦ ਮੰਨੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਸਾਵਣ ਮਹੀਨੇ ਜਿੰਨੀ ਬਰਸਾਤ ਪਵੇਗੀ, ਖੇਤਾਂ ਵਿੱਚ ਫਸਲ ਉਨੀ ਹੀ ਭਰਪੂਰ ਹੋਵੇਗੀ। ਸਾਵਣ ਮਹੀਨੇ ਭਰਪੂਰ ਬਰਸਾਤ ਪੈਣ ਕਾਰਨ ਖੇਤਾਂ ਵਿੱਚ ਫਸਲ ਭਰਪੂਰ ਹੁੰਦੀ ਹੈ, ਉਸ ਹਾੜੀ ਸਾਉਣੀ ਨੂੰ ਵੇਚ ਕੇ ਕਿਸਾਨਾਂ ਕੋਲ ਪੈਸੇ ਆਉਂਦੇ ਹਨ, ਇਸ ਪੈਸੇ ਨੂੰ ਕਿਸਾਨਾਂ ਵੱਲੋਂ ਆਪਣੀਆਂ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਖ਼ਰਚਿਆਂ ਜਾਂਦਾ ਹੈ ਅਤੇ ਆਪਣੇ ਖੇਤੀ ਸੰਦ ਨਵਿਆਏ ਅਤੇ ਮੁਰੰਮਤ ਕਰਵਾਏ ਜਾਂਦੇ ਹਨ, ਇਸ ਤਰ੍ਹਾਂ ਸਾਵਣ ਮਹੀਨੇ ਪੈਂਦੀ ਭਰਪੂਰ ਬਰਸਾਤ ਕਾਰਨ ਜਦੋਂ ਅਗਲੇ ਮਹੀਨਿਆਂ ਦੌਰਾਨ ਫਸਲ ਪੱਕ ਕੇ ਵਿਕ ਜਾਂਦੀ ਹੈ ਤਾਂ ਸਿਰਫ਼ ਕਿਸਾਨਾਂ ਦੇ ਬੋਝੇ ਪੈਸਿਆਂ ਨਾਲ ਨਹੀਂ ਭਰਦੇ ਸਗੋਂ ਵੱਡੀ ਗਿਣਤੀ ਪੰਜਾਬੀਆਂ ਕੋਲ ਆਮਦਨੀ ਦੇ ਸੋਮੇ ਵੱਧ ਜਾਂਦੇ ਹਨ। ਸਾਵਣ ਮਹੀਨੇ ਪੈਂਦੀ ਬਰਸਾਤ ਤੋਂ ਅਗਲੀ ਆਉਣ ਵਾਲੀ ਫਸਲ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਇਸ ਵਾਰ ਫਸਲ ਕਿਸ ਤਰ੍ਹਾਂ ਦੀ ਹੋਵੇਗੀ।**



ਇਸ ਵਾਰ ਪੰਜਾਬ ਵਿੱਚ ਮਾਨਸੂਨ ਦੀ ਆਮਦ ਸਮੇਂ ਤੋਂ ਪਹਿਲਾਂ ਹੋਣ ਕਰਕੇ ਹਾੜ ਮਹੀਨੇ ਦੌਰਾਨ ਵੀ ਪੰਜਾਬ ਵਿੱਚ ਕੁਝ ਦਿਨ ਬਰਸਾਤ ਪੈਂਦੀ ਰਹੀ ਅਤੇ ਸਾਵਣ ਮਹੀਨੇ ਵਰਗਾ ਮੌਸਮ ਬਣਦਾ ਰਿਹਾ। ਇਸ ਦੇ ਬਾਵਜੂਦ ਹਾੜ ਮਹੀਨਾ ਬਹੁਤ ਤਪਦਾ ਰਿਹਾ। ਹਾੜ ਮਹੀਨੇ ਦੀ ਤੇਜ਼ ਧੁੱਪ ਅਤੇ ਹੁੰਮਸ ਭਰੀ ਗਰਮੀ ਕਰਕੇ ਸਾਵਣ ਮਹੀਨੇ ਦੇ ਸੋਹਾਵਣੇ ਮੌਸਮ ਦੀ ਉਡੀਕ ਬੇਸਬਰੀ ਨਾਲ ਹੋਣੀ ਸ਼ੁਰੂ ਹੋਈ। ਜੇਠ ਤੇ ਹਾੜ ਮਹੀਨੇ ਵਗਦੀਆਂ ਗਰਮ ਲੂੰਆਂ ਕਾਰਨ ਤਪਦੀ ਧਰਤੀ ਜਦੋਂ ਸਾਵਣ ਮਹੀਨੇ ਦੀ ਪਹਿਲੀ ਬਰਸਾਤ ਨਾਲ ਠਾਰੀ ਜਾਂਦੀ ਹੈ ਅਤੇ ਜੇਠ ਹਾੜ ਦੀਆਂ ਸਿਖਰ ਦੁਪਹਿਰਾਂ ਨੂੰ ਤੇਜ਼ ਧੁੱਪ ਵਿੱਚ ਕੁਮਲਾਈ ਹੋਈ ਬਨਸਪਤੀ 'ਤੇ ਜਦੋਂ ਸਾਵਣ ਮਹੀਨੇ ਦੀ ਬਰਸਾਤ ਛੰਮ ਛੰਮ ਵਰ੍ਹਦੀ ਹੈ, ਤਾਂ ਸਾਨੂੰ ਸਾਡਾ ਸਾਰਾ ਆਲਾ ਦੁਆਲਾ ਸਾਵਣ ਮਹੀਨੇ ਦੇ ਵਲਵਲਿਆਂ ਵਿੱਚ ਨਸ਼ਿਆਇਆ ਲੱਗਦਾ ਹੈ।

ਸਾਵਣ ਮਹੀਨੇ ਦੀ ਸ਼ੁਰੂਆਤ 'ਤੇ ਅਸਮਾਣ 'ਤੇ ਛਾਈਆਂ ਕਾਲੀਆਂ ਘਟਾਵਾਂ, ਰੁੱਖਾਂ ਦੀਆਂ ਡਾਲੀਆਂ ਤੇ ਪੱਤਿਆਂ ਨਾਲ ਖਹਿ ਖਹਿ ਕੇ ਵਗਦੀ ਸਿੱਲੀ ਸਿੱਲੀ ਹਵਾ ਦੇ ਬੁੱਲਿਆਂ, ਸਾਵਣ ਦੇ ਛਰਾਟਿਆਂ ਦਾ ਪੈਂਦਾ ਛੰਮ ਛੰਮ ਮੀਂਹ, ਗਰਜ਼ਦੇ ਬੱਦਲ, ਕੜਕਦੀ ਤੇ ਲਿਸ਼ਕਦੀ ਅਸਮਾਣੀ ਬਿਜਲੀ, ਕੋਇਲ ਦੀ ਮਿੱਠੀ ਕੂ ਹੂ ਕੂ, ਪੈਲਾਂ ਪਾਉਂਦੇ, ਨੱਚਦੇ ਤੇ ਗਾਉਂਦੇ ਮੋਰ, ਤ੍ਰਿਞਣਾਂ 'ਚ ਕੁੜੀਆਂ ਦਾ ਇਕੱਠੀਆਂ ਹੋ ਕੇ ਗਿੱਧਾ ਪਾਉਣਾ, ਲੰਮੀਆਂ ਹੇਕਾਂ ਲਾ ਕੇ ਬੋਲੀਆਂ ਪਾਉਣਾ, ਗੁੜ ਨਾਲੋਂ ਇਸ਼ਕ ਮਿੱਠਾ ਦੀ ਬੋਲੀ 'ਤੇ ਹਰ ਮੁਟਿਆਰ ਦਾ ਗਿੱਧਾ ਪਾਉਂਦੀ ਦਾ ਹਿਲਦਾ ਅੰਗ-ਅੰਗ, ਨਵ ਵਿਆਹੁਤਾ ਮੁਟਿਆਰਾਂ ਵਲੋਂ ਗੋਰੀਆਂ ਬਾਂਹਾਂ ਵਿੱਚ ਪਾਏ ਲਾਲ ਸੂਹੇ ਚੂੜੇ ਦੀ ਛਣਕਾਰ, ਸੱਜ ਵਿਆਹੀਆਂ, ਮੁਟਿਆਰਾਂ ਤੇ ਅੱਲ੍ਹੜਾਂ ਦੇ ਹਾਸਿਆਂ ਦੀ ਝੁਨਕਾਰ, ਮੁਟਿਆਰਾਂ ਦੇ ਪੈਰਾਂ 'ਚ ਪਾਈਆਂ ਝਾਂਜਰਾਂ ਦਾ ਕੰਨਾਂ ਵਿੱਚ ਰਸ ਘੋਲਦਾ ਸੰਗੀਤ, ਕਿਣ ਮਿਣ ਹੋਣ ਤੋਂ ਬਾਅਦ ਮਿੱਟੀ ਵਿਚੋਂ ਉੱਠਦੀ ਸੋਂਧੀ ਸੋਂਧੀ ਖੁਸ਼ਬੂ, ਖੇਤਾਂ ਵਿੱਚ ਨੱਚਦੀ ਬਹਾਰ, ਨਾਤੇ ਧੋਤੇ ਹੋਏ ਰੁੱਖ, ਤਾਜ਼ਗੀ ਨਾਲ ਭਰੀ ਬਨਸਪਤੀ, ਹਵਾ ਵਿੱਚ ਉਡਾਰੀਆਂ ਮਾਰਦੇ ਪੰਖੇਰੂ, ਚੋਗਾ ਚੁਗਦੀਆਂ ਚਿੜੀਆਂ ਕਾਦਰ ਦੀ ਕੁਦਰਤ ਤੋਂ ਬਲਿਹਾਰੇ ਜਾਂਦੇ ਹਨ ਅਤੇ ਸਾਵਣ ਮਹੀਨੇ ਦਾ ਆਨੰਦ ਮਾਣਦੇ ਹਨ।



ਆਧੁਨਿਕਤਾ ਦਾ ਪਰਛਾਵਾਂ ਹੁਣ ਸਾਵਣ ਮਹੀਨੇ ਦੌਰਾਨ ਆਉਂਦੇ ਤੀਆਂ ਦੇ ਪ੍ਰਸਿੱਧ ਤਿਉਹਾਰ 'ਤੇ ਵੀ ਪੈ ਗਿਆ ਹੈ। ਹੁਣ ਨਾ ਤਾਂ ਪਿੰਡਾਂ ਦੀਆਂ ਜੂਹਾਂ ਵਿੱਚ ਤੀਆਂ ਦੇ ਮੇਲੇ ਲੱਗਦੇ ਹਨ, ਨਾ ਤ੍ਰਿਞਣਾਂ ਵਿੱਚ ਕੁੜੀਆਂ ਚਰਖਾ ਕੱਤਦੀਆਂ ਹੋਈਆਂ ਕੋਈ ਗੀਤ ਆਪਣੀ ਸੁਰੀਲੀ ਆਵਾਜ਼ ਵਿੱਚ ਗਾਉਂਦੀਆਂ ਹਨ, ਹੁਣ ਤਾਂ ਸਭ ਕੁਝ ਰਸਮੀ, ਸਟੇਜੀ ਜਿਹਾ ਹੋ ਗਿਆ ਹੈ। ਹੁਣ ਤਾਂ ਪੰਜਾਬੀ ਜੀਵਨ ਦਾ ਅਨਿਖੜਵਾਂ ਅੰਗ ਚਰਖਾ ਅਜਾਇਬ ਘਰਾਂ ਵਿੱਚ ਵੇਖਣ ਨੂੰ ਮਿਲਦਾ ਹੈ ਜਾਂ ਫਿਰ ਤੀਆਂ ਮੌਕੇ ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਥਾਂਵਾਂ 'ਤੇ ਕਰਵਾਏ ਜਾਂਦੇ ਸਟੇਜੀ ਤੀਆਂ ਦੇ ਮੇਲਿਆਂ ਵਿੱਚ ਜਰੂਰ ਵਿਖਾਈ ਦੇ ਜਾਂਦਾ ਹੈ।



ਤੀਆਂ ਦਾ ਤਿਉਹਾਰ ਸਾਵਣ ਮਹੀਨੇ ਦੀ ਮੱਸਿਆ ਤੋਂ ਬਾਅਦ ਆਉਂਦੀ ਤੀਜ ਤੋਂ ਪੁੰਨਿਆ ਤੱਕ ਮਨਾਇਆ ਜਾਂਦਾ ਹੈ। ਤੀਆਂ ਦੇ ਦਿਨਾਂ ਦੌਰਾਨ ਸੱਜ ਵਿਆਹੀਆਂ ਆਪਣੇ ਪੇਕੇ ਘਰ ਜਾਂਦੀਆਂ ਹਨ। ਤੀਆਂ ਮੌਕੇ ਵਿਆਹੀਆਂ ਮੁਟਿਆਰਾਂ ਨੂੰ ਉਹਨਾਂ ਦੇ ਮਾਪਿਆਂ ਵੱਲੋਂ ਤੀਆਂ ਦਾ ਸੰਧਾਰਾ ਦਿੱਤਾ ਜਾਂਦਾ ਹੈ। ਸੰਧਾਰੇ ਵਿੱਚ ਮਠਿਆਈ, ਕੱਪੜੇ, ਮੱਠੀਆਂ, ਗੁਲਗੁਲੇ, ਚੂੜੀਆਂ, ਮਹਿੰਦੀ, ਰੇਸ਼ਮੀ ਪਰਾਂਦਾ, ਗਹਿਣੇ ਅਤੇ ਹੋਰ ਚੀਜ਼ਾਂ ਹੁੰਦੀਆਂ ਹਨ।




ਸਾਵਣ ਮਹੀਨੇ ਛੰਮ ਛੰਮ ਪੈਂਦੀ ਬਰਸਾਤ ਕਾਰਨ ਸੱਤ ਸਮੁੰਦਰ ਪਾਰ ਜਾ ਕੇ ਵਸੇ ਪੰਜਾਬੀਆਂ ਦੇ ਪੰਜਾਬ ਵਿੱਚ ਬਣੇ ਹੋਏ ਮਹੱਲਾਂ ਵਰਗੇ ਆਲੀਸ਼ਾਨ ਪਰ ਖਾਲੀ ਘਰ ਵੀ ਬਰਸਾਤ ਦੇ ਪਾਣੀ ਨਾਲ ਧੋਤੇ ਜਾਂਦੇ ਹਨ ਅਤੇ ਨਵੀਂ ਭਾਅ ਮਾਰਨ ਲੱਗਦੇ ਹਨ। ਵੱਡੀ ਗਿਣਤੀ ਐਨ. ਆਰ. ਆਈ. ਪੰਜਾਬੀਆਂ ਨੇ ਆਪਣੇ ਜੱਦੀ ਘਰਾਂ ਨੂੰ ਆਲੀਸ਼ਾਨ ਦਿੱਖ ਦੇ ਰੱਖੀ ਹੈ, ਕਿਸੇ ਨੇ ਆਪਣੀ ਆਲੀਸ਼ਾਨ ਘਰ ਦੀ ਛੱਤ ਉਪਰ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ, ਕਿਸੇ ਨੇ ਹੈਲੀਕਾਪਟਰ, ਕਿਸੇ ਨੇ ਬਲਦਾਂ ਦੀਆਂ ਜੋੜੀਆਂ ਅਤੇ ਕਿਸੇ ਨੇ ਕੁਝ ਹੋਰ। ਅਜਿਹੇ ਆਲੀਸ਼ਾਨ ਘਰਾਂ ਵਿਚ ਜਿੰਦਗੀ ਨਹੀਂ ਧੜਕਦੀ ਹੁੰਦੀ, ਕਿਉਂਕਿ ਇਹਨਾਂ ਆਲੀਸ਼ਾਨ ਮਹੱਲਾਂ ਵਰਗੇ ਘਰਾਂ ਦੇ ਅਸਲੀ ਵਾਰਸ ਤਾਂ ਸੱਤ ਸਮੁੰਦਰ ਪਾਰ ਜਾ ਕੇ ਵਿਦੇਸ਼ੀ ਧਰਤੀ ਦੀਆਂ ਰੰਗੀਨੀਆਂ ਵਿੱਚ ਗੁਆਚ ਚੁੱਕੇ ਹੁੰਦੇ ਹਨ। ਖਾਲੀ ਪਏ ਅਜਿਹੇ ਆਲੀਸ਼ਾਨ ਘਰਾਂ ਦੀ ਚਾਰ-ਦਿਵਾਰੀ ਉਪਰ ਸਮੇਂ ਦੀ ਗਰਦ ਪੈਣ ਦੇ ਨਾਲ ਹੀ ਧੂੜ, ਮਿੱਟੀ ਘੱਟਾ ਬਹੁਤ ਪੈ ਜਾਂਦੇ ਨੇ, ਜੋ ਕਿ ਸਾਵਣ ਮਹੀਨੇ ਛੰਮ ਛੰਮ ਪੈਂਦੀ ਬਰਸਾਤ ਕਾਰਨ ਆਪਣੇ ਆਪ ਧੋਤੇ ਜਾਂਦੇ ਹਨ, ਜਿਸ ਕਾਰਨ ਪਰਵਾਸੀ ਪੰਜਾਬੀਆਂ ਦੇ ਸੁੰਨੇ ਪਏ ਇਹ ਮਹੱਲ ਮੁਨਾਰੇ ਵੀ ਸਾਵਣ ਮਹੀਨੇ ਦੌਰਾਨ ਲਿਸ਼ਕਾਂ ਮਾਰਨ ਲੱਗ ਪੈਂਦੇ ਹਨ।

ਪੰਜਾਬੀਓ! ਜ਼ਰ੍ਹਾ ਯਾਦ ਕਰੋਂ ਖਾਂ ਉਹ ਵੇਲਾ, ਜਦੋਂ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਤਾਂ ਇਤਿਹਾਸ ਗਵਾਹ ਹੈ ਕਿ ਉਸ ਸਮੇਂ ਅੰਗਰੇਜ਼ ਅਤੇ ਹੋਰ ਵਿਦੇਸ਼ੀ ਲੋਕ ਪੰਜਾਬ ਵਿੱਚ ਆ ਕੇ ਨੌਕਰੀਆਂ ਕਰਦੇ ਸਨ। ਪੰਜਾਬੀਆਂ ਨੂੰ ਆਪਣੇ ਸੁਨਹਿਰੀ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਸਰਕਾਰ ਦੇ ਸਹਿਯੋਗ ਨਾਲ ਸਖ਼ਤ ਮਿਹਨਤ ਕਰਦਿਆਂ ਪੰਜਾਬ ਨੂੰ ਹਰ ਪੱਖੋਂ ਖੁਸ਼ਹਾਲ ਅਤੇ ਵਿਕਸਤ ਕਰਨ ਵਿੱਚ ਆਪੋ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਕਿ ਕਿਸੇ ਪੰਜਾਬੀ ਨੂੰ ਪਰਦੇਸ ਜਾਣ ਦੀ ਲੋੜ ਨਾ ਪਵੇ ਸਗੋਂ ਵਿਦੇਸ਼ੀ ਲੋਕ ਆ ਕੇ ਪਹਿਲਾਂ ਵਾਂਗ ਪੰਜਾਬ ਵਿੱਚ ਆ ਕੇ ਪੰਜਾਬੀਆਂ ਤੋਂ ਨੌਕਰੀਆਂ ਮੰਗਣ। ਪੰਜਾਬੀਆਂ ਨੇ ਜੇ ਆਪਣੇ ਮਨਭਾਉਂਦੇ ਸਾਵਣ ਮਹੀਨੇ ਦਾ, ਛੰਮ ਛੰਮ ਪੈਂਦੇ ਮੀਂਹ ਦਾ, ਸਾਉਣ ਦੇ ਛਰਾਟਿਆਂ ਦਾ, ਸਿੱਲੀ ਸਿੱਲੀ ਹਵਾ ਦਾ, ਮਾਲ ਪੂੜੇ ਅਤੇ ਖੀਰ ਖਾਣ ਦਾ ਅਸਲੀ ਆਨੰਦ ਮਾਣਨਾ ਹੈ ਤਾਂ ਇਸ ਸਾਵਣ ਮਹੀਨੇ ਤੋਂ ਉਹਨਾਂ ਨੂੰ ਪੰਜਾਬ ਦਾ ਸਰਬਪੱਖੀ ਵਿਕਾਸ ਕਰਨ ਲਈ ਯਤਨ ਕਰਨੇ ਆਰੰਭ ਕਰ ਦੇਣੇ ਚਾਹੀਦੇ ਹਨ।

# ਪੁਲਾੜ 'ਚ ਭਾਰਤ ਦੀਆਂ ਸੰਦਲੀ ਪੈੜਾਂ

## ਸ਼ੁਭਾਂਸ਼ੂ ਸ਼ੁਕਲਾ ਨੇ ਕੌਮਾਂਤਰੀ ਪੁਲਾੜ ਸਟੇਸ਼ਨ-ਆਈ.ਐੱਸ.ਐੱਸ. 'ਚ ਦਾਖ਼ਲ ਹੋ ਕੇ ਇੱਕ ਨਵਾਂ ਇਤਿਹਾਸ ਸਿਰਜਿਆ



**ਸਿਰਜਣ ਪਾਲ ਸਿੰਘ**
(ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁਲ ਕਲਾਮ ਦਾ ਸਲਾਹਕਾਰ ਰਿਹਾ ਲੇਖਕ ਕਲਾਮ ਸੈਂਟਰ ਦਾ ਸੀ.ਈ.ਓ. ਹੈ)

ਭਾਰਤੀ ਹਵਾਈ ਫ਼ੌਜ ਵਿੱਚ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਨੇ ਕੌਮਾਂਤਰੀ ਪੁਲਾੜ ਸਟੇਸ਼ਨ-ਆਈ.ਐੱਸ.ਐੱਸ. 'ਚ ਦਾਖ਼ਲ ਹੋ ਕੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਉਹ ਐਕਸੀਓਮ-4 ਮਿਸ਼ਨ ਦਾ ਹਿੱਸਾ ਹੈ। ਇਹ ਮਿਸ਼ਨ ਨਾਸਾ, ਇਸਰੋ ਅਤੇ ਯੂਰਪੀ ਸਪੇਸ ਏਜੰਸੀ ਦੇ ਤਾਲਮੇਲ ਦਾ ਯਤਨ ਹੈ। ਇਸ ਮਿਸ਼ਨ ਦੌਰਾਨ 60 ਵਿਗਿਆਨਕ ਪ੍ਰੀਖਣ ਕੀਤੇ ਜਾਣਗੇ। ਇਨ੍ਹਾਂ ਪ੍ਰੀਖਣਾਂ ਵਿੱਚ 31 ਦੇਸ਼ਾਂ ਦਾ ਯੋਗਦਾਨ ਹੋਵੇਗਾ ਜਿਨ੍ਹਾਂ ਵਿੱਚ ਸੱਤ ਪ੍ਰੀਖਣਾਂ ਵਿੱਚ ਇਸਰੋ ਦੀ ਸਰਗਰਮ ਭੂਮਿਕਾ ਹੈ। ਇਹ ਪ੍ਰੀਖਣ ਮਾਈਕਰੋਬਾਇਓਲੋਜੀ, ਬਾਇਓਟੈਕਨਾਲੋਜੀ, ਪਦਾਰਥ ਵਿਗਿਆਨ, ਮਾਨਵ ਸਰੀਰ ਵਿਗਿਆਨ ਅਤੇ ਪੁਲਾੜ ਤਕਨੀਕ ਵਰਗੇ ਵੱਖ-ਵੱਖ ਵਿਸ਼ਿਆਂ ਨਾਲ ਜੁੜੇ ਹਨ।

ਇਹ ਮਿਸ਼ਨ ਪੁਲਾੜ ਖੋਜਕਾਰਾਂ ਨੂੰ ਕੌਮਾਂਤਰੀ ਸਪੇਸ ਸਟੇਸ਼ਨ ਤੱਕ ਲੈ ਕੇ ਜਾਣ, ਪਰਵਾਸ ਜਾਂ ਪੁਲਾੜ ਵਿੱਚ ਪ੍ਰਯੋਗ-ਪ੍ਰੀਖਣ ਕਰਨ ਤੱਕ ਹੀ ਸੀਮਤ ਨਹੀਂ ਹੈ। ਇਸ ਵਿੱਚ ਉਸ ਭਵਿੱਖ ਦੀ ਕੁੰਜੀ ਸ਼ਾਮਲ ਹੈ ਜਿਸ ਵਿੱਚ ਪੁਲਾੜ ਕੇਵਲ ਖੋਜ ਦਾ ਹੀ ਇੱਕ ਕੇਂਦਰ ਨਹੀਂ ਰਹੇਗਾ ਸਗੋਂ ਉਹ ਵਿਆਪਕ ਰਣਨੀਤਕ ਅਤੇ ਆਰਥਿਕ ਮੁਹਾਜ਼ ਦੇ ਰੂਪ ਵਿੱਚ ਵੀ ਸਥਾਪਤ ਹੋਵੇਗਾ। ਇਹ ਸਪਸ਼ਟ ਹੈ ਕਿ ਆਉਣ ਵਾਲੇ ਦਹਾਕਿਆਂ ਵਿੱਚ ਪੁਲਾੜ ਭੂ-ਰਾਜਨੀਤੀ, ਆਲਮੀ ਸ਼ਕਤੀ ਸਮੀਕਰਨ ਅਤੇ ਆਰਥਿਕ ਵਾਧੇ ਨੂੰ ਆਕਾਰ ਦੇਣ ਵਿੱਚ ਅਹਿਮ ਭੂਮਿਕਾ ਨਿਭਾਵੇਗਾ। ਚਾਹੇ ਉਪਗ੍ਰਹਿ ਸੰਚਾਰ ਤੋਂ ਲੈ ਕੇ ਰੱਖਿਆ ਪ੍ਰਣਾਲੀਆਂ ਦਾ ਮਾਮਲਾ ਹੋਵੇ ਜਾਂ ਸੋਮਿਆਂ ਦੇ ਖਣਨ ਨਾਲ ਪੁਲਾੜ ਸੈਰ-ਸਪਾਟੇ ਦਾ ਵਿਸ਼ਾ, ਉਨ੍ਹਾਂ 'ਚ ਦੇਸ਼ਾਂ ਦੀਆਂ ਪੁਲਾੜ ਸਮਰੱਥਾਵਾਂ ਹੀ ਇਹ ਨਿਰਧਾਰਤ ਕਰਨਗੀਆਂ ਕਿ ਕਿਹੜਾ ਦੇਸ਼ ਇਸ ਵਿੱਚ ਬੜ੍ਹਤ ਬਣਾਵੇਗਾ ਅਤੇ ਕਿਹੜਾ ਅਮਲ ਕਰੇਗਾ। ਪੁਲਾੜ ਵਿੱਚ ਕੰਟਰੋਲ ਦਾ ਅਰਥ ਹੈ ਸੰਚਾਰ 'ਤੇ ਕਾਬੂ? ਇਹ ਸਥਿਤੀ ਯੁੱਧ ਅਤੇ ਟਕਰਾਅ ਵਿੱਚ ਬਹੁਤ ਉਪਯੋਗੀ ਸਾਬਿਤ ਹੁੰਦੀ ਹੈ। ਸੈਟੇਲਾਈਟ ਨੈੱਟਵਰਕ ਦੀ ਮਹੱਤਤਾ ਤਾਂ ਫ਼ੌਜੀ ਸੰਚਾਰ ਤੋਂ ਲੈ ਕੇ ਰੀਅਲ ਟਾਈਮ ਨੈਵੀਗੇਸ਼ਨ ਅਤੇ ਜਲਵਾਯੂ ਨਿਗਰਾਨੀ ਦੇ ਮੁਹਾਜ਼ 'ਤੇ ਪਹਿਲਾਂ ਹੀ ਸਿੱਧ ਹੋ ਚੁੱਕੀ ਹੈ। ਰੂਸ-ਯੂਕ੍ਰੇਨ ਜੰਗ ਇਸ ਦੀ ਮਿਸਾਲ ਹੈ। ਜਦ ਰੂਸ ਨੇ ਯੂਕ੍ਰੇਨ ਦੇ ਸੰਚਾਰ ਢਾਂਚੇ ਨੂੰ ਤਬਾਹ ਕਰ ਦਿੱਤਾ ਤਦ ਐਲਨ ਮਸਕ ਦੀ ਸਟਾਰਲਿੰਕ ਸੈਟੇਲਾਈਟ ਸਹੂਲਤ ਹੀ ਯੂਕ੍ਰੇਨ ਦੇ ਕੰਮ ਆਈ।

ਆਧੁਨਿਕ ਸਮਰ ਨੀਤੀ ਵਿੱਚ ਵੀ ਪੁਲਾੜ ਇੱਕ ਮਹੱਤਵਪੂਰਨ ਪਹਿਲੂ ਹੈ। ਮਜ਼ਬੂਤ ਪੁਲਾੜ ਪ੍ਰੋਗਰਾਮ ਵਾਲੇ ਦੇਸ਼ਾਂ ਨੂੰ ਸੁਭਾਵਕ ਤੌਰ 'ਤੇ ਰੱਖਿਆ ਖੇਤਰ ਵਿੱਚ ਬੜ੍ਹਤ ਮਿਲਦੀ ਹੈ। ਇਰਾਨ-ਇਜ਼ਰਾਇਲ ਦੀ ਹਾਲੀਆ ਜੰਗ ਵਿੱਚ ਵੀ ਇਸ ਦਾ ਸਬੂਤ ਦਿਸਿਆ ਜਿੱਥੇ ਇਰਾਨ ਦੀਆਂ ਕਈ ਬੈਲੇਸਟਿਕ ਮਿਜ਼ਾਇਲਾਂ ਨੂੰ ਇਜ਼ਰਾਇਲ ਦੇ ਐਰੋ-3 ਡਿਫੈਂਸ ਸਿਸਟਮ ਨੇ ਧਰਤੀ ਦੇ ਵਾਯੂਮੰਡਲ ਦੀ ਸੀਮਾ ਤੋਂ ਬਾਹਰ ਹੀ ਨਕਾਰਾ ਬਣਾ ਦਿੱਤਾ। ਇਹ ਦਰਸਾਉਂਦਾ ਹੈ ਕਿ ਪੁਲਾੜ ਸੰਪਤੀਆਂ 'ਤੇ ਕੰਟਰੋਲ ਕਿਵੇਂ ਆਧੁਨਿਕ ਸਮਰ ਨੀਤੀ ਨੂੰ ਫ਼ੈਸਲਾਕੁੰਨ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਬੀਤੇ ਦਿਨੀਂ ਭਾਰਤ ਦੇ ਅਪਰੇਸ਼ਨ ਸੰਧੂਰ ਵਿੱਚ ਵੀ ਸੈਟੇਲਾਈਟ ਕੈਮਰਿਆਂ ਦੀ ਉਪਯੋਗਿਤਾ ਦਿਸੀ ਜਿਨ੍ਹਾਂ ਨੇ ਟੀਚਿਆਂ ਦੀ ਨਿਸ਼ਾਨਦੇਹੀ ਕਰਨ ਅਤੇ ਨੁਕਸਾਨ ਦੇ ਮੁਲਾਂਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਨ੍ਹਾਂ ਪਹਿਲੂਆਂ ਨੂੰ ਦੇਖਦੇ ਹੋਏ ਅਮਰੀਕਾ ਨੇ ਆਪਣੀਆਂ ਪੁਲਾੜ ਸੰਪਤੀਆਂ ਦੀ ਸੁਰੱਖਿਆ ਲਈ ਸਪੇਸ ਫ਼ੋਰਸ ਨਾਂ ਨਾਲ ਇੱਕ ਅਲੱਗ ਫ਼ੌਜੀ ਯੂਨਿਟ ਦਾ ਗਠਨ ਕੀਤਾ ਹੋਇਆ ਹੈ। ਭਾਰਤ ਵੀ ਇਸ ਧਾਰਨਾ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਅੱਗੇ ਵਧਣ ਜਾ ਰਿਹਾ ਹੈ। ਆਰਥਿਕ ਮੁਹਾਜ਼ 'ਤੇ ਵੀ ਪੁਲਾੜ ਨਵਾਂ ਅਖਾੜਾ ਬਣ ਰਿਹਾ ਹੈ। ਪੁਲਾੜ ਸੈਰ-ਸਪਾਟਾ ਹੁਣ ਕੋਈ ਕੋਰੀ ਕਲਪਨਾ ਨਹੀਂ ਹੈ। ਕੁਝ ਕੰਪਨੀਆਂ-ਸੰਗਠਨਾਂ ਨੇ ਪੁਲਾੜ ਯਾਤਰੀਆਂ ਲਈ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਹਨ। ਇਸਰੋ ਵੀ ਇਸ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ ਅਤੇ ਉਸ ਦੀ 2030 ਤੱਕ ਆਲਮੀ ਪੁਲਾੜ ਕਾਰੋਬਾਰ ਦੇ 65,000 ਕਰੋੜ ਰੁਪਏ ਤੱਕ ਪੁੱਜਣ ਦਾ ਅਨੁਮਾਨ ਹੈ। ਕਿਉਂਕਿ ਭਾਰਤ ਦੀ ਪਛਾਣ ਭਰੋਸੇਯੋਗ ਤੇ ਕਿਫ਼ਾਇਤੀ ਲਾਂਚਿੰਗ ਸਮਰੱਥਾਵਾਂ ਵਾਲੇ ਮੁਲਕ ਦੀ ਹੈ, ਇਸ ਲਈ ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਇਸ ਬਾਜ਼ਾਰ ਵਿੱਚ ਉਸ ਨੂੰ ਵੱਡਾ ਹਿੱਸਾ ਪ੍ਰਾਪਤ ਹੋਣ ਵਾਲਾ ਹੈ। ਵਿਸਥਾਰ ਲੈ ਰਹੀ ਪੁਲਾੜ ਅਰਥ-ਵਿਵਸਥਾ ਵਿੱਚ ਉਹੀ ਦੇਸ਼ ਬਾਜ਼ੀ ਮਾਰਨ ਵਿੱਚ ਕਾਮਯਾਬ ਹੋ ਸਕਦੇ ਹਨ ਜੋ ਮਨੁੱਖਾਂ ਤੋਂ ਲੈ ਕੇ ਮਸ਼ੀਨਾਂ ਨੂੰ ਆਪਣੇ ਦਮ 'ਤੇ ਪੁਲਾੜ ਵਿੱਚ ਭੇਜਣ ਵਿੱਚ ਸਮਰੱਥ ਹੋਣਗੇ। ਉੱਚੇ ਦਾਅ ਵਾਲੀ ਇਸ ਦੌੜ ਵਿੱਚ ਭਾਰਤ ਬਿਲਕੁਲ ਸਟੀਕ ਮੌਕੇ 'ਤੇ ਕਦਮ ਵਧਾ ਰਿਹਾ ਹੈ।



ਇੱਕ ਆਲਮੀ ਪੁਲਾੜ ਮਹਾਸ਼ਕਤੀ ਬਣਨ ਦੀ ਭਾਰਤ ਦੀ ਯਾਤਰਾ ਵਿੱਚ ਐਕਸੀਓਮ-4 ਮਿਸ਼ਨ ਇੱਕ ਮੀਲ ਦਾ ਪੱਥਰ ਹੈ। ਸਿੱਧੇ ਤੌਰ 'ਤੇ ਇਸ ਦਾ ਸਰੋਕਾਰ ਭਾਰਤ ਦੇ ਗਗਨਯਾਨ ਪ੍ਰੋਗਰਾਮ ਨਾਲ ਜੁੜਿਆ ਹੈ ਜਿਸ ਤਹਿਤ ਸਵਦੇਸ਼ ਨਿਰਮਿਤ ਪੁਲਾੜ ਗੱਡੀ ਜ਼ਰੀਏ ਭਾਰਤੀ ਪੁਲਾੜ ਯਾਤਰੀਆਂ ਨੂੰ ਧਰਤੀ ਦੇ ਪੰਧ ਵਿੱਚ ਭੇਜਣ ਦੀ ਯੋਜਨਾ ਹੈ। ਇਹ 2027 ਤੱਕ ਸੰਭਵ ਹੋ ਸਕਦਾ ਹੈ। ਹਾਲਾਂਕਿ ਭਾਰਤ ਦੇ ਇਰਾਦੇ ਇਸ ਤੋਂ ਕਿਤੇ ਜ਼ਿਆਦਾ ਵੱਡੇ ਹਨ। ਭਾਰਤ ਦਾ ਟੀਚਾ ਸੰਨ 2035 ਤੱਕ ਭਾਰਤੀ ਪੁਲਾੜ ਸਟੇਸ਼ਨ-ਬੀਏਐੱਸ ਦੇ ਰੂਪ ਵਿੱਚ ਆਪਣਾ ਪੁਲਾੜ ਸਟੇਸ਼ਨ ਸਥਾਪਤ ਕਰਨਾ ਹੈ। ਇਹ ਕੇਂਦਰ ਅਤਿ-ਆਧੁਨਿਕ ਖੋਜ-ਅਧਿਐਨ, ਇਨੋਵੇਸ਼ਨ ਅਤੇ ਲੰਬੇ ਅਰਸੇ ਵਾਲੇ ਮਿਸ਼ਨ ਲਈ ਇੱਕ ਮੰਚ ਦੀ ਭੂਮਿਕਾ ਨਿਭਾਵੇਗਾ। ਇਸ ਦੇ ਨਾਲ ਹੀ ਭਾਰਤ ਪੁਲਾੜ ਵਿੱਚ ਸਥਾਈ ਮਨੁੱਖੀ ਮੌਜੂਦਗੀ ਵਾਲੇ ਚੋਣਵੇਂ ਮੁਲਕਾਂ ਵਿੱਚ ਸ਼ਾਮਲ ਹੋ ਜਾਵੇਗਾ। ਐਕਸੀਓਮ-4 ਮਿਸ਼ਨ ਦੌਰਾਨ ਲਾਈਫ ਸਾਇੰਸ, ਪੰਧ ਸੰਚਾਲਨ ਅਤੇ ਕੌਮਾਂਤਰੀ ਸਹਿਯੋਗ ਦੇ ਮੁਹਾਜ਼ਾਂ 'ਤੇ ਸਿੱਖੇ ਜਾਣ ਵਾਲੇ ਸਬਕ ਬੀਏਐੱਸ ਦੇ ਡਿਜ਼ਾਈਨ ਅਤੇ ਸੰਚਾਲਨ ਢਾਂਚੇ ਨੂੰ ਆਕਾਰ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਪੁਲਾੜ 'ਚ ਮੁੱਲਵਾਨ ਸੋਮਿਆਂ ਦਾ ਭੰਡਾਰ ਵੀ ਲੁਕਿਆ ਹੋਇਆ ਹੈ। ਇਸ ਸਿਲਸਿਲੇ ਵਿੱਚ ਮੰਗਲ ਅਤੇ ਬ੍ਰਹਿਸਪਤੀ ਵਿਚਾਲੇ ਸਥਿਤ ਛੋਟੇ ਗ੍ਰਹਿ (ਐਸਟੇਰਾਇਡ) ਬੈਲਟ ਸਭ ਤੋਂ ਵੱਧ ਸੰਪੰਨ ਹੈ। (ਬਾਕੀ ਸਫ਼ਾ 31 'ਤੇ)

# ਅਮਰੀਕਾ ਦੇ ਪਾਕਿਸਤਾਨ ਨਾਲ ਗੁੱਝੇ ਰਿਸ਼ਤੇ ਤੇ ਭਾਰਤ

**ਸ਼ਿਵਕਾਂਤ ਸ਼ਰਮਾ**


ਲਗਪਗ 60 ਸਾਲ ਪਹਿਲਾਂ 1965 ਦੀ ਲੜਾਈ ਹਾਰ ਜਾਣ ਤੋਂ ਬਾਅਦ ਪਾਕਿਸਤਾਨ ਦੇ ਵਿਦੇਸ਼ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੇ ਕਿਹਾ ਸੀ ਕਿ ਜੇਕਰ ਭਾਰਤ ਨੇ ਪਰਮਾਣੂ ਬੰਬ ਬਣਾਇਆ ਤਾਂ ਅਸੀਂ ਹਜ਼ਾਰ ਸਾਲ ਤੱਕ ਘਾਹ ਤੇ ਪੱਤੇ ਖਾ ਕੇ ਜੀ ਲਵਾਂਗੇ, ਭੁੱਖੇ ਰਹਿ ਲਵਾਂਗੇ, ਪਰ ਆਪਣਾ ਬੰਬ ਬਣਾ ਕੇ ਦਮ ਲਵਾਂਗੇ। ਇਸ ਦਾ ਪਿਛੋਕੜ ਇਹ ਸੀ ਕਿ ਅਮਰੀਕੀ ਰਾਸ਼ਟਰਪਤੀ ਆਈਜਨਹਾਵਰ ਦੀ ਐਟਮ ਫਾਰ ਪੀਸ ਯੋਜਨਾ ਦੇ ਤਹਿਤ ਪਾਕਿਸਤਾਨ ਨੂੰ 1960 'ਚ ਕਰਾਚੀ ਦਾ ਪਰਮਾਣੂ ਬਿਜਲੀ ਘਰ ਤੇ 1965 'ਚ ਰਾਵਲਪਿੰਡੀ ਦਾ ਰਿਸਰਚ ਰਿਐਕਟਰ ਮਿਲਿਆ ਸੀ ਜਿਸ ਦਾ ਈਂਧਨ ਅਮਰੀਕਾ ਸਪਲਾਈ ਕਰਦਾ ਸੀ। ਦੋ ਲੜਾਈਆਂ ਹਾਰ ਚੁੱਕੇ ਪਾਕਿਸਤਾਨ ਨੂੰ ਇਹ ਡਰ ਸਤਾਉਣ ਲੱਗਾ ਸੀ ਕਿ ਜੇ ਭਾਰਤ ਨੇ ਪਹਿਲਾਂ ਪਰਮਾਣੂ ਬੰਬ ਬਣਾ ਲਿਆ ਤਾਂ ਫਿਰ ਉਸ ਦਾ ਕੀ ਹੋਵੇਗਾ?

ਅਮਰੀਕਾ ਦੇ ਨਾਲ-ਨਾਲ ਪਾਕਿਸਤਾਨ ਵੀ ਚੀਨ ਨਾਲ ਰਿਸ਼ਤੇ ਵਧਾਅ ਰਿਹਾ ਸੀ। ਮਾਰਚ 1963 ਦੇ ਚੀਨ-ਪਾਕਿਸਤਾਨ ਦੇ ਸਮਝੌਤੇ ਦੇ ਤਹਿਤ ਉਹ ਕਾਰਾਕੋਰਮ ਕਸ਼ਮੀਰ ਦੀ ਲਗਪਗ 5000 ਵਰਗ ਕਿਲੋਮੀਟਰ ਦੀ ਪੱਟੀ ਉਸ ਨੂੰ ਭੇਟ ਕਰ ਚੁੱਕਾ ਸੀ। ਚੀਨ ਨੇ ਅਕਤੂਬਰ 1964 'ਚ ਜੰਮੂ ਕਸ਼ਮੀਰ ਦੀ ਸਰਹੱਦ ਨਾਲ ਲਗਦੇ ਸ਼ਿਨਜਿਆਂਗ 'ਚ ਆਪਣਾ ਪਹਿਲਾ ਪਰਮਾਣੂ ਪ੍ਰੀਖਣ ਕੀਤਾ ਸੀ। ਸੁਰੱਖਿਆ ਦੀ ਇਸ ਦੋਤਰਫ਼ਾ ਚੁਣੌਤੀ ਨੂੰ ਦੇਖਦੇ ਹੋਏ ਭਾਰਤ ਨੂੰ ਆਪਣੇ ਪਰਮਾਣੂ ਨਿਸ਼ਸਤ੍ਰੀਕਰਨ ਦੇ ਸਿਧਾਂਤ ਦੇ ਬਾਵਜੂਦ ਪਰਮਾਣੂ ਸ਼ਕਤੀ ਦਾ ਵਿਕਾਸ ਕਰਨਾ ਪਿਆ, ਜਿਸ ਦਾ ਸਿਖਰ 1974 ਪੋਖਰਨ ਪ੍ਰੀਖਣ 'ਚ ਹੋਇਆ। ਪੋਖਰਨ ਤੋਂ ਬਾਅਦ ਪਾਕਿਸਤਾਨ ਹੋਰ ਵੀ ਮੁਸਤੈਦੀ ਨਾਲ ਚੀਨ ਦੀ ਮਦਦ ਤੇ ਯੂਰਪ ਤੋਂ ਤਕਨੀਕ ਦੀ ਚੋਰੀ ਕਰਦੇ ਹੋਏ ਪਰਮਾਣੂ ਸ਼ਕਤੀ ਦੇ ਵਿਕਾਸ 'ਚ ਜੁੱਟ ਗਿਆ।

ਪਰਮਾਣੂ ਦਾ ਪਸਾਰ ਨਾ ਕਰਨ ਦੀ ਵਕਾਲਤ ਕਰਨ ਵਾਲਾ ਅਮਰੀਕਾ ਜਾਣਦਾ ਸੀ ਕਿ ਕਮਿਊਨਿਸਟ ਤਾਨਾਸ਼ਾਹੀ ਵਾਲਾ ਚੀਨ ਪਾਕਿਸਤਾਨ ਨੂੰ ਪਰਮਾਣੂ ਤਕਨੀਕ ਦੇ ਰਿਹਾ ਹੈ ਜੋ ਇੱਕ ਨਾਜਾਇਜ਼ ਕੰਮ ਹੈ ਤੇ ਇਸ ਕਾਰਨ ਪੂਰੇ ਦੱਖਣੀ ਅਤੇ ਪੱਛਮੀ ਏਸ਼ੀਆ 'ਚ ਤਣਾਅ ਫੈਲ ਸਕਦਾ ਹੈ, ਫਿਰ ਵੀ ਉਸ ਨੇ ਇਹ ਸਭ ਨਜ਼ਰਅੰਦਾਜ਼ ਕੀਤਾ ਕਿਉਂਕਿ ਉਹ ਚੀਨ ਨਾਲ ਰਿਸ਼ਤੇ ਬਣਾਉਣ 'ਚ ਲੱਗਾ ਸੀ ਤਾਂ ਜੋ ਉਸ ਨੂੰ ਸੋਵੀਅਤ ਖੇਮੇ ਤੋਂ ਕੱਢ ਸਕੇ। ਇਸੇ ਵਿਚਾਲੇ ਇਰਾਨ 'ਚ ਇਸਲਾਮੀ ਕ੍ਰਾਂਤੀ ਹੋ ਗਈ ਤੇ ਅਫਗਾਨਿਸਤਾਨ 'ਤੇ ਸੋਵੀਅਤ ਸੰਘ ਦਾ ਕਬਜ਼ਾ ਹੋ ਗਿਆ।

ਪਾਕਿਸਤਾਨ ਨੂੰ ਅਮਰੀਕਾ ਵੱਲੋਂ ਮਨਮਰਜ਼ੀ ਕਰਨ ਦੀ ਛੋਟ ਮਿਲ ਗਈ। ਪਾਕਿਸਤਾਨ ਨੇ ਨਾ ਸਿਰਫ਼ ਆਪਣੇ ਪਰਮਾਣੂ ਬੰਬ ਬਣਾਏ, ਬਲਕਿ ਉਨ੍ਹਾਂ ਦੀ ਤਕਨੀਕ ਇਰਾਨ ਤੇ ਉੱਤਰੀ ਕੋਰੀਆ ਨੂੰ ਵੀ ਵੇਚੀ। ਅਮਰੀਕਾ ਨੇ ਭਾਰਤ ਲਈ ਪਾਕਿਸਤਾਨ ਤੇ ਆਪਣੇ ਲਈ ਇਰਾਨ ਤੇ ਉੱਤਰੀ ਕੋਰੀਆ ਦੇ ਰੂਪ 'ਚ ਦੋ ਭਸਮਾਸੁਰ ਖੜ੍ਹੇ ਕਰ ਲਏ।

ਅਫਗਾਨਿਸਤਾਨ ਤੋਂ ਸੋਵੀਅਤ ਸੰਘ ਨੂੰ ਦੂਰ ਕਰਨ ਲਈ ਅਮਰੀਕਾ ਨੇ ਪਾਕਿਸਤਾਨ ਨੂੰ ਹਥਿਆਰ ਦਿੱਤੇ ਤੇ ਸਾਊਦੀ ਅਰਬ ਤੋਂ ਪੈਸਾ ਦਿਵਾਇਆ ਜਿਸ ਦੀ ਵਰਤੋਂ ਉਸ ਨੇ ਇਸਲਾਮੀ ਜਿਹਾਦ ਕਰਨ ਵਾਲੇ ਮੁਜਾਹੀਦੀਨ ਦਸਤੇ ਬਣਾਉਣ ਦੇ ਨਾਲ ਪੰਜਾਬ 'ਚ ਖ਼ਾਲਿਸਤਾਨੀ ਅੱਤਵਾਦ ਨੂੰ ਹਵਾ ਦੇਣ 'ਚ ਕੀਤੀ। ਜਿਹਾਦੀ ਜੰਗ 'ਚ ਸੋਵੀਅਤ ਸੰਘ ਦੀ ਹਾਰ ਨਾਲ ਉਤਸ਼ਾਹਿਤ ਪਾਕਿਸਤਾਨ ਖੁਫੀਆ ਏਜੰਸੀਆਂ ਨੇ ਤੇ ਫ਼ੌਜ ਨੇ ਉਹੀ ਨੁਸਖਾ ਜੰਮੂ-ਕਸ਼ਮੀਰ 'ਚ ਹਿਜ਼ਬੁਲ, ਲਸ਼ਕਰ ਅਤੇ ਜੈਸ਼ ਵਰਗੇ ਜਿਹਾਦੀ ਅੱਤਵਾਦੀ ਭੇਜ ਕੇ ਅਜ਼ਮਾਇਆ, ਜੋ ਅੱਜ ਤੱਕ ਜਾਰੀ ਹੈ। ਇਸ



'ਚ ਅਮਰੀਕਾ ਦਾ ਭਲਾ ਨਹੀਂ ਹੋਇਆ। ਉਸ ਨੇ ਜਿਸ ਅਫਗਾਨਿਸਤਾਨ 'ਚ ਜਿਹਾਦੀ ਜੰਗ ਕਰਵਾ ਕੇ ਸੋਵੀਅਤ ਸੰਘ ਨੂੰ ਦੂਰ ਕੀਤਾ, ਅਲਕਾਇਦਾ ਨੇ ਉਥੇ ਹੀ ਅੱਡਾ ਬਣਾਇਆ ਤੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ 2001 'ਚ ਅੱਤਵਾਦੀ ਹਮਲਾ ਕੀਤਾ। ਹਮਲਾ ਕਰਨ ਵਾਲੇ ਅੱਤਵਾਦੀਆਂ 'ਚ ਪਾਕਿਸਤਾਨ ਦਾ ਤਾਂ ਕੋਈ ਨਹੀਂ ਸੀ, ਪਰ ਉਸ ਦੀ ਯੋਜਨਾ ਬਣਾਉਣ ਵਾਲਾ ਖ਼ਾਲਿਦ ਸ਼ੇਖ਼ ਪਾਕਿਸਤਾਨੀ ਸੀ, ਜਿਸ ਨੂੰ ਫ਼ੌਜ ਮੁੱਖ ਦਫ਼ਤਰ ਕੋਲ ਰਾਵਲਪਿੰਡੀ ਤੋਂ ਫੜਿਆ ਗਿਆ। ਅਲਕਾਇਦਾ ਸਰਗਨਾ ਓਸਾਮਾ ਬਿਨ ਲਾਦੇਨ ਨੂੰ ਵੀ ਰਾਵਲਪਿੰਡੀ ਦੇ ਕੋਲ ਐਬਟਾਬਾਦ ਘਰ 'ਚ ਮਾਰਿਆ ਗਿਆ।

ਰਾਵਲਪਿੰਡੀ ਪਾਕਿਸਤਾਨੀ ਫ਼ੌਜ ਦਾ ਮੁੱਖ ਦਫ਼ਤਰ ਹੋਣ ਦੇ ਨਾਲ-ਨਾਲ ਪਰਮਾਣੂ ਕੰਟਰੋਲ ਕੇਂਦਰ ਵੀ ਹੈ। ਲਾਦੇਨ ਤੇ ਖ਼ਾਲਿਦ ਸ਼ੇਖ਼ ਵਰਗੇ ਬਦਨਾਮ ਅੱਤਵਾਦੀਆਂ ਦੇ ਉਸੇ ਖੇਤਰ 'ਚ ਪਾਏ ਜਾਣ ਕਾਰਨ ਇਸ ਦੀ ਚਿੰਤਾ ਹੋਣਾ ਸੁਭਾਵਿਕ ਹੈ ਕਿ ਪਾਕਿਸਤਾਨ ਦੇ ਪਰਮਾਣੂ ਬੰਬ ਇਸਲਾਮੀ ਜਿਹਾਦੀਆਂ ਦੇ ਹੱਥਾਂ 'ਚ ਵੀ ਜਾ ਸਕਦੇ ਹਨ। ਅਮਰੀਕਾ ਨੇ ਕਈ ਵਾਰ ਉਸ ਦੇ ਪਰਮਾਣੂ ਕੰਟਰੋਲ ਕੇਂਦਰ 'ਤੇ ਕਬਜ਼ਾ ਕਰਨ ਦੀ ਐਮਰਜੈਂਸੀ ਯੋਜਨਾ ਦਾ ਜ਼ਿਕਰ ਕੀਤਾ ਹੈ, ਪਰ ਜੇ ਅਮਰੀਕਾ ਨੂੰ ਇੰਨੀ ਹੀ ਚਿੰਤਾ ਸੀ ਤਾਂ ਉਸ ਨੇ ਉਸ ਨੂੰ ਪਰਮਾਣੂ ਹਥਿਆਰ ਬਣਾਉਣ ਤੇ ਵੇਚਣ ਤੋਂ ਰੋਕਣ ਦੀ ਇਮਾਨਦਾਰੀ ਨਾਲ ਕੋਸ਼ਿਸ਼ ਕਿਉਂ ਨਹੀਂ ਕੀਤੀ? ਜੇ ਕੀਤੀ ਹੁੰਦੀ ਤਾਂ ਅੱਜ ਉਸ ਨੂੰ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਇੰਨੀ ਜ਼ਿਆਦਾ ਕੋਸ਼ਿਸ਼ ਨਾ ਕਰਨੀ ਪੈਂਦੀ ਤੇ ਦੱਖਣੀ ਏਸ਼ੀਆ 'ਚ ਹਾਲਾਤ ਬਿਹਤਰ ਹੁੰਦੇ।

ਇਰਾਨ ਇਸ ਦੀ ਵੀ ਮਿਸਾਲ ਹੈ ਕਿ ਜਿਹਾਦੀ ਮਾਨਸਿਕਤਾ ਸਿਰਫ਼ ਫ਼ੌਜੀ ਹਮਲਿਆਂ ਨਾਲ ਖ਼ਤਮ ਨਹੀਂ ਕੀਤੀ ਜਾ ਸਕਦੀ। ਉਸ ਲਈ ਸਖ਼ਤ ਆਰਥਿਕ ਪਾਬੰਦੀਆਂ ਲਾ ਕੇ ਅੱਤਵਾਦੀਆਂ ਤੇ ਉਨ੍ਹਾਂ ਦੀ ਸਮਰਥਕ ਫ਼ੌਜ ਦਾ ਲੱਕ ਤੋੜਨ ਦੀ ਲੋੜ ਵੀ ਹੁੰਦੀ ਹੈ, ਪਰ ਅਮਰੀਕਾ ਨੇ ਲਗਪਗ ਹਮੇਸ਼ਾ ਇਸ ਦਾ ਉਲਟਾ ਕੀਤਾ ਹੈ।

ਪਹਿਲਗਾਮ ਹਮਲੇ ਲਈ ਪਾਕਿਸਤਾਨ 'ਤੇ ਆਰਥਿਕ ਪਾਬੰਦੀ ਲਾਉਣ ਤੇ ਅੱਤਵਾਦੀ ਟਿਕਾਣੇ ਬੰਦ ਕਰ ਕੇ ਅੱਤਵਾਦੀਆਂ ਨੂੰ ਸੌਂਪਣ ਦੀ ਮੰਗ ਕਰਨ ਦੀ ਥਾਂ ਉਸ ਨੇ ਆਈ.ਐੱਮ.ਐੱਫ. ਤੋਂ ਉਸ ਲਈ ਕਰੋੜਾਂ ਡਾਲਰ ਦੇ ਕਰਜ਼ੇ ਦੀ ਕਿਸ਼ਤ ਮਨਜ਼ੂਰ ਕਰਵਾ ਦਿੱਤੀ। ਪਾਕਿਸਤਾਨ ਇਸ ਪੈਸੇ ਦੀ ਵਰਤੋਂ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ 'ਚ ਕਰੇਗਾ। ਇਸੇ ਤਰ੍ਹਾਂ ਦੀ ਦੁਰਵਰਤੋਂ ਕਾਰਨ ਪਾਕਿਸਤਾਨ 1958 ਤੋਂ ਹੁਣ ਤੱਕ 24 ਵਾਰ ਕਰਜ਼ਾ ਲੈ ਕੇ ਆਈ.ਐੱਮ.ਐੱਫ. ਦਾ ਚੌਥਾ ਸਭ ਤੋਂ ਵੱਡਾ ਕਰਜ਼ਦਾਰ ਬਣ ਚੁੱਕਾ ਹੈ।

ਅਮਰੀਕਾ ਨੇ ਬੰਗਲਾਦੇਸ਼ ਦੀ ਨਵੀਂ ਜਿਹਾਦੀ ਸਰਕਾਰ ਲਈ ਵੀ ਹਿੰਦੂਆਂ 'ਤੇ ਜ਼ੁਲਮ ਤੇ ਲੋਕਤੰਤਰ ਦੀ ਬਹਾਲੀ ਦਾ ਹਿਸਾਬ ਮੰਗੇ ਬਿਨਾਂ 1300 ਕਰੋੜ ਡਾਲਰ ਦੀ ਕਿਸ਼ਤ ਮਨਜ਼ੂਰ ਕਰਵਾਈ ਹੈ। ਪਿਛਲੇ ਦਿਨੀਂ ਰਿਆਦ 'ਚ ਹੋਰ ਵੀ ਦਿਲਚਸਪ ਗੱਲ ਹੋਈ ਜਦ ਟਰੰਪ ਨੇ ਆਪਣੇ ਮੇਜ਼ਬਾਨ ਤੇ ਅਮਰੀਕੀ ਮਾਲ ਦੇ ਵੱਡੇ ਗਾਹਕ ਸਾਊਦੀ ਯੁਵਰਾਜ ਸਲਮਾਨ ਦੇ ਕਹਿਣ 'ਤੇ ਸੀਰੀਆ ਦੇ ਨਵੇਂ ਸ਼ਾਸਕ ਅਹਿਮਦ ਅਲ-ਸ਼ਾਰਾ ਦੀ ਸ਼ਲਾਘਾ ਕਰਦੇ ਹੋਏ ਸੀਰੀਆ ਤੋਂ ਸਾਰੀਆਂ ਪਾਬੰਦੀਆਂ ਹਟਾ ਲਈਆਂ। ਅਲ-ਸ਼ਾਰਾ ਅਲਕਾਇਦਾ ਦਾ ਕਮਾਂਡਰ ਤੇ ਸੀਰੀਆ ਦੇ ਬਦਨਾਮ ਅਲ-ਨੁਸਰਾ ਅੱਤਵਾਦੀ ਸੰਗਠਨ ਦਾ ਮੁਖੀ ਸੀ। ਉਸ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇੱਕ ਕਰੋੜ ਡਾਲਰ ਦਾ ਇਨਾਮ ਸੀ, ਪਰ ਟਰੰਪ ਨਾਲ ਹੱਥ ਮਿਲਾਉਂਦੇ ਹੀ ਉਹ ਅਮਰੀਕਾ ਦਾ ਵਪਾਰਕ ਭਾਈਵਾਲ ਬਣ ਗਿਆ। ਇਸੇ ਤਰ੍ਹਾਂ ਪਰਮਾਣੂ ਸਮਝੌਤੇ ਲਈ ਤਿਆਰ ਹੁੰਦੇ ਹੀ ਇਰਾਨ ਵੀ ਅੱਤਵਾਦੀ ਦੇਸ਼ ਤੋਂ ਵਪਾਰਕ ਭਾਈਵਾਲ ਬਣ ਜਾਵੇਗਾ।

ਸਪੱਸ਼ਟ ਹੈ ਕਿ ਜਦ ਵੀ ਅਮਰੀਕਾ ਦੇ ਆਰਥਿਕ ਤੇ ਰਣਨੀਤਕ ਹਿਤਾਂ ਦੀ ਗੱਲ ਆਉਂਦੀ ਹੈ ਤਾਂ ਬਾਕੀ ਰਿਸ਼ਤੇ ਛੋਟੇ ਹੋ ਜਾਂਦੇ ਹਨ, ਚਾਹੇ ਉਹ ਕਿੰਨੇ ਵੀ ਪੁਰਾਣੇ ਤੇ ਡੂੰਘੇ ਹੋਣ। ਯੂਰਪ ਦੇ ਦੇਸ਼ ਇਸ ਦੀ ਮਿਸਾਲ ਹਨ। ਅਮਰੀਕਾ ਨਾਲ ਗਹਿਰਾਉਂਦੇ ਰਣਨੀਤਕ ਰਿਸ਼ਤਿਆਂ ਦੀ ਭਰੋਸੇਯੋਗਤਾ ਭਾਰਤ ਨੂੰ ਇਸੇ ਪੈਮਾਨੇ 'ਤੇ ਪਰਖਣੀ ਪਵੇਗੀ।

**(ਲੇਖਕ ਬੀ.ਬੀ.ਸੀ. ਹਿੰਦੀ ਦਾ ਸਾਬਕਾ ਸੰਪਾਦਕ ਹੈ)**

# ਕੁਦਰਤੀ ਨਿਆਮਤਾਂ ਤੋਂ ਜਾਓ ਸਦਾ ਬਲਿਹਾਰੇ !



ਕਰਨੈਲ ਸਿੰਘ ਸੋਮਲ

ਕਹਿਰ ਦੀ ਗਰਮੀ ਦੇ ਸਤਾਇਆਂ ਨੂੰ ਇੱਕ ਸਵੇਰ ਠੰਡੀ 'ਵਾ ਦੇ ਬੁੱਲਿਆਂ ਨੇ ਮਾਵਾਂ, ਦਾਦੀਆਂ, ਨਾਨੀਆਂ ਦੇ ਬੋਲ ਯਾਦ ਕਰਾ ਦਿੱਤੇ। ਉਹ ਵਿਆਹੀ ਧੀ ਦੇ ਘਰੋਂ ਕੋਈ ਸੁਖਾਵੀਂ ਖ਼ਬਰ ਮਿਲਣ 'ਤੇ ਆਖਦੀਆਂ 'ਸ਼ੁਕਰ ਐ ਰੱਬ ਦਾ! ਮਾਪਿਆਂ ਨੂੰ ਧੀਆਂ ਵੱਲੋਂ ਵੀ ਸਦਾ 'ਵਾ ਦੇ ਠੰਡੇ ਬੁੱਲੇ ਮਿਲਦੇ ਰਹਿਣ।' ਇਹ ਸੋਚਦਿਆਂ ਮੈਨੂੰ ਪੰਜਾਬੀ ਬੋਲੀ ਦੀ ਅਮੀਰੀ ਦਾ ਖ਼ਿਆਲ ਆਇਆ। ਧਰਤੀ ਦੇ ਜਿਸ ਖਿੱਤੇ ਵਿੱਚ ਵਧੇਰੇ ਕਰਕੇ ਗਰਮੀ ਰਹਿੰਦੀ ਹੋਵੇ, ਉੱਥੇ ਠੰਡੇ ਪਾਣੀ ਅਤੇ ਮੀਂਹ ਪੈਣ ਨੂੰ ਧੰਨ ਸਮਝਿਆ ਜਾਂਦਾ ਹੈ। ਮਾੜੀਆਂ ਖ਼ਬਰਾਂ ਆਉਣ ਤਾਂ 'ਤਪਾ ਕੇ ਰੱਖ ਦਿੱਤੇ' ਜਿਹੇ ਸ਼ਬਦ ਬੋਲੇ ਜਾਂਦੇ ਹਨ।

ਦੇਰ ਪਿੱਛੋਂ ਧੀ ਮਾਪਿਆਂ ਨੂੰ ਮਿਲਣ ਆਵੇ ਤਾਂ ਸਹਿਜ-ਸੁਭਾਅ ਆਖਣ ਨੂੰ ਹੁੰਦਾ ਹੈ 'ਕਾਲਜੇ ਠੰਢ ਪੈ ਗਈ', 'ਆਂਦਰਾਂ ਠਰ ਗਈਆਂ।' ਧੀ ਸੁਖੀਂ ਵੱਸਦੀ ਹੋਵੇ ਤਾਂ ਮਾਂ ਮਾਣ ਨਾਲ ਇਹ ਵੀ ਕਹਿੰਦੀ ਹੈ 'ਮੇਰੀ ਧੀ ਰਾਜ ਰਾਜਦੀ ਹੈ।' ਅਸੀਸਾਂ ਦੀ ਝੜੀ/ਲੜੀ ਵਿੱਚ 'ਤੂੰ ਧਰ ਧਰ ਭੁੱਲੇਂ!' ਦੇ ਸ਼ਬਦ ਵੀ ਆਖੀ ਜਾਂਦੀ ਹੈ। ਵਾਹ ਜੀ ਵਾਹ! ਸਾਡੀ ਪੰਜਾਬੀ ਵਿੱਚ 'ਭੁੱਲਣ' ਸ਼ਬਦ ਨੂੰ ਕਿਵੇਂ ਹਾਂ-ਵਾਚੀ ਬਣਾਇਆ ਜਾਂਦਾ ਹੈ।



ਬੋਲੀ ਨੂੰ ਰੰਗ ਤਾਂ ਕਵੀ ਲਾਉਂਦੇ ਹਨ। ਆਪਣੇ ਢਿੱਡੋਂ ਜੰਮਿਆਂ ਨੂੰ ਲਾਡ ਲਡਾਉਂਦੀਆਂ ਮਾਵਾਂ, ਘਰਾਂ ਨੂੰ ਸੰਵਾਰ-ਸੰਵਾਰ ਰੱਖਦੀਆਂ ਸੁਆਣੀਆਂ ਕਵਿਤਾ ਹੀ ਤਾਂ ਜਿਊਂਦੀਆਂ ਹਨ। ਧਰਤੀ ਵਿੱਚ ਬੀਜ ਪਾਉਣ ਤੋਂ ਪਹਿਲਾਂ ਕਿਸਾਨ ਜੋ ਆਪਣੇ ਹੀ ਢੰਗ ਨਾਲ ਉੱਘੜ-ਦੁੱਗੜ ਸ਼ਬਦਾਂ ਵਿੱਚ ਦੁਆਵਾਂ ਕਰਦਾ ਹੈ ; ਫਿਰ ਆਪ ਹੀ ਰੱਬਤਾ ਵਿੱਚ ਉੱਚਾ ਉੱਠਦਾ ਅੰਨ-ਧਨ ਕਿੰਨਿਆਂ ਦੇ ਹੀ ਮੂੰਹ ਵਿੱਚ ਪੈਂਦਾ ਚਿਤਵਦਾ ਹੈ। ਧਰਤੀ 'ਤੇ ਭਾਂਤ-ਭਾਂਤ ਦੇ ਓੜਨ ਓੜ੍ਹਦੀਆਂ ਫ਼ਸਲਾਂ ਨੂੰ ਨਿਹਾਰਦਾ, ਰੋਮ-ਰੋਮ ਕਾਦਰ ਦੇ ਸ਼ੁਕਰਾਨੇ ਨਾਲ ਭਰਿਆ, ਉਹ ਵੀ ਕਵੀ ਹੀ ਹੋਇਆ। ਕਵੀ ਹੋਵੇ ਜਾਂ ਕੋਈ ਕਲਾਕਾਰ, ਕੋਈ ਗਾਇਕ ਜਾਂ ਕੋਈ ਕਿਸੇ ਸਾਜ਼ ਵਿੱਚ ਸਿਰਜਣਾ ਨੂੰ ਧਿਆਉਂਦਾ ਸਾਜ਼ਿੰਦਾ-ਇਹ ਸਾਰੇ ਰੰਗ ਬਰਸਾਉਂਦੇ,ਸਾਡੇ ਠੰਢੇ ਬੁੱਲੇ ਹੀ ਤਾਂ ਹਨ। ਪਿਆਸੀਆਂ ਫ਼ਸਲਾਂ ਦੀ ਦੁਰਦਸ਼ਾ ਵੇਖ ਰੋਣਹਾਕਾ ਹੋਇਆ ਕਿਸਾਨ ਚਾਣਚੱਕ ਅੰਬਰ 'ਤੇ ਛਾਈ ਕਾਲੀ ਘਟਾ ਨੂੰ ਵੇਖ ਕਵੀ ਹੀ ਤਾਂ ਬਣ ਜਾਂਦਾ ਹੈ। ਤਦ ਕੌਣ ਸੱਦਦਾ ਹੈ ਮੋਰਾਂ ਨੂੰ ਕਿ ਉਹ ਜਿੱਥੇ ਵੀ ਹੋਣ ਆਪਣੇ ਕੰਠ ਵਿੱਚੋਂ ਸੰਖ ਵਜਾਉਣ। 'ਮੇਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ' ਵਾਲਾ ਬਾਬਾ ਨਾਨਕ ਕਿਤੇ ਗਿਆ ਨਹੀਂ ਹੁੰਦਾ। ਅਸੀਂ ਜਿੱਥੇ ਵੀ ਉਸ ਨੂੰ ਯਾਦ ਕਰਦੇ ਹਾਂ ਉਹ ਸਾਡੇ ਸਾਹਾਂ ਵਿੱਚ ਹਾਜ਼ਰ ਹੁੰਦਾ ਹੈ।



ਗੀਤ, ਸੰਗੀਤ, ਨ੍ਰਿਤ ਤੇ ਧਰਤੀ ਦੇ ਜ਼ਰੇ ਜ਼ਰੇ ਨੂੰ ਰੰਗੀਜਦੇ ਰੰਗਸਾਜ਼ ਸਾਡੇ ਜ਼ਿਹਨ ਵਿੱਚ ਜਾਗ ਪੈਂਦੇ ਹਨ। ਕਿਵੇਂ ? ਸਾਵਣ ਦੇ ਭਰਵੇਂ ਛਰਾਟੇ ਤੋਂ ਪਿੱਛੋਂ ਪਲ-ਪਲ ਸਰੂਪ ਬਦਲਦੀ 'ਮਾਤਾ ਧਰਤਿ' ਨੂੰ ਨੀਝ ਤੇ ਰੀਝ ਨਾਲ ਵੇਖਦੇ ਜਾਓ, 'ਭਰਪੂਰ' ਸ਼ਬਦ ਦੇ ਗਹਿਰੇ ਅਰਥ ਸਮਝ ਆਉਣਗੇ। ਕੋਈ ਸੰਤ-ਰੂਪ ਬਜ਼ੁਰਗ ਉੱਚਰਦਾ ਹੈ, ਭਾਈ ਇਹ ਧਰਤੀ ਮਾਂ ਸਾਰੇ ਜੀਵਾਂ ਦੇ ਉਦਰ ਲਈ ਕੁਛ ਨਾ ਕੁਛ ਦਿੰਦੀ ਹੈ। ਤਦ ਮੂੰਹੋਂ 'ਬਲਿਹਾਰੇ' ਧੁਨੀ ਨਿਕਲਦੀ ਜਾਵੇਗੀ। ਇੱਥੇ ਹੀ ਸਭ ਕੁਝ ਹੈ, ਕਿਉਂ ਉਕਤਾਉਣਾ ਹੈ, ਸਾਰੇ ਮੂੰਹੋਂ-ਮੂੰਹੀਂ ਭਰ ਜਾਣਗੇ, ਕਿਸੇ ਦਾ ਪਾਤਰ ਖਾਲੀ ਨਹੀਂ ਰਹੇਗਾ। ਸੂਰਜ ਦਾ ਸੁਨੇਹਾ ਵੀ ਇਹੋ ਹੈ, ਤੁਸੀਂ ਜਿੱਥੇ ਵੀ ਹੋਵੋਗੇ, ਇਸ ਦਾ ਕੋਸ ਕੋਸਾ ਪ੍ਰਕਾਸ਼ ਆਪ ਤੁਹਾਡਾ ਸਪਰਸ਼ ਕਰੇਗਾ। ਝੁੱਗੀਆਂ ਤੱਕ ਤੇ ਸਰਦੀਆਂ ਵਿੱਚ ਠਰਦੇ ਜੀਵ-ਜੰਤੂਆਂ ਤੀਕ ਵੀ ਜਾਵੇਗਾ। ਸਿਆਣੀਆਂ ਸੁਆਣੀਆਂ ਅਤੇ ਹੋਰ ਉਮਰ ਦਰਾਜ਼ ਲੋਕਾਂ ਦਾ ਬਚਨ ਹੁੰਦਾ ਹੈ ਕਿ ਵਾਹ ਲੱਗਦੇ 'ਹੈਨੀ' (ਹੈ ਨਹੀਂ) ਕਦੇ ਨਹੀਂ ਉਚਰਨਾ। ਬਹੁਲਤਾ ਨੂੰ ਸਿਮਰਦਿਆਂ ਕੋਲ 'ਬੋਹਲ', 'ਅੰਬਾਰ' ਆਪੇ ਤੁਰੇ ਆਉਣਗੇ। ਮੀਂਹ ਦੀ ਹਰ ਬੂੰਦ ਇਹੋ ਸੁਨੇਹਾ ਦਿੰਦੀ ਹੈ। ਉੱਦਮੀ ਬੰਦਿਆਂ ਦਾ ਹਰ ਕਦਮ ਬਹੁਤਾਤ ਵੱਲ ਹੀ ਤਾਂ ਉੱਠਦਾ ਹੈ।

ਇਸ ਬੋਲੀ ਨੂੰ ਪ੍ਰਗਟਾਵੇ ਦਾ ਵਾਹਨ ਬਣਾਉਣ ਵਾਲਿਆਂ ਨੇ ਸਾਧਾਰਨ ਸ਼ਬਦਾਂ ਵਿੱਚ ਗੱਲ ਘੱਟ ਹੀ ਕੀਤੀ ਹੈ। 'ਧਰਤੀ ਨੂੰ ਕਲੀ ਕਰਾ ਦੇ, ਨੱਚੂੰਗੀ ਸਾਰੀ ਰਾਤ।' ਇੱਕ ਲਲਕਾਰ ਵਜੋਂ ਕੋਈ ਦੂਜੀ ਧਿਰ ਨੂੰ ਆਖਦਾ ਹੈ, 'ਤੂੰ ਰੱਬ ਐਂ ? ਅਸਮਾਨ ਨੂੰ ਟਾਕੀਆਂ ਲਾਉਂਦਾ ਫਿਰਦੈਂ।' 'ਆਹੋ! ਇਸ ਘੜੀ ਮੈਂ ਰੱਬ ਤੋਂ ਵੀ ਉੱਪਰ ਹਾਂ' ਮੱਘੇ ਕੱਢਦਾ ਅਗਲਾ ਪਤਾ ਨਹੀਂ ਕੀ ਕੀ ਬੋਲੀ ਜਾਂਦਾ ਹੈ।

ਉਂਝ ਤਾਂ ਸਾਰਾ ਗੰਨਾ ਮਿੱਠਾ ਹੁੰਦੈ, ਪਰ ਜੜ੍ਹਾਂ ਵੱਲ ਵਧਦਿਆਂ ਹਰ ਪੋਰੀ ਭਾਵੇਂ ਛੋਟੀ ਹੁੰਦੀ, ਪਰ ਰਸ ਮਿਠਾਸ ਪੱਖੋਂ ਨਿਰਾ ਗੁੜ। ਇਹੋ ਖ਼ੂਬੀ ਪੱਕੀ ਉਮਰ ਦੀ ਹੁੰਦੀ ਹੈ। ਗੁੜ੍ਹੀ ਅਵਸਥਾ ਵਿੱਚ ਹੀ ਮਨੁੱਖ ਹੋਣ ਦਾ ਮਾਅਨਾ ਸਮਝ ਵਿੱਚ ਆਉਂਦਾ ਹੈ। ਉਹ ਇਸ ਜੀਵਨ ਦੇ, ਇਸ ਕਾਇਨਾਤ ਦੇ, ਜਾਣੋ ਜੀਵਨ ਦੇ ਨਵੇਂ ਤੋਂ ਨਵੇਂ ਰਹੱਸ ਬੁੱਝਣ ਲੱਗ ਪੈਂਦਾ ਹੈ। ਇਸੇ ਲਈ ਅਡੋਲ ਰਹਿਣ ਦੀ ਅਵਸਥਾ ਵੱਲ ਵਧਣ ਲੱਗਦਾ ਹੈ। ਹਾਂ ਜੀ, ਜਿਵੇਂ ਬੇੜੀ ਪਾਣੀਆਂ ਵਿੱਚ ਅਨੇਕਾਂ ਨੂੰ ਪਾਰ ਲੰਘਾਉਂਦੀ ਟਿਕਾਅ ਦੀ ਹਾਲਤ ਵਿੱਚ ਆ ਜਾਂਦੀ ਹੈ: ਮਲਾਹ ਦੀ ਮਰਜ਼ੀ, ਸੂਰਜ ਦੁਆਲੇ ਗੇੜੇ ਕੱਢਦੀ ਧਰਤੀ ਦੀ ਮਰਜ਼ੀ ਤੇ ਕਈ ਹੋਰ ਮਰਜ਼ੀਆਂ। ਕਿਸੇ ਲਿਖਤ ਦੇ ਇੱਕ ਵਾਕ ਮੁੱਕਣ ਅਤੇ ਅਗਲੇ ਵਾਕ ਦੇ ਅਰੰਭ ਹੋਣ ਤੋਂ ਪਹਿਲਾਂ ਜਿਵੇਂ ਖਾਲੀ ਥਾਂ ਦੇ ਰੂਪ ਵਿੱਚ ਵਿਰਾਮ ਆ ਜਾਂਦਾ ਹੈ, ਲਗਭਗ ਤਿਵੇਂ ਹੀ।

ਬਜ਼ੁਰਗੀ ਸਿਖਾਉਂਦੀ ਹੈ ਕਿ ਵਕਤ ਦਾ ਹਰ ਪਲ ਹੈਰਾਨੀਜਨਕ ਰਹੱਸਾਂ ਦਾ ਪੁੰਜ ਹੁੰਦਾ ਹੈ। 'ਕੱਖ ਓਹਲੇ ਲੱਖ' ਜਿਵੇਂ ਕਲਪਿਤ ਕੀਤਾ ਜਾਂਦਾ ਹੈ, ਤਿਵੇਂ ਜੀਵਨ ਦੀ ਕੋਈ ਵੀ ਅਵਸਥਾ ਅਚੰਭਿਆਂ ਤੋਂ ਸੱਖਣੀ ਨਹੀਂ ਹੁੰਦੀ। ਇਸ ਲੇਖੇ ਸੱਖਣਾ ਕੁਝ ਵੀ ਨਹੀਂ ਹੁੰਦਾ, ਅਰਥ ਮੁਕਤ ਵੀ ਕਦੇ ਨਹੀਂ ਹੁੰਦਾ। ਖੇਤ ਦਾ 'ਵੱਢ' ਅਖਾਉਂਦਾ ਰੂਪ ਵੀ ਕਦੇ ਖਾਲੀ ਨਹੀਂ ਹੁੰਦਾ। ਅਜਿਹਾ ਹੁੰਦਾ ਮੱਝਾਂ, ਗਾਵਾਂ ਅਤੇ ਕੱਟਰੂ-ਵੱਛਰੂ ਉੱਥੇ ਕਦੇ ਵੀ ਨਾ ਚਰਦੇ-ਚੁਗਦੇ। ਤੰਗ ਨਜ਼ਰੀਏ ਦੀ ਥਾਂ ਮੋਕਲੀ ਦ੍ਰਿਸ਼ਟੀ ਨਾਲ ਵਿਚਰਦਿਆਂ ਇਹ ਸੰਸਾਰ ਕਿੰਨਾ ਮੌਲਿਆ, ਸੁਖਾਵਾਂ ਅਤੇ ਵਿਲੱਖਣ ਲੱਗਦਾ ਹੈ।

# ਰੁੱਤ ਨਵੇਂ ਪੌਦੇ ਲਗਾਉਣ ਦੀ ਆਈ...

ਡਾ. ਇਕਬਾਲ ਸਿੰਘ ਸਕਰੌਦੀ



ਜਿਉਂ ਹੀ ਜੇਠ ਹਾੜ ਦੇ ਮਹੀਨੇ ਚੜ੍ਹਦੇ ਹਨ, ਸਾਰਾ ਪੰਜਾਬ ਬਲਦੀ ਭੱਠੀ ਵਾਂਗ ਤਪਣ ਲੱਗਦਾ ਹੈ। ਚਾਰੇ ਪਾਸੇ ਲੋਕੀਂ ਤਰਾਹ-ਤਰਾਹ ਕਰਦੇ ਫਿਰਦੇ ਹਨ। ਹਰ ਕੋਈ ਹਾਏ ਗਰਮੀ, ਹਾਏ ਗਰਮੀ ਦੀ ਦੁਹਾਈ ਦਿੰਦਾ ਨਜ਼ਰ ਪੈਂਦਾ ਹੈ। ਬਿਜਲੀ ਦੀ ਖਪਤ ਵਧਣ ਨਾਲ ਲੰਮੇ-ਲੰਮੇ ਕੱਟ ਲੱਗਣੇ ਸ਼ੁਰੂ ਹੋ ਜਾਂਦੇ ਹਨ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਸਾਨੂੰ ਸਾਰਿਆਂ ਨੂੰ ਵਰ੍ਹਦੀ ਅੱਗ ਅਤੇ ਅੱਗ ਵਰਸਾਉਂਦੀਆਂ ਤੱਤੀਆਂ ਹਵਾਵਾਂ ਤੋਂ ਬਚਣ ਦੇ ਉਪਰਾਲੇ ਜ਼ਰੂਰ ਕਰਨੇ ਚਾਹੀਦੇ ਹਨ।

ਵਿਚਾਰਨ ਵਾਲੀ ਗੱਲ ਤਾਂ ਇਹ ਹੈ ਕਿ ਕੀ ਕੁਦਰਤ ਖ਼ੁਦ ਹੀ ਇੰਨੀ ਕਹਿਰਵਾਨ ਹੋ ਗਈ ਹੈ ਕਿ ਉਹ ਧਰਤੀ 'ਤੇ ਵਸਦੇ ਮਨੁੱਖਾਂ, ਜੀਵ-ਜੰਤੂਆਂ, ਪਸ਼ੂ-ਪੰਛੀਆਂ ਅਤੇ ਪ੍ਰਕਿਰਤੀ ਨੂੰ ਸਾੜਨ ਦੇ ਰਾਹ ਤੁਰ ਪਈ ਹੈ? ਨਹੀਂ, ਅਜਿਹਾ ਬਿਲਕੁਲ ਨਹੀਂ ਹੈ। ਇਹ ਤਾਂ ਕੁਦਰਤ ਦਾ ਸੁਭਾਅ ਹੀ ਨਹੀਂ ਹੈ ਕਿ ਉਹ ਕਰੋਪੀ ਧਾਰਨ ਕਰੇ। ਕੁਦਰਤ ਨੇ ਤਾਂ ਆਪਣੇ ਸਾਰੇ ਵਿਧੀ-ਵਿਧਾਨ ਨੂੰ ਸੋਹਣੇ ਅਤੇ ਮਿਆਰੀ ਨਿਯਮਾਂ ਵਿੱਚ ਬੰਨ੍ਹਿਆ ਹੋਇਆ ਹੈ। ਕੁਦਰਤ ਤਾਂ ਉਦੋਂ ਹੀ ਆਪਣਾ ਵਿਕਰਾਲ ਰੂਪ ਧਾਰਨ ਕਰਦੀ ਹੈ, ਜਦੋਂ ਧਰਤੀ 'ਤੇ ਵਸਦੇ ਮਨੁੱਖ ਆਪਣੀਆਂ ਲਾਲਸੀ ਪ੍ਰਵਿਰਤੀਆਂ ਕਾਰਨ ਕੇਵਲ ਲੈਣ ਦੀ ਹੀ ਆਸ ਰੱਖਦੇ ਹਨ। ਬਦਲੇ ਵਿੱਚ ਧਰਤੀ, ਵਾਤਾਵਰਣ ਅਤੇ ਸਮਾਜ ਨੂੰ ਕੁਝ ਦੇਣ ਦੀ ਲੋੜ ਨੂੰ ਬਿਲਕੁਲ ਹੀ ਅੱਖੋਂ ਪਰੋਖੇ ਕਰ ਦਿੰਦੇ ਹਨ। ਸੱਚ ਤਾਂ ਇਹ ਹੈ ਕਿ ਸਮਾਜ ਵਿੱਚ ਰਹਿੰਦੇ ਮਨੁੱਖ ਇੰਨੇ ਬੇਫ਼ਿਕਰ, ਬੇਰਹਿਮ, ਅਸੰਵੇਦਨਸ਼ੀਲ ਹੋ ਗਏ ਹਨ ਕਿ ਹੁਣ ਉਹ ਕੇਵਲ ਲੈਣ ਦੀ ਲਾਲਚੀ ਪ੍ਰਵਿਰਤੀ ਦੇ ਧਾਰਨੀ ਬਣ ਬੈਠੇ ਹਨ। ਧਰਤੀ 'ਤੇ ਵਧਦੀ ਤਪਸ਼ ਦਾ ਵਰਤਾਰਾ ਕੋਈ ਇਕਦਮ ਨਹੀਂ ਵਾਪਰਿਆ। ਸਗੋਂ ਪੰਜ ਦਰਿਆਵਾਂ ਦੀ ਹਰੀ ਭਰੀ ਪੰਜਾਬ ਦੀ ਇਸ ਸੋਹਣੀ ਸੁਨੱਖੀ ਅਤੇ ਪਿਆਰੀ ਧਰਤੀ ਨੂੰ ਅੱਗ ਦੀ ਭੱਠੀ ਵਾਂਗ ਤਪਾਉਣ ਲਈ ਅਸੀਂ ਸਾਰੇ ਹੀ ਜ਼ਿੰਮੇਵਾਰ ਅਤੇ ਕਸੂਰਵਾਰ ਹਾਂ। ਕੋਈ ਸਮਾਂ ਹੁੰਦਾ ਸੀ, ਜਦੋਂ ਕਿਸਾਨ ਧਰਤੀ ਵਿੱਚ ਬੀਜ ਪਾਉਂਦਾਸੀ ਤਾਂ ਸਭ ਤੋਂ ਪਹਿਲਾਂ ਉਹ ਬੋਲਦਾ ਸੀ-ਚਿੜੀ ਜਨੌਰ ਦੇ ਭਾਗ ਦਾ, ਹਾਲੀ ਪਾਲੀ ਦੇ ਭਾਗ ਦਾ। ਪਰ ਹੁਣ ਨਾ ਕੇਵਲ ਕਿਸਾਨੀ ਵਿੱਚ ਸਗੋਂ ਹਰ ਮਨੁੱਖ ਵਿੱਚ ਇੰਨਾ ਜ਼ਿਆਦਾ ਲਾਲਚ ਵਧ ਗਿਆ ਹੈ ਕਿ ਉਨ੍ਹਾਂ ਨੇ ਫ਼ਸਲਾਂ ਦਾ ਵਧੇਰੇ ਝਾੜ ਲੈਣ ਲਈ ਥਾਂ-ਥਾਂ 'ਤੇ ਖੜ੍ਹੇ ਹਰੇ ਭਰੇ ਰੁੱਖ ਪਿੱਪਲ, ਨਿੰਮ, ਬਰੋਟਾ, ਟਾਹਲੀ ਆਦਿ ਵੱਢ ਸੁੱਟੇ ਹਨ। ਹੁਣ ਜੇਕਰ ਖੇਤਾਂ ਵਿੱਚ ਨਜ਼ਰ ਮਾਰੀ ਜਾਵੇ ਤਾਂ ਦੂਰ, ਬਹੁਤ ਦੂਰ-ਦੂਰ ਤੱਕ ਕੋਈ ਵੀ ਹਰਿਆ ਭਰਿਆ ਰੁੱਖ ਨਜ਼ਰ ਨਹੀਂ ਪੈਂਦਾ। ਹੁਣ ਕਿਸਾਨ ਆਪਣੀ ਪੱਕੀ ਫ਼ਸਲ ਵੱਢ ਕੇ ਖੇਤ ਨੂੰ ਖਾਲੀ ਛੱਡਣ ਵਿੱਚ ਵਿਸ਼ਵਾਸ ਨਹੀਂ ਕਰਦਾ। ਸਗੋਂ ਉਹ ਨਾੜ ਨੂੰ ਇੱਕ ਤੀਲ੍ਹੀ ਲਾ ਕੇ ਚੁੱਪ ਚਾਪ ਪਿੰਡ ਆ ਵੜਦਾ ਹੈ। ਨਾੜ ਨੂੰ ਅੱਗ ਲਾਉਣ ਨਾਲ ਧਰਤੀ ਦੀ ਉਪਜਾਊ ਸ਼ਕਤੀ ਤਾਂ ਨਸ਼ਟ ਹੁੰਦੀ ਹੀ ਹੈ, ਇਸ ਦੇ ਨਾਲ ਹੀ ਸੜਕਾਂ, ਪਹਿਆਂ, ਡੰਡੀਆਂ ਆਦਿ 'ਤੇ ਆਪਣੇ ਆਪ ਉੱਗ ਕੇ ਬਣੇ ਰੁੱਖ ਵੀ ਸੜ ਕੇ ਸੁਆਹ ਹੋ ਜਾਂਦੇ ਹਨ। ਇਸ ਦੇ ਨਾਲ ਹੀ ਇਨ੍ਹਾਂ ਰੁੱਖਾਂ 'ਤੇ ਕੁਦਰਤ ਦੀ ਖ਼ੂਬਸੂਰਤ ਸਿਰਜਣਾ ਵਿੱਚ ਵਾਧਾ ਕਰਨ ਵਾਲੇ ਪੰਛੀਆਂ ਵੱਲੋਂ ਪਾਏ ਆਲ੍ਹਣੇ ਅਤੇ ਆਲ੍ਹਣਿਆਂ ਵਿੱਚ ਦਿੱਤੇ ਆਂਡੇ ਅਤੇ ਨਿੱਕੇ ਬੋਟ ਵੀ ਬਲਦੀ ਅੱਗ ਵਿੱਚ ਸੜ ਕੇ ਸੁਆਹ ਹੋ ਜਾਂਦੇ ਹਨ। ਮਨੁੱਖਾਂ ਵੱਲੋਂ ਪੰਛੀਆਂ 'ਤੇ ਕੀਤਾ ਗਿਆ ਇਹ ਸਿਤਮ ਘਿਨੌਣਾ ਜੁਰਮ ਹੈ।



ਅਸੀਂ ਸਾਰੇ ਜਾਣਦੇ ਹਾਂ ਕਿ ਜਿਉਂ ਹੀ ਬਰਸਾਤਾਂ ਆਰੰਭ ਹੁੰਦੀਆਂ ਹਨ ਤਾਂ ਸਰਕਾਰ ਦੇ ਮੰਤਰੀ, ਸੰਤਰੀ, ਵਿਧਾਇਕ, ਵੱਖ-ਵੱਖ ਅਦਾਰਿਆਂ ਦੇ ਚੇਅਰਮੈਨ, ਸਮਾਜਿਕ, ਧਾਰਮਿਕ ਅਤੇ ਸੱਭਿਆਚਾਰਕ ਅਦਾਰਿਆਂ ਦੇ ਪ੍ਰਧਾਨ, ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ, ਬੈਂਕਾਂ ਦੇ ਉੱਚ ਅਧਿਕਾਰੀ, ਸੀਨੀਅਰ ਸਿਟੀਜ਼ਨ ਸੁਸਾਇਟੀਆਂ, ਸ਼ਹਿਰਾਂ, ਕਸਬਿਆਂ, ਪਿੰਡਾਂ ਵਿਚਲੇ ਖੇਡ ਕਲੱਬਾਂ, ਯੂਥ ਕਲੱਬਾਂ, ਪਿੰਡਾਂ ਦੀਆਂ ਪੰਚਾਇਤਾਂ ਅਤੇ ਕਿਸਾਨਾਂ ਵੱਲੋਂ ਧੜਾ-ਧੜ ਨਵੇਂ ਬੂਟੇ ਲਾਉਣ ਦੀਆਂ ਖ਼ਬਰਾਂ ਦਾ ਹਰ ਤਰ੍ਹਾਂ ਦੇ ਮੀਡੀਆ ਸਾਧਨਾਂ ਰਾਹੀਂ ਬਹੁਤ ਜ਼ੋਰ ਸ਼ੋਰ ਨਾਲ ਪ੍ਰਚਾਰ ਕੀਤਾ ਜਾਂਦਾ ਹੈ ਕਿ ਜਨ-ਸਧਾਰਨ ਨੂੰ ਤਾਂ ਇੱਕ ਵਾਰੀ ਇਉਂ ਜਚਾ ਦਿੱਤਾ ਜਾਂਦਾ ਹੈ ਕਿ ਅਗਲੇ ਵਰ੍ਹੇ ਛਿਮਾਹੀ ਵਿੱਚ ਸਾਡੇ ਪੰਜਾਬ ਦੀ ਇਹ ਧਰਤੀ ਪੂਰੀ ਤਰ੍ਹਾਂ ਹਰੀ ਭਰੀ ਹੋ ਜਾਵੇਗੀ। ਅਗਲੇ ਵਰ੍ਹੇ ਜੁਲਾਈ-ਅਗਸਤ ਦੇ ਮਹੀਨਿਆਂ ਵਿੱਚ ਹੋਰ ਨਵੇਂ ਪੌਦੇ ਲਾਉਣ ਲਈ ਕੋਈ ਥਾਂ ਬਾਕੀ ਹੀ ਨਹੀਂ ਰਹੇਗੀ, ਪ੍ਰੰਤੂ ਸਵਾਲ ਤਾਂ ਇਹ ਹੈ ਕਿ ਜੇਕਰ ਨਵੇਂ ਬੂਟੇ ਲਾਉਣ ਦੀ ਦਿਸ਼ਾ ਵਿੱਚ ਇਹ ਸਭ ਕੁਝ ਅਮਲੀ ਰੂਪ ਵਿੱਚ ਕੀਤਾ ਗਿਆ ਹੁੰਦਾ ਤਾਂ ਪੰਜਾਬ ਦੀ ਇਹ ਰੰਗਲੀ ਧਰਤੀ ਕਈ ਸਾਲ ਪਹਿਲਾਂ ਸੱਚਮੁੱਚ ਹੀ ਹਰੀ ਭਰੀ ਹੋ ਜਾਣੀ ਸੀ। ਅਫ਼ਸੋਸ, ਅਜਿਹਾ ਕੁਝ ਵੀ ਨਹੀਂ ਹੋ ਸਕਿਆ।

ਇਸ ਦੀ ਵਜ੍ਹਾ ਬਿਲਕੁਲ ਸਾਫ਼ ਹੈ ਕਿ ਬਹੁਤ ਸਾਰੀਆਂ ਸੰਸਥਾਵਾਂ ਅਤੇ ਅਦਾਰਿਆਂ ਵੱਲੋਂ ਹਰ ਸਾਲ ਨਵੇਂ ਬੂਟੇ ਲਾਉਣ ਦਾ ਕੀਤਾ ਜਾ ਰਿਹਾ ਇਹ ਝੂਠਾ ਪ੍ਰਚਾਰ ਕੇਵਲ ਵਾਹਵਾ ਖੱਟਣ ਲਈ ਹੀ ਕੀਤਾ ਜਾਂਦਾ ਹੈ। ਕੁਝ ਕੁ ਵੱਡੇ ਨਿੱਜੀ ਅਦਾਰਿਆਂ ਅਤੇ ਘਰਾਣਿਆਂ ਵੱਲੋਂ ਪੰਜਾਬ ਹਰਿਆਵਲ ਲਹਿਰ, ਰੰਗਲਾ ਪੰਜਾਬ, ਹਰਿਆਲੀ ਭਰਿਆ ਪੰਜਾਬ ਆਦਿ ਦੇ ਨਾਂ ਹੇਠ ਜਨ-ਸਧਾਰਨ ਕੋਲੋਂ ਕਰੋੜਾਂ ਰੁਪਏ ਦਾਨ ਦੇ ਰੂਪ ਵਿੱਚ ਇਕੱਠੇ ਕਰਕੇ ਖ਼ੁਦ ਡਕਾਰਨ ਦਾ ਢਕਵੰਜ ਰਚਿਆ ਜਾਂਦਾ ਰਿਹਾ ਹੈ, ਜੋ ਗ਼ਲਤ ਵਰਤਾਰਾ ਹੈ। ਅਜਿਹਾ ਕਰਕੇ ਉਹ ਕੇਵਲ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਬੇੜੀ ਵਿੱਚ ਵੱਟੇ ਹੀ ਨਹੀਂ ਪਾ ਰਹੇ, ਸਗੋਂ ਆਪਣੇ ਲਈ ਵੀ ਅਜਿਹਾ ਪ੍ਰਦੂਸ਼ਿਤ ਵਾਤਾਵਰਨ ਬਣਾਉਣ ਦੇ ਰਾਹ ਪਏ ਹੋਏ ਹਨ, ਜਿਸ ਵਿੱਚ ਉਨ੍ਹਾਂ ਨੇ ਖ਼ੁਦ ਅਤੇ ਉਨ੍ਹਾਂ ਦੇ ਹੋਰ ਪਰਿਵਾਰਕ ਮੈਂਬਰਾਂ ਨੇ ਵੀ ਸਾਹ ਲੈਣਾ ਹੈ। ਆਉਣ ਵਾਲੇ ਸਮੇਂ ਵਿੱਚ ਅਜਿਹੀ ਵਿਸਫੋਟਕ ਸਥਿਤੀ ਸਾਡੇ ਸਾਰਿਆਂ ਲਈ ਬਹੁਤ ਤਬਾਹਕੁੰਨ, ਭਿਆਨਕ ਅਤੇ ਖ਼ਤਰਨਾਕ ਸਿੱਧ ਹੋਣ ਵਾਲੀ ਹੈ।

ਜੇਕਰ ਪੰਜਾਬ ਦੇ ਰਾਜਸੀ ਲੀਡਰ, ਸਰਕਾਰਾਂ, ਹੋਰ ਸਰਕਾਰੀ, ਗ਼ੈਰ-ਸਰਕਾਰੀ ਅਦਾਰੇ ਸਹੀ ਅਰਥਾਂ ਵਿੱਚ ਪੰਜਾਬ ਦੀ ਧਰਤੀ ਨੂੰ ਸੋਹਣੀ ਅਤੇ ਹਰਿਆਵਲ ਭਰਪੂਰ ਬਣਾਉਣਾ ਲੋਚਦੇ ਹਨ, ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਝ ਚੰਗਾ ਕਰਨ ਦੀ ਸੁਹਿਰਦ ਭਾਵਨਾ ਰੱਖਦੇ ਹਨ ਤਾਂ ਇਸ ਖੇਤਰ ਵਿੱਚ ਝੂਠਾ ਲੋਕ ਦਿਖਾਵਾ ਛੱਡ ਕੇ ਅਮਲੀ ਰੂਪ ਵਿੱਚ ਕੰਮ ਕਰਨ ਦੀ ਲੋੜ ਹੈ। ਇੱਕ ਜੰਗ ਲੜਨ ਦੀ ਲੋੜ ਹੈ।

ਸਕੂਲਾਂ ਅਤੇ ਕਾਲਜਾਂ ਵਿੱਚ ਲਗਾਏ ਜਾਣ ਵਾਲੇ ਹਰ ਨਵੇਂ ਬੂਟੇ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਉਸ ਸੰਸਥਾ ਵਿੱਚ ਪੜ੍ਹਦੇ ਉਨ੍ਹਾਂ ਵਿਦਿਆਰਥੀਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ, ਜਿਹੜੇ ਬੂਟਿਆਂ ਨੂੰ ਦਿਲੋਂ ਪਿਆਰ ਕਰਦੇ ਹੋਣ।

(ਬਾਕੀ ਸਫ਼ਾ 31 'ਤੇ)

# ਸਰਕਾਰੀ ਗਰੰਟੀ ਬਿਨਾਂ ਸਮਰਥਨ ਮੁੱਲ ਕਿਸਾਨਾਂ ਲਈ ਅਰਥਹੀਣ



ਡਾ. ਸ. ਸ. ਛੀਨਾ

ਐਮ. ਐਸ.ਪੀ. (ਘੱਟੋ-ਘੱਟ ਸਮਰਥਨ ਮੁੱਲ) ਓਨਾ ਚਿਰ ਅਰਥਹੀਣ ਹੈ, ਜਿੰਨਾ ਚਿਰ ਫ਼ਸਲਾਂ ਦੀ ਸਰਕਾਰੀ ਜਾਂ ਗ਼ੈਰ-ਸਰਕਾਰੀ ਖ਼ਰੀਦ ਯਕੀਨੀ ਨਹੀਂ ਹੁੰਦੀ। ਉਂਜ ਤਾਂ ਭਾਰਤ ਸਰਕਾਰ ਹਰ ਸਾਲ 23 ਫ਼ਸਲਾਂ ਦੇ ਸਮਰਥਨ ਮੁੱਲ ਦਾ ਐਲਾਨ ਕਰਦੀ ਹੈ ਪਰ ਸਰਕਾਰੀ ਤੌਰ 'ਤੇ ਖ਼ਰੀਦ ਸਿਰਫ਼ ਕਣਕ ਅਤੇ ਝੋਨੇ ਦੀ ਹੀ ਹੁੰਦੀ ਹੈ। ਉਹ ਵੀ ਸਿਰਫ਼ ਉਨ੍ਹਾਂ ਪ੍ਰਾਂਤਾਂ ਵਿੱਚ, ਜਿਨ੍ਹਾਂ ਵਿੱਚ ਇਹ ਫ਼ਸਲਾਂ ਵਾਧੂ ਪੈਦਾ ਹੁੰਦੀਆਂ ਹਨ। 1970 ਤੋਂ ਬਾਅਦ ਜਦੋਂ ਤੋਂ ਭਾਰਤ ਸਰਕਾਰ ਨੇ ਕਣਕ ਅਤੇ ਝੋਨਾ ਘੱਟੋ-ਘੱਟ ਕੀਮਤਾਂ 'ਤੇ ਖ਼ਰੀਦਣਾ ਸ਼ੁਰੂ ਕੀਤਾ ਹੈ, ਇਸ ਨਾਲ ਦੋਵਾਂ ਫ਼ਸਲਾਂ ਦੀ ਉਪਜ ਵਿੱਚ ਬਹੁਤ ਵੱਡਾ ਵਾਧਾ ਹੋਇਆ ਹੈ। ਇਹ ਸਿਰਫ਼ ਇਸ ਲਈ ਨਹੀਂ ਹੋਇਆ ਕਿ ਇਨ੍ਹਾਂ ਫ਼ਸਲਾਂ ਅਧੀਨ ਰਕਬਾ ਵਧਿਆ, ਬਲਕਿ ਇਸ ਲਈ ਵੀ ਹੋਇਆ ਕਿ ਪੰਜਾਬ, ਹਰਿਆਣਾ ਅਤੇ ਯੂ.ਪੀ. ਵਿੱਚ ਇਨ੍ਹਾਂ ਫ਼ਸਲਾਂ ਦੀ ਪ੍ਰਤੀ ਏਕੜ ਉਪਜ ਵਿੱਚ ਵੀ ਵੱਡਾ ਵਾਧਾ ਹੋਇਆ ਹੈ। ਪੰਜਾਬ ਵਿੱਚ 1970 ਵਿੱਚ ਕਣਕ ਦੀ ਪ੍ਰਤੀ ਹੈਕਟੇਅਰ ਉਪਜ 22.38 ਕੁਇੰਟਲ ਸੀ, ਜਿਹੜੀ 2020-21 ਵਿੱਚ ਵਧ ਕੇ 48.68 ਕੁਇੰਟਲ ਹੋ ਗਈ, ਜਦੋਂ ਕਿ ਭਾਰਤ ਦੀ ਪੱਧਰ 'ਤੇ ਇਸ ਹੀ ਸਮੇਂ ਵਿੱਚ ਇਹ 13.07 ਕੁਇੰਟਲ ਤੋਂ ਵਧ ਕੇ ਸਿਰਫ਼ 34.24 ਕੁਇੰਟਲ ਹੋਈ। ਦੂਸਰੇ ਪਾਸੇ ਝੋਨੇ ਦੀ ਉਪਜ ਜਿਹੜੀ 1970-71 ਵਿੱਚ ਪੰਜਾਬ ਵਿੱਚ 27.74 ਕੁਇੰਟਲ ਸੀ, ਉਹ 2020-21 ਵਿੱਚ ਵਧ ਕੇ 63.31 ਕੁਇੰਟਲ ਹੋ ਗਈ, ਜਦੋਂ ਕਿ ਭਾਰਤ ਦੀ ਪੱਧਰ 'ਤੇ ਇਸ ਹੀ ਸਮੇਂ ਵਿੱਚ ਇਹ 20.04 ਕੁਇੰਟਲ ਤੋਂ ਵਧ ਕੇ ਸਿਰਫ਼ 41.03 ਕੁਇੰਟਲ ਹੋਈ। ਪੰਜਾਬ ਲੰਮਾ ਸਮਾਂ ਭਾਰਤ ਦੇਸ਼ ਦੇ ਅਨਾਜ ਭੰਡਾਰਾਂ ਵਿੱਚ 60 ਫ਼ੀਸਦੀ ਤੱਕ ਦਾ ਹਿੱਸਾ ਪਾਉਂਦਾ ਰਿਹਾ। ਭਾਵੇਂ ਕਿ ਪੰਜਾਬ ਭਾਰਤ ਦੇ ਖੇਤਰਫ਼ਲ ਦਾ ਸਿਰਫ਼ 1.5 ਫ਼ੀਸਦੀ ਸੀ।

ਇਕੱਲਾ ਪੰਜਾਬ ਭਾਰਤ ਦੇ ਕੁਲ ਕਣਕ ਉਤਪਾਦਨ ਦਾ 16 ਫ਼ੀਸਦੀ, ਜਦੋਂ ਕਿ ਝੋਨੇ ਦਾ 11 ਫ਼ੀਸਦੀ ਪੈਦਾ ਕਰਦਾ ਹੈ, ਭਾਵੇਂ ਕਿ ਇਸ ਉਤਪਾਦਨ ਵਾਧੇ ਦੇ ਹੋਰ ਕਾਰਨ ਵੀ ਹਨ, ਜਿਵੇਂ ਟਿਊਬਵੈੱਲਾਂ ਨਾਲ ਸਿੰਚਾਈ, ਨਵੇਂ ਬੀਜ, ਕਰਜ਼ੇ ਦੀ ਸਹੂਲਤ, ਮੰਡੀ ਦੇ ਸੁਧਾਰ ਪਰ ਸਭ ਤੋਂ ਵੱਧ ਪ੍ਰਭਾਵ ਸਰਕਾਰੀ ਖ਼ਰੀਦ ਕਰਕੇ ਪਿਆ, ਨਹੀਂ ਤਾਂ ਬਾਕੀ ਦੇ ਤੱਤ ਤਾਂ ਸਾਰੇ ਹੀ ਪ੍ਰਾਂਤਾਂ ਵਿੱਚ ਸਾਂਝੇ ਸਨ ਅਤੇ ਇਹ ਹੋਰ ਫ਼ਸਲਾਂ ਲਈ ਵੀ ਉਨੇ ਹੀ ਸਨ ਪਰ ਸਿਰਫ਼ ਕਣਕ ਅਤੇ ਝੋਨੇ ਦੀ ਪ੍ਰਤੀ ਹੈਕਟੇਅਰ ਉਪਜ ਵਧਣ ਅਤੇ ਕੁਲ ਉਤਪਾਦਨ ਦੇ ਵਾਧੇ ਪਿੱਛੇ ਸਿਰਫ਼ ਇਕ ਹੀ ਕਾਰਨ, ਇਸ ਦੀ ਸਰਕਾਰੀ ਖ਼ਰੀਦ ਦੀ ਗਾਰੰਟੀ ਸੀ।

ਭਾਰਤ ਦੇ ਕਿਸਾਨ ਦਾ ਕੈਨੇਡਾ ਜਾਂ ਆਸਟ੍ਰੇਲੀਆ ਦੇ ਕਿਸਾਨ ਨਾਲ ਮੁਕਾਬਲਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੇਸ਼ਾਂ ਵਿੱਚ 1000 ਏਕੜ ਦੇ ਫ਼ਾਰਮ ਨੂੰ ਵੀ ਛੋਟਾ ਫ਼ਾਰਮ ਗਿਣਿਆ ਜਾਂਦਾ ਹੈ ਅਤੇ ਦੇਸ਼ ਦੀ ਸਿਰਫ਼ 3 ਜਾਂ 4 ਫ਼ੀਸਦੀ ਵਸੋਂ ਖੇਤੀ 'ਤੇ ਨਿਰਭਰ ਕਰਦੀ ਹੈ, ਪਰ ਭਾਰਤ ਵਿੱਚ 5 ਏਕੜ ਦੇ ਕਿਸਾਨ ਨੂੰ ਛੋਟਾ ਕਿਸਾਨ ਗਿਣਿਆ ਜਾਂਦਾ ਹੈ, ਇਥੇ 83 ਫ਼ੀਸਦੀ ਛੋਟੇ ਕਿਸਾਨ ਹਨ। ਭਾਰਤ ਵਿੱਚ ਖੇਤੀ ਖੇਤਰ ਦੇਸ਼ ਦੀ ਕੁਲ ਘਰੇਲੂ ਆਮਦਨ ਵਿੱਚ ਸਿਰਫ਼ 14 ਫ਼ੀਸਦੀ ਦਾ ਹੀ ਹਿੱਸਾ ਪਾਉਂਦਾ ਹੈ। ਭਾਵੇਂ ਕਿ ਦੇਸ਼ ਦੀ 60 ਫ਼ੀਸਦੀ ਵਸੋਂ ਅਜੇ ਵੀ ਖੇਤੀ ਖੇਤਰ 'ਤੇ ਨਿਰਭਰ ਕਰਦੀ ਹੈ। ਜਦੋਂ ਕਿ ਬਾਕੀ ਦੀ 40 ਫ਼ੀਸਦੀ ਵਸੋਂ ਦੇ ਹਿੱਸੇ ਬਾਕੀ 86 ਫ਼ੀਸਦੀ ਆਮਦਨ ਆਉਂਦੀ ਹੈ। ਖੇਤੀ ਅਤੇ ਗੈਰ-ਖੇਤੀ ਖੇਤਰ ਦੀ ਆਮਦਨ ਵਿੱਚ ਬਹੁਤ ਵੱਡਾ ਫ਼ਰਕ ਹੈ। ਇਹੋ ਵਜ੍ਹਾ ਹੈ ਕਿ ਕਿਸਾਨ ਨੂੰ ਸਾਲ ਵਿੱਚ 6000 ਰੁਪਏ ਸਹਾਇਤਾ ਦੇ ਰੂਪ ਵਿੱਚ ਦਿੱਤੇ ਜਾਂਦੇ ਹਨ। ਭਾਵੇਂ ਕਿ ਦੇਸ਼ ਵਿੱਚ ਪ੍ਰਤੀ ਵਿਅਕਤੀ ਆਮਦਨ 1.50 ਲੱਖ ਪ੍ਰਤੀ ਸਾਲ ਹੈ ਪਰ ਕਿਸਾਨ ਦੀ ਪ੍ਰਤੀ ਘਰ ਆਮਦਨ ਅਜੇ ਵੀ 12 ਹਜ਼ਾਰ ਰੁਪਏ ਮਹੀਨੇ ਤੋਂ ਘੱਟ ਹੈ, ਜਦੋਂ ਕਿ ਇਸ ਤਰ੍ਹਾਂ ਇੱਕ 5 ਮੈਂਬਰ ਵਾਲੇ ਪਰਿਵਾਰ ਦੇ ਇੱਕ ਮੈਂਬਰ ਦੀ ਪ੍ਰਤੀ ਵਿਅਕਤੀ ਆਮਦਨ 24 ਹਜ਼ਾਰ ਤੋਂ ਵੀ ਘੱਟ ਹੈ।




ਖ਼ੁਰਾਕ ਵਿੱਚ ਸਿਰਫ਼ ਝੋਨਾ ਅਤੇ ਕਣਕ ਹੀ ਨਹੀਂ ਆਉਂਦੇ, ਉਸ ਵਿੱਚ ਦਾਲਾਂ, ਸਬਜ਼ੀਆਂ, ਫ਼ਲ, ਖਾਣ ਵਾਲੇ ਤੇਲ ਵੀ ਹਰ ਪਰਿਵਾਰ ਦੀ ਲੋੜ ਹਨ। ਇਨ੍ਹਾਂ ਫ਼ਸਲਾਂ ਵਿਚੋਂ ਜ਼ਿਆਦਾਤਰ ਦੀ ਘੱਟੋ-ਘੱਟ ਕੀਮਤ ਦੀ ਘੋਸ਼ਣਾ ਤਾਂ ਕੀਤੀ ਜਾਂਦੀ ਹੈ ਪਰ ਉਨ੍ਹਾਂ ਕੀਮਤਾਂ 'ਤੇ ਖ਼ਰੀਦੀਆਂ ਨਹੀਂ ਜਾਂਦੀਆਂ। ਇਹੋ ਵਜ੍ਹਾ ਹੈ ਕਿ ਮੱਕੀ ਦੀ 1200 ਰੁਪਏ ਪ੍ਰਤੀ ਕੁਇੰਟਲ ਕੀਮਤ ਦੀ ਘੋਸ਼ਣਾ ਦੇ ਬਾਵਜੂਦ ਇਹ 800 ਰੁਪਏ ਪ੍ਰਤੀ ਕੁਇੰਟਲ ਵਿਕਦੀ ਰਹੀ ਹੈ ਅਤੇ ਇਸ ਤਰ੍ਹਾਂ ਹੀ ਹੋਰ ਫ਼ਸਲਾਂ, ਖ਼ਾਸ ਕਰਕੇ ਦਾਲਾਂ, ਸੂਰਜਮੁਖੀ ਅਤੇ ਹੋਰ ਤੇਲ ਬੀਜ ਸਮਰਥਨ ਮੁੱਲ ਤੋਂ ਘੱਟ 'ਤੇ ਵਿਕਦੇ ਰਹੇ ਹਨ। ਜਦੋਂ ਕਿ ਹਰ ਸਾਲ 1.5 ਲੱਖ ਕਰੋੜ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲਾਂ ਦੇ ਬੀਜਾਂ ਦੀ ਦਰਾਮਦ ਕੀਤੀ ਜਾਂਦੀ ਹੈ। ਜੇਕਰ ਸਮਰਥਨ ਮੁੱਲ 'ਤੇ ਦੇਸ਼ ਦੇ ਹਰ ਪ੍ਰਾਂਤ ਵਿਚੋਂ ਇਨ੍ਹਾਂ ਫ਼ਸਲਾਂ ਦੀ ਖ਼ਰੀਦ ਕੀਤੀ ਜਾਵੇ ਤਾਂ ਹੋ ਸਕਦਾ ਹੈ ਕਿ ਕੀਮਤੀ ਵਿਦੇਸ਼ੀ ਮੁਦਰਾ ਦੀ ਇਨ੍ਹਾਂ ਦੀ ਦਰਾਮਦ ਲਈ ਵਰਤੋਂ ਕਰਨ ਦੀ ਲੋੜ ਨਾ ਪਵੇ ਜਾਂ ਉਨ੍ਹਾਂ ਦੀ ਖ਼ਰੀਦ ਕਾਫ਼ੀ ਘੱਟ ਜਾਵੇ, ਜਿਹੜੀ ਕਿ ਇਸ ਵੱਡੇ ਦੇਸ਼ ਦੇ ਹਿੱਤ ਦੀ ਗੱਲ ਹੈ। ਫ਼ਿਰ ਇਨ੍ਹਾਂ ਖੇਤੀ ਵਸਤੂਆਂ ਦੀ ਦਰਾਮਦ ਕੀਮਤ ਵਿੱਚ ਵੀ ਹਰ ਸਾਲ ਵਾਧਾ ਹੋ ਰਿਹਾ ਹੈ, ਕਿਉਂਕਿ ਉਨ੍ਹਾਂ ਦੇਸ਼ਾਂ ਵਿੱਚ ਇਨ੍ਹਾਂ ਫ਼ਸਲਾਂ ਦੀ ਉਪਜ ਘਟਣ ਕਰਕੇ ਉਹ ਮਹਿੰਗੀਆਂ ਹੋ ਰਹੀਆਂ ਹਨ। ਦੂਜੇ ਪਾਸੇ ਡਾਲਰ ਅਤੇ ਯੂਰੋ ਦੀ ਕੀਮਤ ਵਧ ਰਹੀ ਹੈ, ਜਿਸ ਦਾ ਭਾਰ ਆਮ ਭਾਰਤੀ 'ਤੇ ਪੈ ਰਿਹਾ ਹੈ। ਉਂਝ ਵੀ ਤੇਲ ਬੀਜਾਂ ਅਤੇ ਦਾਲਾਂ ਦੀ ਸਰਕਾਰੀ ਖ਼ਰੀਦ ਕੋਈ ਘਾਟੇ ਵਾਲਾ ਸੌਦਾ ਨਹੀਂ ਹੈ।

ਭਾਰਤ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਵੀ ਖੇਤੀ ਵਸਤੂਆਂ ਦੀ ਦਰਾਮਦ ਲਈ ਮਜਬੂਰ ਹੈ। ਨਾ ਹੀ ਇਹ ਖੇਤੀ ਦਰਾਮਦ ਦੀ ਸਮਰੱਥਾ ਦਾ ਲਾਭ ਉਠਾ ਸਕਿਆ ਹੈ। ਸਿਰਫ਼ ਬਾਸਮਤੀ ਚੌਲਾਂ ਦੀ ਉਦਾਹਰਨ ਹੈ, ਜਿਸ ਦੀ ਵਿਦੇਸ਼ਾਂ ਵਿੱਚ ਮੰਗ ਪੂਰੀ ਨਹੀਂ ਹੁੰਦੀ ਪਰ ਦੇਸ਼ ਵਿੱਚ ਉਤਪਾਦਨ ਦੀ ਕਮੀ ਹੈ। ਕਈ ਜੜ੍ਹੀਆਂ-ਬੂਟੀਆਂ ਉੱਚੀਆਂ ਕੀਮਤਾਂ 'ਤੇ ਵਿੱਕਦੀਆਂ ਹਨ। ਪਿਛਲੇ ਸਾਲ ਜੜ੍ਹੀਆਂ-ਬੂਟੀਆਂ ਦੇ ਉਤਪਾਦਨ ਨੂੰ ਸਰਕਾਰ ਵੱਲੋਂ ਸਬਸਿਡੀ ਅਤੇ ਸਹਾਇਤਾ ਦੇਣ ਦੀ ਗੱਲ ਕੀਤੀ ਗਈ ਸੀ ਪਰ ਅਸਲੀਅਤ ਇਹ ਹੈ ਕਿ ਆਪ ਕਿਸਾਨ ਨੂੰ ਉਨ੍ਹਾਂ ਬਾਰੇ ਗਿਆਨ ਹੀ ਨਹੀਂ। ਕਿਸਾਨ ਭਾਵੇਂ ਕਿੰਨੇ ਵੀ ਆਕਾਰ ਦੇ ਫ਼ਾਰਮ ਦਾ ਮਾਲਕ ਹੋਵੇ, ਉਹ ਬਰਾਮਦ ਨਹੀਂ ਕਰ ਸਕਦਾ ਪਰ ਯਕੀਨੀ ਮੰਡੀਕਰਨ ਨਾਲ ਪੈਦਾਵਾਰ ਜ਼ਰੂਰ ਕਰ ਸਕਦਾ ਹੈ, ਜੋ ਦੇਸ਼ ਦੇ ਹਿੱਤ ਦੀ ਗੱਲ ਹੈ। ਆਸਾਨੀ ਨਾਲ ਮੱਧ ਪੂਰਬੀ ਦੇਸ਼ਾਂ ਵਿੱਚ ਹਰੀਆਂ ਸਬਜ਼ੀਆਂ ਅਤੇ ਫ਼ਲਾਂ ਦੀ ਬਰਾਮਦ ਹੋ ਸਕਦੀ ਹੈ ਪਰ ਨਹੀਂ ਹੋ ਰਹੀ, ਕਿਉਂਕਿ ਪੂਰਤੀ ਦੀ ਘਾਟ ਹੈ, ਜਿਹੜੀ ਸਮਰਥਨ ਮੁੱਲ ਨਾਲ ਜੁੜਦੀ ਹੈ। ਪੰਜਾਬ ਵਿੱਚ ਸੂਰਜਮੁਖੀ ਦੀ ਉਪਜ ਝੋਨੇ ਅਤੇ ਕਣਕ ਦੇ ਬਰਾਬਰ ਲਾਭ ਦੇ ਸਕਦੀ ਹੈ, ਜਲਵਾਯੂ ਅਤੇ ਧਰਤੀ ਅਨੁਕੂਲ ਹੈ ਪਰ ਇੱਥੇ ਵੀ ਯਕੀਨੀ ਮੰਡੀਕਰਨ ਦੀ ਘਾਟ ਹੈ।

ਪ੍ਰਾਂਤ ਦੀਆਂ ਸਰਕਾਰਾਂ, ਕੇਂਦਰੀ ਸਰਕਾਰ ਅਤੇ ਖੇਤੀ ਮਾਹਿਰ ਮੰਨਦੇ ਹਨ ਕਿ ਕਿਸਾਨ ਦੀ ਵਿੱਤੀ ਹਾਲਤ ਕਮਜ਼ੋਰ ਹੈ, ਉਸ ਦੀ ਸਹਾਇਤਾ ਹੋਣੀ ਚਾਹੀਦੀ ਹੈ। ਖੇਤੀ 'ਤੇ ਵਸੋਂ ਦਾ ਭਾਰ ਹੋਣ ਕਰਕੇ ਖੇਤੀ ਖੇਤਰ ਵਿੱਚ ਲੱਗੀ ਵਸੋਂ ਅਰਧ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੀ ਹੈ। ਇਸ ਅਰਧ ਬੇਰੁਜ਼ਗਾਰੀ ਨੂੰ ਦੂਰ ਕਰਨਾ ਹੀ ਕਿਸਾਨ ਦੀ ਵੱਡੀ ਮਦਦ ਹੋਵੇਗਾ। ਪਰਾਲੀ ਸਾੜਨ ਨਾਲੋਂ ਇਸ ਨੂੰ ਖ਼ਾਦ, ਪਸ਼ੂਆਂ ਦੀ ਖ਼ੁਰਾਕ ਤੇ ਕਾਗਜ਼ ਆਦਿ ਚੀਜ਼ਾਂ ਵਿੱਚ ਬਦਲਿਆ ਜਾ ਸਕਦਾ ਹੈ। ਤੇਲ ਬੀਜਾਂ 'ਚੋਂ ਤੇਲ ਕੱਢਣ ਲਈ ਕਾਰਖ਼ਾਨਿਆਂ ਵਿੱਚ ਉੱਦਮੀ ਇਸ ਲਈ ਪੂੰਜੀ ਨਹੀਂ ਲਾਉਂਦੇ,ਕਿਉਂਕਿ ਇਸ ਵਿੱਚ ਜ਼ੋਖ਼ਮ ਹੈ ਅਤੇ ਕੱਚੇ ਮਾਲ ਦੀ ਪੂਰਤੀ ਬਾਰੇ ਅਨਿਸਚਿਤਤਾ ਹੈ। ਇਹ ਕੱਚਾ ਮਾਲ ਵੱਖ-ਵੱਖ ਖੇਤੀ ਵਸਤੂਆਂ ਵਿਚੋਂ ਲਿਆ ਜਾਣਾ ਹੈ, ਜਿਸ ਨੂੰ ਯਕੀਨੀ ਮੰਡੀਕਰਨ ਹੀ ਪੂਰਾ ਕਰ ਸਕਦਾ ਹੈ। ਛੋਟੇ ਪੱਧਰ ਦੀ ਖੇਤੀ ਹੋਣ ਕਰਕੇ, ਕੋਈ ਫ਼ਸਲ ਕਿੰਨੀ ਵੀ ਲਾਭਦਾਇਕ ਹੋਵੇ, ਉਸ ਵਿੱਚ ਅਨਿਸਚਿਤਤਾ ਨੂੰ ਖ਼ਤਮ ਕਰਕੇ, ਘੱਟੋ-ਘੱਟ ਮੁੱਲ 'ਤੇ ਖ਼ਰੀਦ ਨੂੰ ਯਕੀਨੀ ਬਣਾਉਣ ਤੋਂ ਬਗ਼ੈਰ ਵੱਖ-ਵੱਖ ਤਰ੍ਹਾਂ ਦੇ ਖੇਤੀ ਆਧਾਰਿਤ ਉਦਯੋਗ ਨਹੀਂ ਵਧ ਸਕਦੇ, ਜਿਨ੍ਹਾਂ ਦੀ ਇਸ ਵਕਤ ਆਮਦਨ ਅਤੇ ਰੁਜ਼ਗਾਰ ਵਧਾਉਣ ਲਈ ਅਤਿ ਲੋੜ ਹੈ।

ਪਰ ਖੇਤੀ ਵਸਤੂਆਂ ਦੀ ਖ਼ਰੀਦ ਸਮਰਥਨ ਮੁੱਲਾਂ 'ਤੇ ਯਕੀਨੀ ਬਣਾਉਣ ਲਈ ਮੰਡੀਕਰਨ ਦੀ ਪ੍ਰਣਾਲੀ ਬਣਾਉਣੀ ਪਵੇਗੀ। ਭਾਰਤ ਵਿੱਚ 12 ਜਲਵਾਯੂ ਆਧਾਰਿਤ ਖੇਤੀ ਜ਼ੋਨ ਹਨ। ਹਰ ਜ਼ੋਨ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਪ੍ਰਮੁੱਖ ਫ਼ਸਲਾਂ ਬੀਜੀਆਂ ਜਾਂਦੀਆਂ ਹਨ। ਜੇ ਰਾਜਸਥਾਨ ਵਿੱਚ ਤੇਲਾਂ ਦੇ ਬੀਜ ਅਤੇ ਦਾਲਾਂ ਬੀਜੀਆਂ ਜਾਂਦੀਆਂ ਹਨ, ਬਿਹਾਰ ਅਤੇ ਯੂ.ਪੀ. ਵਿੱਚ ਗੰਨਾ, ਪੰਜਾਬ ਅਤੇ ਹਰਿਆਣਾ ਵਿੱਚ ਕਣਕ, ਅਸਾਮ ਵਿੱਚ ਚਾਹ ਆਦਿ ਦਾ ਉਤਪਾਦਨ ਹੁੰਦਾ ਹੈ। ਇਹ ਤਾਂ ਸੰਭਵ ਨਹੀਂ ਕਿ ਕੇਂਦਰ ਦੀ ਸਰਕਾਰ ਸੈਂਕੜੇ, ਹਜ਼ਾਰਾਂ ਫ਼ਸਲਾਂ ਦਾ ਯਕੀਨੀ ਮੰਡੀਕਰਨ ਕਰੇ, ਪਰ ਹਰ ਪ੍ਰਾਂਤ ਦੀਆਂ ਮੁੱਖ ਫ਼ਸਲਾਂ ਦਾ ਕੇਂਦਰ ਅਤੇ ਪ੍ਰਾਂਤ ਦੀ ਸਰਕਾਰ ਮਿਲ ਕੇ ਮੰਡੀਕਰਨ ਯਕੀਨ ਬਣਾ ਸਕਦੀਆਂ ਹਨ। ਇੱਥੋਂ ਤੱਕ ਕਿ ਪ੍ਰਾਂਤ ਵਿੱਚ ਵੀ ਵੱਖ-ਵੱਖ ਤਰ੍ਹਾਂ ਨਾਲ ਜ਼ੋਨ ਬਣ ਸਕਦੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਫ਼ਸਲਾਂ ਲਈ ਯਕੀਨੀ ਮੰਡੀਕਰਨ ਦਿੱਤਾ ਜਾ ਸਕਦਾ ਹੈ, ਪਰ ਵੱਖ-ਵੱਖ ਪ੍ਰਾਂਤਾਂ ਲਈ ਇੱਕ ਹੀ ਖੇਤੀ ਮਾਡਲ ਜਾਂ ਮੰਡੀਕਰਨ ਦੀ ਇੱਕ ਹੀ ਵਿਵਸਥਾ ਨਹੀਂ ਹੋ ਸਕਦੀ।

(ਬਾਕੀ ਸਫ਼ਾ 31 'ਤੇ)



# ਛੋਟੀਆਂ ਖ਼ੁਸ਼ੀਆਂ ਦੇ ਪਲਾਂ ਨਾਲ ਭਰਿਆ ਪਿਆ ਹੈ ਜ਼ਿੰਦਗੀ ਦਾ ਸਫ਼ਰ

ਨਰਿੰਦਰ ਪਾਲ ਸਿੰਘ ਗਿੱਲ

ਜ਼ਿੰਦਗੀ ਇੱਕ ਅਜਿਹਾ ਸਫ਼ਰ ਹੈ, ਜਿਸ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਕਈ ਵਾਰ ਅਸੀਂ ਵੱਡੀਆਂ ਪ੍ਰਾਪਤੀਆਂ, ਵੱਡੀਆਂ ਖ਼ੁਸ਼ੀਆਂ ਅਤੇ ਵੱਡੇ ਟੀਚਿਆਂ ਦੀ ਭਾਲ ਵਿੱਚ ਇੰਨੇ ਗੁਆਚ ਜਾਂਦੇ ਹਾਂ ਕਿ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਰੋਜ਼ਾਨਾ ਦੀਆਂ ਖ਼ੁਸ਼ੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਸੀਂ ਸੋਚਦੇ ਹਾਂ ਕਿ ਖ਼ੁਸ਼ੀ ਉਦੋਂ ਮਿਲੇਗੀ ਜਦੋਂ ਸਾਨੂੰ ਨੌਕਰੀ ਵਿੱਚ ਤਰੱਕੀ ਮਿਲੇਗੀ, ਜਦੋਂ ਅਸੀਂ ਵੱਡਾ ਘਰ ਖ਼ਰੀਦਾਂਗੇ ਜਾਂ ਜਦੋਂ ਸਾਡੇ ਬੱਚੇ ਸਫ਼ਲ ਹੋਣਗੇ, ਪਰ ਅਸਲੀਅਤ ਇਹ ਹੈ ਕਿ ਖ਼ੁਸ਼ੀ ਕੋਈ ਮੰਜ਼ਿਲ ਨਹੀਂ, ਸਗੋਂ ਇੱਕ ਸਫ਼ਰ ਹੈ ਅਤੇ ਇਹ ਸਫ਼ਰ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦੇ ਪਲਾਂ ਨਾਲ ਭਰਿਆ ਪਿਆ ਹੈ।

ਅੱਜ ਦੇ ਭੱਜ-ਦੌੜ ਭਰੇ ਜੀਵਨ ਵਿੱਚ ਜਿੱਥੇ ਹਰ ਕੋਈ ਕਿਸੇ ਨਾ ਕਿਸੇ ਚੀਜ਼ ਦੀ ਪ੍ਰਾਪਤੀ ਦੀ ਦੌੜ ਵਿੱਚ ਲੱਗਿਆ ਹੋਇਆ ਹੈ, ਉੱਥੇ ਮਾਨਸਿਕ ਸ਼ਾਂਤੀ ਅਤੇ ਖ਼ੁਸ਼ੀ ਲੱਭਣਾ ਔਖਾ ਹੋ ਗਿਆ ਹੈ। ਅਸੀਂ ਸਭ ਕੁਝ ਪਾਉਣ ਦੀ ਚਾਹ ਵਿੱਚ ਅਕਸਰ ਉਨ੍ਹਾਂ ਚੀਜ਼ਾਂ ਨੂੰ ਭੁੱਲ ਜਾਂਦੇ ਹਾਂ ਜੋ ਸਾਡੇ ਕੋਲ ਪਹਿਲਾਂ ਤੋਂ ਹੀ ਮੌਜੂਦ ਹਨ। ਸਵੇਰ ਦੀ ਪਹਿਲੀ ਕਿਰਨ, ਪੰਛੀਆਂ ਦਾ ਚਹਿਚਹਾਉਣਾ, ਗਰਮ ਕੱਪ ਚਾਹ, ਦੋਸਤਾਂ ਨਾਲ ਗੱਲਬਾਤ ਜਾਂ ਬੱਚਿਆਂ ਦੀ ਮੁਸਕਰਾਹਟ: ਇਹ ਸਭ ਛੋਟੀਆਂ-ਛੋਟੀਆਂ ਖ਼ੁਸ਼ੀਆਂ ਹਨ ਜੋ ਸਾਡੇ ਜੀਵਨ ਨੂੰ ਰੋਸ਼ਨ ਕਰਦੀਆਂ ਹਨ। ਜੇਕਰ ਅਸੀਂ ਇਨ੍ਹਾਂ ਛੋਟੀਆਂ ਖ਼ੁਸ਼ੀਆਂ ਨੂੰ ਪਛਾਣਨਾ ਅਤੇ ਮਾਣਨਾ ਸਿੱਖ ਲਈਏ ਤਾਂ ਸਾਡੀ ਜ਼ਿੰਦਗੀ ਹੋਰ ਵੀ ਖ਼ੂਬਸੂਰਤ ਅਤੇ ਸੰਤੋਸ਼ਜਨਕ ਬਣ ਸਕਦੀ ਹੈ।

ਛੋਟੀਆਂ ਖ਼ੁਸ਼ੀਆਂ ਨੂੰ ਅਕਸਰ ਘੱਟ ਸਮਝਿਆ ਜਾਂਦਾ ਹੈ, ਪਰ ਇਨ੍ਹਾਂ ਦਾ ਸਾਡੀ ਮਾਨਸਿਕ ਅਤੇ ਭਾਵਨਾਤਮਕ ਸਿਹਤ 'ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਜਦੋਂ ਅਸੀਂ ਛੋਟੀਆਂ ਚੀਜ਼ਾਂ ਵਿੱਚ ਖ਼ੁਸ਼ੀ ਲੱਭਦੇ ਹਾਂ, ਤਾਂ ਇਹ ਸਾਡੇ ਅੰਦਰ ਸਕਾਰਾਤਮਕਤਾ ਪੈਦਾ ਕਰਦੀ ਹੈ। ਇਹ ਸਾਨੂੰ ਜ਼ਿੰਦਗੀ ਪ੍ਰਤੀ ਸ਼ੁਕਰਗੁਜ਼ਾਰੀ ਦੀ ਭਾਵਨਾ ਪ੍ਰਦਾਨ ਕਰਦੀ ਹੈ। ਜਦੋਂ ਅਸੀਂ ਸ਼ੁਕਰਗੁਜ਼ਾਰ ਹੁੰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੀਆਂ ਚੰਗੀਆਂ ਚੀਜ਼ਾਂ ਨੂੰ ਜ਼ਿਆਦਾ ਵੇਖਦੇ ਹਾਂ ਅਤੇ ਨਕਾਰਾਤਮਕਤਾ ਤੋਂ ਦੂਰ ਰਹਿੰਦੇ ਹਾਂ। ਛੋਟੀਆਂ ਖ਼ੁਸ਼ੀਆਂ ਸਾਨੂੰ ਤਣਾਅ ਅਤੇ ਚਿੰਤਾ ਤੋਂ ਮੁਕਤ ਕਰਨ ਵਿੱਚ ਮਦਦ ਕਰਦੀਆਂ ਹਨ। ਜਦੋਂ ਅਸੀਂ ਕਿਸੇ ਛੋਟੀ ਜਿਹੀ ਖ਼ੁਸ਼ੀ ਦਾ ਅਨੁਭਵ ਕਰਦੇ ਹਾਂ, ਤਾਂ ਸਾਡਾ ਮੂਡ ਤਾਜ਼ਾ ਹੋ ਜਾਂਦਾ ਹੈ ਅਤੇ ਸਾਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਊਰਜਾ ਮਿਲਦੀ ਹੈ। ਇਸ ਤੋਂ ਇਲਾਵਾ ਛੋਟੀਆਂ ਖ਼ੁਸ਼ੀਆਂ ਸਾਨੂੰ ਵਰਤਮਾਨ ਵਿੱਚ ਜਿਊਣਾ ਸਿਖਾਉਂਦੀਆਂ ਹਨ। ਅਸੀਂ ਅਕਸਰ ਭਵਿੱਖ ਦੀਆਂ ਚਿੰਤਾਵਾਂ ਜਾਂ ਅਤੀਤ ਦੀਆਂ ਯਾਦਾਂ ਵਿੱਚ ਗੁਆਚੇ ਰਹਿੰਦੇ ਹਾਂ, ਜਿਸ ਕਾਰਨ ਅਸੀਂ ਵਰਤਮਾਨ ਪਲ ਦੀ ਸੁੰਦਰਤਾ ਨੂੰ ਗੁਆ ਦਿੰਦੇ ਹਾਂ। ਛੋਟੀਆਂ ਖ਼ੁਸ਼ੀਆਂ ਸਾਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦੀਆਂ ਹਨ ਕਿ ਜ਼ਿੰਦਗੀ ਹੁਣੇ ਅਤੇ ਇੱਥੇ ਹੈ ਅਤੇ ਸਾਨੂੰ ਇਸ ਦਾ ਪੂਰਾ ਆਨੰਦ ਲੈਣਾ ਚਾਹੀਦਾ ਹੈ। ਸੁਆਦ ਖਾਣਾ, ਚੰਗੀ ਕਿਤਾਬ ਪੜ੍ਹਨਾ, ਪਰਿਵਾਰ ਨਾਲ ਬੈਠਣਾ ਜਾਂ ਆਪਣੇ ਪਾਲਤੂ ਜਾਨਵਰ ਨਾਲ ਖੇਡਣਾ; ਇਹ ਸਾਰੇ ਪਲ ਸਾਨੂੰ ਵਰਤਮਾਨ ਵਿੱਚ ਬੰਨ੍ਹ ਕੇ ਰੱਖਦੇ ਹਨ ਅਤੇ ਸਾਨੂੰ ਅਸਲ ਖ਼ੁਸ਼ੀ ਦਾ ਅਨੁਭਵ ਕਰਵਾਉਂਦੇ ਹਨ।



ਛੋਟੀਆਂ ਖ਼ੁਸ਼ੀਆਂ ਨੂੰ ਪਛਾਣਨਾ ਅਤੇ ਮਾਣਨਾ ਇੱਕ ਕਲਾ ਹੈ ਜਿਸ ਨੂੰ ਅਭਿਆਸ ਨਾਲ ਸਿੱਖਿਆ ਜਾ ਸਕਦਾ ਹੈ। ਇੱਥੇ ਕੁਝ ਤਰੀਕੇ ਹਨ ਜੋ ਇਸ ਵਿੱਚ ਮਦਦ ਕਰ ਸਕਦੇ ਹਨ:

ਸੁਚੇਤ ਰਹੋ: ਧਿਆਨ ਨਾਲ ਸੁਚੇਤ ਰਹਿਣ ਦਾ ਅਰਥ ਹੈ ਵਰਤਮਾਨ ਪਲ ਵਿੱਚ ਪੂਰੀ ਤਰ੍ਹਾਂ ਮੌਜੂਦ ਰਹਿਣਾ। ਜਦੋਂ ਤੁਸੀਂ ਕੋਈ ਕੰਮ ਕਰ ਰਹੇ ਹੋ, ਭਾਵੇਂ ਉਹ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਪੂਰੀ ਇਕਾਗਰਤਾ ਨਾਲ ਕਰੋ। ਜੇਕਰ ਤੁਸੀਂ ਖਾਣਾ ਖਾ ਰਹੇ ਹੋ ਤਾਂ ਭੋਜਨ ਦੇ ਸੁਆਦ, ਖ਼ੁਸ਼ਬੂ ਅਤੇ ਬਣਤਰ 'ਤੇ ਧਿਆਨ ਦਿਓ।

ਸ਼ੁਕਰਗੁਜ਼ਾਰੀ ਪ੍ਰਗਟ ਕਰੋ: ਹਰ ਰੋਜ਼ ਕੁਝ ਸਮਾਂ ਕੱਢ ਕੇ ਉਨ੍ਹਾਂ ਚੀਜ਼ਾਂ ਬਾਰੇ ਸੋਚੋ ਜਿਨ੍ਹਾਂ ਲਈ ਤੁਸੀਂ ਸ਼ੁਕਰਗੁਜ਼ਾਰ ਹੋ। ਕੁਦਰਤ ਦਾ ਸ਼ੁਕਰਾਨਾ ਕਰੋ। ਸਾਡੇ ਕੋਲ ਸ਼ੁਕਰਾਨੇ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਇਹ ਇੱਕ ਸਿਹਤਮੰਦ ਸਰੀਰ ਹੋ ਸਕਦਾ ਹੈ, ਇੱਕ ਪਿਆਰਾ ਪਰਿਵਾਰ ਹੋ ਸਕਦਾ ਹੈ ਜਾਂ ਬਸ ਸਵੇਰੇ ਉੱਠ ਕੇ ਸੂਰਜ ਨੂੰ ਵੇਖਣਾ ਹੋ ਸਕਦਾ ਹੈ।

ਆਪਣੇ ਆਪ ਲਈ ਸਮਾਂ ਕੱਢੋ: ਅੱਜਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਅਸੀਂ ਅਕਸਰ ਆਪਣੇ ਆਪ ਨੂੰ ਭੁੱਲ ਜਾਂਦੇ ਹਾਂ। ਆਪਣੇ ਲਈ ਕੁਝ ਸਮਾਂ ਕੱਢੋ ਅਤੇ ਉਹ ਕੰਮ ਕਰੋ ਜੋ ਤੁਹਾਨੂੰ ਖ਼ੁਸ਼ੀ ਦਿੰਦੇ ਹਨ। ਇਹ ਕਿਤਾਬ ਪੜ੍ਹਨਾ, ਸੰਗੀਤ ਸੁਣਨਾ, ਬਾਗਬਾਨੀ ਕਰਨਾ ਜਾਂ ਬਸ ਬਿਨਾਂ ਕੁਝ ਕੀਤੇ ਚੁੱਪਚਾਪ ਬੈਠਣਾ ਹੋ ਸਕਦਾ ਹੈ।

ਕੁਦਰਤ ਨਾਲ ਜੁੜੋ: ਕੁਦਰਤ ਸਾਨੂੰ ਅਨੰਦ ਅਤੇ ਸ਼ਾਂਤੀ ਪ੍ਰਦਾਨ ਕਰਦੀ ਹੈ। ਪਾਰਕ ਵਿੱਚ ਸੈਰ ਕਰੋ, ਬਗੀਚੇ ਵਿੱਚ ਫ਼ੁੱਲਾਂ ਨੂੰ ਵੇਖੋ ਜਾਂ ਖੇਤਾਂ 'ਚ ਫ਼ਸਲਾਂ ਤੇ ਰੁੱਖਾਂ ਦੁਆਰਾ ਹਵਾ ਨਾਲ ਮਿਲ ਕੇ ਪੈਦਾ ਕੀਤੇ ਜਾ ਰਹੇ ਮਧੁਰ ਸੰਗੀਤ ਦੀ ਆਵਾਜ਼ ਸੁਣੋ। ਕੁਦਰਤ ਨਾਲ ਜੁੜਨ ਨਾਲ ਤੁਹਾਨੂੰ ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਵੀ ਖ਼ੁਸ਼ੀ ਮਿਲੇਗੀ।ਦੂਜਿਆਂ ਦੀ ਮਦਦ ਕਰੋ: ਦੂਜਿਆਂ ਦੀ ਮਦਦ ਕਰਨਾ ਇੱਕ ਅਜਿਹੀ ਖ਼ੁਸ਼ੀ ਹੈ ਜੋ ਕਿਸੇ ਵੀ ਭੌਤਿਕ ਚੀਜ਼ ਤੋਂ ਵੱਧ ਹੈ। ਕਿਸੇ ਲੋੜਵੰਦ ਦੀ ਮਦਦ ਕਰਨਾ, ਕਿਸੇ ਨੂੰ ਮੁਸਕਰਾਹਟ ਦੇਣਾ ਜਾਂ ਕਿਸੇ ਲਈ ਛੋਟਾ ਜਿਹਾ ਕੰਮ ਕਰਨਾ, ਇਹ ਸਭ ਤੁਹਾਨੂੰ ਅੰਦਰੂਨੀ ਖ਼ੁਸ਼ੀ ਪ੍ਰਦਾਨ ਕਰਦੇ ਹਨ। ਕਿਸੇ ਦੀ ਮਦਦ ਕਰਨ ਦਾ ਕੋਈ ਵੀ ਮੌਕਾ ਨਾ ਗਵਾਓ।

ਸਕਾਰਾਤਮਕ ਲੋਕਾਂ ਨਾਲ ਸਮਾਂ ਬਿਤਾਓ: ਸਾਡੇ ਆਸ-ਪਾਸ ਦੇ ਲੋਕਾਂ ਦਾ ਸਾਡੇ ਮੂਡ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਸਕਾਰਾਤਮਕ ਅਤੇ ਖ਼ੁਸ਼ਹਾਲ ਲੋਕਾਂ ਨਾਲ ਸਮਾਂ ਬਿਤਾਓ ਜੋ ਤੁਹਾਨੂੰ ਪ੍ਰੇਰਿਤ ਕਰਦੇ ਹਨ ਅਤੇ ਤੁਹਾਨੂੰ ਚੰਗਾ ਮਹਿਸੂਸ ਕਰਵਾਉਂਦੇ ਹਨ। ਹਰ ਵਿਅਕਤੀ ਦੀ ਸ਼ਖ਼ਸੀਅਤ ਤੁਹਾਡੇ 'ਤੇ ਅਸਰ ਪਾਉਂਦੀ ਹੈ। ਉਨ੍ਹਾਂ ਲੋਕਾਂ ਤੋਂ ਦੂਰ ਰਹੋ ਜੋ ਨਕਾਰਾਤਮਕਤਾ ਫ਼ੈਲਾਉਂਦੇ ਹਨ।

ਆਓ ਕੁਝ ਅਜਿਹੀਆਂ ਛੋਟੀਆਂ ਖ਼ੁਸ਼ੀਆਂ ਬਾਰੇ ਗੱਲ ਕਰੀਏ ਜੋ ਅਸੀਂ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ; ਸਵੇਰੇ ਉੱਠ ਕੇ ਸੂਰਜ ਦੀਆਂ ਨਿੱਘੀਆਂ ਕਿਰਨਾਂ ਨੂੰ ਮਹਿਸੂਸ ਕਰਨਾ ਬਹੁਤ ਹੀ ਸੁਹਾਵਣਾ ਅਹਿਸਾਸ ਹੈ। ਇਹ ਤਾਜ਼ਗੀ ਅਤੇ ਊਰਜਾ ਪ੍ਰਦਾਨ ਕਰਦਾ ਹੈ। ਆਓ, ਅੱਜ ਤੋਂ ਹੀ ਅਸੀਂ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਨੂੰ ਪਛਾਣਨ ਅਤੇ ਉਨ੍ਹਾਂ ਦਾ ਆਨੰਦ ਲੈਣ ਦਾ ਪ੍ਰਣ ਕਰੀਏ। ਭਾਵੇਂ ਉਹ ਸਵੇਰ ਦੀ ਠੰਢੀ ਹਵਾ ਹੋਵੇ, ਇੱਕ ਚੰਗੀ ਚਾਹ ਦਾ ਕੱਪ ਹੋਵੇ ਜਾਂ ਕਿਸੇ ਪਿਆਰੇ ਨਾਲ ਛੋਟੀ ਜਿਹੀ ਗੱਲਬਾਤ ਹੋਵੇ। ਯਾਦ ਰੱਖੋ, ਖ਼ੁਸ਼ੀ ਕੋਈ ਅਜਿਹੀ ਚੀਜ਼ ਨਹੀਂ ਜੋ ਤੁਹਾਨੂੰ ਕਿਤੇ ਬਾਹਰੋਂ ਮਿਲੇਗੀ, ਇਹ ਤੁਹਾਡੇ ਅੰਦਰ ਹੀ ਹੈ, ਬਸ ਇਸ ਨੂੰ ਪਛਾਣਨ ਦੀ ਲੋੜ ਹੈ। ਜਦੋਂ ਅਸੀਂ ਛੋਟੀਆਂ ਖ਼ੁਸ਼ੀਆਂ ਨੂੰ ਮਾਣਦੇ ਹਾਂ ਤਾਂ ਵੱਡੀਆਂ ਖ਼ੁਸ਼ੀਆਂ ਆਪਣੇ ਆਪ ਹੀ ਸਾਡੇ ਰਾਹ ਵਿੱਚ ਆ ਜਾਂਦੀਆਂ ਹਨ। ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਓ, ਹਰ ਪਲ ਦਾ ਆਨੰਦ ਲਓ ਅਤੇ ਯਾਦ ਰੱਖੋ ਕਿ ਹਰ ਦਿਨ ਵਿੱਚ ਖ਼ੁਸ਼ੀ ਲੱਭਣ ਲਈ ਕੁਝ ਨਾ ਕੁਝ ਹੁੰਦਾ ਹੀ ਹੈ।



# ਇੱਕ ਬੂਟਾ ਅੰਬੀ ਦਾ . . .

ਵਰਿੰਦਰ ਸਿੰਘ ਨਿਮਾਣਾ

ਬਚਪਨ ਦੇ ਦਿਨੀਂ ਪਿੰਡ ਵਿੱਚ ਮੀਹਾਂ ਦੀ ਰੁੱਤੇ ਪੱਕਣ ਵਾਲੇ ਅੰਬਾਂ, ਜਾਮਣਾਂ ਤੇ ਅਮਰੂਦਾਂ ਵਾਲੇ ਰੁੱਖਾਂ ਦੀ ਭਰਮਾਰ ਰਿਹਾ ਕਰਦੀ ਸੀ। ਪਿੰਡ ਦੀ ਜਿਹੜੀ ਮਰਜ਼ੀ ਦਿਸ਼ਾ ਵੱਲ ਚਲੇ ਜਾਣਾ, ਹਰ ਪਾਸੇ ਵੱਖ ਵੱਖ ਮੌਸਮਾਂ ’ਚ ਕੁਦਰਤੀ ਨਿਆਮਤਾਂ ਦੇ ਇਹ ਖ਼ਜ਼ਾਨੇ ਧਰਤੀ ਮਾਂ ਦੇ ਸੀਨੇ ’ਤੇ ਉਲੱਦੇ ਹੋਏ ਘੁੱਗ ਵਸਦੀ ਜ਼ਿੰਦਗੀ ਦੀਆਂ ਬਰਕਤਾਂ ਵਧਾਉਂਦੇ ਨਜ਼ਰ ਆਇਆ ਕਰਦੇ ਸਨ। ਜੇਠ ਮਹੀਨੇ ਦੀਆਂ ਤਿੱਖੜ ਦੁਪਹਿਰਾਂ ਤੋਂ ਬਾਅਦ ਜਦੋਂ ਹਾੜ ਮਹੀਨੇ ਦੇ ਮੀਂਹ ਦਾ ਦੌਰ ਸ਼ੁਰੂ ਹੁੰਦਾ ਤਾਂ ਪਿੰਡ ਦੀਆਂ ਵੱਖ ਵੱਖ ਦਿਸ਼ਾਵਾਂ ਵਿੱਚ ਵਿਸ਼ਾਲ ਕਾਇਆ ਵਾਲੇ ਅੰਬਾਂ ਨੂੰ ਲੱਗਿਆ ਫ਼ਲ ਟਪਕਣ ਲੱਗ ਪੈਂਦਾ।


ਇਨ੍ਹਾਂ ਦਰੱਖਤਾਂ ’ਤੇ ਪੱਕ ਰਹੇ ਅੰਬਾਂ ਦੀ ਮੌਜੂਦਗੀ ਤੇ ਦਿਲ ਨੂੰ ਧੂਹ ਪਾਉਣ ਵਾਲੀ ਮਹਿਕ ਇਨ੍ਹਾਂ ਕੋਲੋਂ ਲੰਘਦੇ ਹਰ ਸ਼ਖ਼ਸ ਨੂੰ ਆਪਣੇ ਵੱਲ ਖਿੱਚਦੀ ਮਹਿਸੂਸ ਹੋਇਆ ਕਰਦੀ ਸੀ। ਇਨ੍ਹਾਂ ਖੁਸ਼ਬੋਦਾਰ ਦਰੱਖਤਾਂ ਦੁਆਲੇ ਬਚਪਨ ਦੀਆਂ ਮੌਜ ਬਹਾਰਾਂ ਮਾਣ ਰਹੇ ਤੇ ਛੋਟੀਆਂ ਛੋਟੀਆਂ ਖੇਡਾਂ ਖੇਡਦੇ ਨਿਆਣਿਆਂ ਲਈ ਇਨ੍ਹਾਂ ਰਸੀਲੇ ਤੇ ਮਹਿਕਾਂ ਛੱਡਦੇ ਫ਼ਲਾਂ ਤੱਕ ਪਹੁੰਚਣਾ ਬੜਾ ਔਖਾ ਕੰਮ ਹੁੰਦਾ ਸੀ। ਕਾਰਨ ਇਹ ਕਿ ਅੰਬਾਂ ਦੇ ਦਰੱਖਤਾਂ ’ਤੇ ਲੱਗਾ ਫ਼ਲ ਜਦੋਂ ਹੀ ਪੱਕਣ ਦੀ ਤਿਆਰੀ ਕਰਦਾ ਤਾਂ ਦਰੱਖਤਾਂ ਦੇ ਮਾਲਕਾਂ ਵੱਲੋਂ ਫ਼ਲਾਂ ਦੀ ਰਾਖੀ ਲਈ ਦਰੱਖਤਾਂ ਹੇਠ ਆਰਜ਼ੀ ਕੁੱਲੀਆਂ ਪਾ ਕੇ ਸਖ਼ਤ ਨਿਗਰਾਨੀ ਸ਼ੁਰੂ ਕਰ ਦਿੱਤੀ ਜਾਂਦੀ ਸੀ। ਸਾਡੇ ਘਰ ਦੇ ਨੇੜੇ ਪਿੰਡ ਦੇ ਚੜ੍ਹਦੇ ਪਾਸੇ ਲਾਗਲੇ ਪਿੰਡ ਦੀ ਜ਼ਮੀਨ ਵਿੱਚ ਰਾਹ ਦੇ ਕੰਢੇ ਹੀ ਦੋ ਵੱਡ ਆਕਾਰੀ ਅੰਬਾਂ ਨੂੰ ਹਰ ਸਾਲ ਭਰਵਾਂ ਫ਼ਲ ਲੱਗਿਆ ਕਰਦਾ।

ਹਾੜ ਦੇ ਅੱਧ ਤੋਂ ਬਾਅਦ ਪੱਕਣ ਵਾਲਾ ਛੱਲੀ ਵਰਗਾ ਲੰਮੂਤਰਾ ਜਿਹਾ ਅੰਬ ਬਹੁਤ ਹੀ ਸੁਆਦੀ ਤੇ ਮਹਿਕਦਾਰ ਹੁੰਦਾ ਤੇ ਦੂਜਾ ਸਾਉਣ ਬੀਤ ਜਾਣ ਤੋਂ ਬਾਅਦ ਭਾਦੋਂ ਦੇ ਮਹੀਨੇ ਜਾ ਪੱਕਦਾ, ਜਿਹਨੂੰ ਲੋਕ ਭਦਵਾੜਾ ਅੰਬ ਕਿਹਾ ਕਰਦੇ ਸਨ। ਰਾਹ ਕੋਲੋਂ ਲੰਘਣ ਵਾਲੇ ਹਰ ਸ਼ਖ਼ਸ ਨੂੰ ਦੋਹਾਂ ’ਚੋਂ ਪਹਿਲਾਂ ਪੱਕਣ ਵਾਲੇ ਛੱਲੀ ਅੰਬ ਦੇ ਸੁਆਦ ਤੇ ਪੱਕਣ ਵਾਲੇ ਸਮੇਂ ਵਾਰੇ ਪੂਰੀ ਜਾਣਕਾਰੀ ਹੁੰਦੀ ਤੇ ਬਹੁਤੇ ਬੰਦੇ ਇਸ ਦਾ ਸੁਆਦ ਮਾਣਨ ਲਈ ਮੂੰਹ ਹਨੇਰੇ ਹੀ ਇਹਦੇ ਵੱਲ ਆਪਣਾ ਦਾਅ ਲਾਉਣ ਦੀ ਕੋਸ਼ਿਸ਼ ਕਰਦੇ, ਕਿਉਂਕਿ ਦਿਨ ਚੜ੍ਹਨ ਤੱਕ ਤਾਂ ਅੰਬਾਂ ਦੀ ਰਾਖੀ ਕਰਨ ਵਾਲਾ ਮੁੰਡਾ ਇੱਥੇ ਪਹੁੰਚ ਕੇ ਕਿਸੇ ਨੂੰ ਅੰਬਾਂ ਦੇ ਨੇੜੇ ਨਹੀਂ ਸੀ ਫਟਕਣ ਦਿੰਦਾ। ਜਿੱਦਣ ਕਿਤੇ ਅੰਬਾਂ ਦਾ ਰਾਖਾ ਮੁੰਡਾ ਘਰੋਂ ਆਉਣ ਵਿੱਚ ਕੁਝ ਦੇਰ ਕਰ ਦਿੰਦਾ ਤਾਂ ਰਾਹੇ ਕੰਢੇ ਪੈਂਦੇ ਅੰਬਾਂ ਦੇ ਦਰੱਖਤਾਂ ਤੋਂ ਅੰਬਾ ਦੇ ਸ਼ੌਕੀਨ ਰਾਤ ਦੇ ਡਿੱਗੇ ਅੰਬ ਮੂੰਹ ਹਨੇਰੇ ਹੀ ਚੋਰੀ ਚੁੱਕ ਦਰੱਖਤ ਦਾ ਥੱਲਾ ਸਾਫ਼ ਕਰ ਦਿੰਦੇ, ਜਿਸ ਕਰਕੇ ਅੰਬਾਂ ਦੀ ਰਾਖੀ ਕਰਨ ਵਾਲੇ ਮੁੰਡੇ ਦਾ ਅੜਬ ਪਿਓ ਫ਼ਲਾਂ ਦੀ ਰਾਖੀ ਨਾ ਕਰ ਸਕਣ ਕਰਕੇ ਉਸ ਦੀ ਚੰਗੀ ਛਾਮਤ ਲਿਆਉਂਦਾ।

ਹਾਲਾਂਕਿ ਅੰਬਾਂ ਦੀ ਰਾਖੀ ਕਰਨ ਵਾਲਾ ਮੁੰਡਾ ਸਾਡੇ ਸਕੂਲ ਹੀ ਪੜ੍ਹਦਾ ਹੋਣ ਕਰਕੇ ਸਾਡਾ ਵੀ ਚੰਗਾ ਵਾਕਿਫ ਹੁੰਦਾ, ਪਰ ਆਪਣੇ ਬੂਟਿਆਂ ਤੋਂ ਪੱਕੇ ਅੰਬ ਚੁਪਾਉਣ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਕੋਰਾ ਤੇ ਬੇਲਿਹਾਜ਼ੀ ਦਿਖਾਇਆ ਕਰਦਾ। ਜੇ ਕਿੱਧਰੇ ਅੰਬਾਂ ਨੂੰ ਦਾਅ ਲਾਉਣ ਲਈ ਅਸੀਂ ਦੋ ਤਿੰਨ ਜਣੇ ਉਸ ਨੂੰ ਗੱਲਾਂ ਵਿੱਚ ਫਸਾਉਣ ਜਾਂ ਕਿਸੇ ਖੇਡ ਵਿੱਚ ਉਲਝਾਉਣ ਦੀ ਕੋਸ਼ਿਸ਼ ਵੀ ਕਰਦੇ ਤਾਂ ਉਹ ਮੰਡਾ ਆਪਣੇ ਕੰਮ ਵਿੱਚ ਮੁਸ਼ਤੈਦੀ ਦਿਖਾਉਂਦਿਆਂ ਆਪਣੇ ਅੜਬ ਪਿਓ ਨੂੰ ਸਾਡੀ ਸ਼ਿਕਾਇਤ ਲਾ ਕੇ ਛਿੱਤਰ ਪਰੇਡ ਕਰਾਉਣ ਦੀ ਧਮਕੀ ਦਿੰਦਾ ਰਹਿੰਦਾ ਤੇ ਅੰਬ ਚੂਪਣ ਦੀਆਂ ਸਾਡੀਆਂ ਸਾਰੀਆਂ ਸਕੀਮਾਂ ’ਤੇ ਪਾਣੀ ਫੇਰਦਿਆਂ ਕਹਿੰਦਾ, “ਭਾਪਾ ਕਹਿੰਦਾ ਸੀ ਅੰਬ ਉਤੋਂ ਨਹੀਂ ਲਾਹੁਣੇ, ਜੇ ਕੋਈ ਜ਼ਬਰਦਸਤੀ ਕਰੂ ਤਾਂ ਮੈਨੂੰ ਦੱਸਣਾ, ਮੈਂ ਬਣਾਊਂ ਉਨ੍ਹਾਂ ਨੂੰ ਬੰਦੇ ਦੇ ਪੁੱਤ।” ਇਸ ਤਰ੍ਹਾਂ ਹਰ ਸਾਲ ਮੀਹਾਂ ਦੀ ਰੁੱਤੇ ਘਰ ਦੇ ਨੇੜੇ ਹੀ ਮਹਿਕਦੀਆਂ ਇਨ੍ਹਾਂ ਕੁਦਰਤੀ ਦਾਤਾਂ ਨੂੰ ਮਾਣਨ ਲਈ ਮਨ ਹਮੇਸ਼ਾਂ ਤਾਂਘਦਾ ਰਹਿੰਦਾ ਅਤੇ ਦਾਅ ਲੱਗਦਿਆਂ ਹੀ ਇਨ੍ਹਾਂ ਨੂੰ ਹਾਸਲ ਕਰਕੇ ਜ਼ਿੰਦਗੀ ਦੀ ਵੱਡੀ ਖ਼ੁਸ਼ੀ ਮਿਲ ਗਈ ਸਮਝਿਆ ਕਰਦਾ ਸੀ। ਇਸ ਤਰ੍ਹਾਂ ਹੀ ਸਕੂਲ ਵਾਲੇ ਰਾਹ ’ਤੇ ਆਪਣੇ ਹੀ ਨੇੜਲੇ ਰਿਸ਼ਤੇਦਾਰਾਂ ਦੇ ਖੇਤਾਂ ’ਚ ਰਾਹ ਦੇ ਨਾਲ ਨਾਲ 6-7 ਅੰਬਾਂ ਦੇ ਬੂਟਿਆਂ ਦੀ ਲੰਮੀ ਪਾਲ ਦੇ ਅੰਬ ਜਦੋਂ ਪੱਕਣੇ ਸ਼ੁਰੂ ਹੋ ਜਾਂਦੇ ਤਾਂ ਇਨ੍ਹਾਂ ਫ਼ਲਾਂ ਦਾ ਖੁਸ਼ਬੋਦਾਰ ਸੁਆਦ ਮਾਣਨ ਲਈ ਮਨ ਵਿੱਚ ਕਈ ਤਰਕੀਬਾਂ ਬਣਦੀਆਂ ਰਹਿੰਦੀਆਂ ਸਨ। ਭਾਵੇਂ ਇਨ੍ਹਾਂ ਕੁਦਰਤੀ ਸੌਗਾਤਾਂ ਦੇ ਮਾਲਕ ਤਾਂ ਆਪਣੇ ਰਿਸ਼ਤੇਦਾਰ ਹੀ ਹੁੰਦੇ ਸਨ, ਪਰ ਪਿੰਡ ਦੇ ਬਾਕੀ ਨਿਆਣਿਆਂ ਵਾਂਗ ਇਨ੍ਹਾਂ ਪੱਕਦੇ ਫ਼ਲਾਂ ਦੇ ਸੁਆਦ ਨੂੰ ਮਾਣਨ ਦੀ ਕਦੇ ਖੁੱਲ੍ਹ ਨਹੀਂ ਸੀ ਮਿਲੀ।

ਸਕੂਲ ਵਾਲੀ ਦਿਸ਼ਾ ਵਿੱਚ ਹੀ ਆਬਾਦੀ ਤੋਂ ਦੂਰ ਬੋਹੜ ਦੇ ਦਰੱਖਤ ਵਾਂਗ ਆਪਣੀਆਂ ਵੱਡੀਆਂ ਤੇ ਉੱਚੀਆਂ ਟਾਹਣੀਆਂ ਨਾਲ ਕੂਹਣੀ ਭਾਰ ਧਰਤੀ ਨੂੰ ਜਾ ਲੱਗੇ ‘ਕਲਮੀ ਅੰਬ’ ਦੇ ਸੁਆਦ ਤੇ ਖ਼ੁਸ਼ਬੋ ਦੀਆਂ ਗੱਲਾਂ ਵੀ ਦੂਰ ਦੂਰ ਤੱਕ ਫੈਲੀਆਂ ਹੋਈਆਂ ਸਨ।

ਪਿੰਡ ਦੇ ਲਹਿੰਦੇ ਪਾਸੇ ਪੈਂਦੇ ਸੰਤਾਂ ਦੇ ਡੇਰੇ ਵਿੱਚ ਅੰਬਾਂ ਵਾਲੇ ਝੰਡ ਦੇ ਅੰਬ ਜਦੋਂ ਪੱਕਣ ਲੱਗਦੇ ਤਾਂ ਪਿੰਡ ਦੇ ਬਹੁਤ ਸਾਰੇ ਬੰਦਿਆਂ ਤੇ ਨਿਆਣਿਆਂ ਦੇ ਗੇੜੇ ਇਸ ਪਾਸੇ ਵਧਣੇ ਸ਼ੁਰੂ ਹੋ ਜਾਂਦੇ। ਡੇਰੇ ਵਿੱਚ ਰਹਿੰਦੇ ਸੰਤਾਂ ਤੇ ਸਾਧੂਆਂ ਦੀ ਨਿਆਣਿਆਂ ਨਾਲ ਬਹੁਤੀ ਜਾਣ ਪਛਾਣ ਨਾ ਹੋਣ ਕਰਕੇ ਬਹੁਤੇ ਨਿਆਣੇ ਡੇਰੇ ਦੇ ਅੰਦਰ ਜਾਣ ਤੋਂ ਝਿਜਕਦੇ ਤੇ ਡਰਦੇ ਰਹਿੰਦੇ ਸਨ। ਕਿਸੇ ਇੱਕ ਅੱਧੇ ਸਾਥੀ ਦੀ ਬੇਨਤੀ ’ਤੇ ਜੇਕਰ ਡੇਰੇ ਅੰਦਰ ਚੁੱਪਚਾਪ ਤੇ ਕੋਈ ਸ਼ਰਾਰਤ ਨਾ ਕਰਨ ਦੀ ਸ਼ਰਤ ’ਤੇ ਦਰੱਖਤਾਂ ਥੱਲਿਓਂ ਸੰਤਾਂ ਕੋਲੋਂ ਪੱਕੇ ਅੰਬ ਚੁੱਕਣ ਦੀ ਆਗਿਆ ਮਿਲ ਜਾਣੀ ਤਾਂ ਨਿਆਣੇ ਮੂੰਹਾਂ ’ਤੇ ਉਂਗਲ ਰੱਖ, ਦੱਬੇ ਦੱਬੇ ਪੈਰੀਂ ਬਿਨਾਂ ਕੋਈ ਖੜਾਕ ਕੀਤਿਆਂ ਪੱਕੇ ਪੱਕੇ ਅੰਬ ਆਪਣੇ ਭਾਂਡਿਆਂ ਵਿੱਚ ਪਾ ਕੇ ਪਿੰਡ ਵੱਲ ਨੂੰ ਇਸ ਤਰ੍ਹਾਂ ਦੌੜਦੇ ਜਿਵੇਂ ਕੋਈ ਬਹੁਤ ਵੱਡਾ ਖ਼ਜ਼ਾਨਾ ਲੱਭ ਲਿਆਏ ਹੋਣ। ਇਸ ਤਰ੍ਹਾਂ ਪੇਂਡੂ ਰਹਿਤਲ ਦੀਆਂ ਨਿਆਮਤਾਂ ਮਾਣਨ ਤੋਂ ਬਾਅਦ ਜ਼ਿੰਦਗੀ ਜਦੋਂ ਸਕੂਲੀ ਪੜ੍ਹਾਈਆਂ ਖ਼ਤਮ ਕਰਕੇ ਕਾਲਜਾਂ ਦੀਆਂ ਚਾਰਦੀਵਾਰੀਆਂ ਵਿੱਚ ਆਪਣੇ ਸੁਪਨਿਆਂ ਦੇ ਆਲ੍ਹਣਿਆਂ ਨੂੰ ਬੁਣਨ ਲੱਗੀ ਤਾਂ ਪੜ੍ਹਾਈਆਂ ਦੇ ਨਾਲ ਘਰੇਲੂ ਜ਼ਿੰਮੇਵਾਰੀਆਂ ਦੀਆਂ ਉਲਝਣਾਂ ਵੀ ਵਧਣ ਲੱਗ ਪਈਆਂ ਸਨ।



ਪੰਜ ਕੁ ਸਾਲ ਪਹਿਲਾਂ ਘਰ ਦੇ ਵਿਹੜੇ ’ਚ ਬੀਜੀ ਅੰਬ ਦੀ ਗਿਟਕ ਤੋਂ ਤਿਆਰ ਬੂਟੇ ਨੂੰ ਪਿਉਂਦ ਕਰਾਈ ਗਈ ਸੀ, ਇਸ ਸਾਲ ਉਸ ਬੂਟੇ ’ਤੇ ਜਿਹੜੇ ਅੰਬ ਲੱਗੇ ਉਹ ਕੁਦਰਤੀ ਉਸ ਸੰਧੂਰੀ ਅੰਬ ਵਰਗੇ ਨਿਕਲੇ ਜੋ ਕਦੇ ਬਚਪਨ ਵਿੱਚ ਉੱਚੇ ਲੰਮੇਂ ਦਰੱਖਤ ’ਤੇ ਆਪਣੇ ਅਦਭੁੱਤ ਰੰਗ ਤੇ ਖੁਸ਼ਬੋ ਕਾਰਨ ਬਚਪਨ ਦੀਆਂ ਝੋਡਾਂ ਨੂੰ ਮਹਿਕਾ ਜਾਂਦਾ ਸੀ ਤੇ ਅਕਸਰ ਸਾਡੀ ਪਹੁੰਚ ਤੋਂ ਦੂਰ ਹੁੰਦਾ ਸੀ। ਘਰ ਵਾਲੇ ਰਾਹ ਤੋਂ ਲੰਘਣ ਵਾਲੇ ਹਰ ਕਿਸੇ ਨੂੰ ਸੈਨਤ ਮਾਰ ਰਹੇ ਇਸ ਸੰਧੂਰੀ ਅੰਬ ਦੀ ਕਿਸਮ ਤੇ ਖੂਬਸੂਰਤੀ ਨੂੰ ਦੇਖ ਕੇ ਖ਼ੁਸ਼ ਹੋ ਜਾਂਦੇ ਹਨ। ਕੁਦਰਤ ਨੂੰ ਨੀਝ ਨਾਲ ਤੱਕਣ ਤੇ ਕੁਦਰਤ ਦੀਆਂ ਬੇਹਿਸਾਬ ਮੌਸਮੀ ਰਹਿਮਤਾਂ ਨਾਲ ਮੋਹ ਰੱਖਣ ਦਾ ਹੀ ਅਸਰ ਇਹ ਹੋਇਆ ਹੈ ਕਿ ਬਚਪਨ ਦੇ ਦੌਰ ਦੀ ਉਹ ਮਹਿਕ ਜੋ ਵਕਤ ਦੀਆਂ ਪੈੜਾਂ ’ਚ ਕਿਧਰੇ ਗੁਆਚ ਗਈ ਸੀ, ਘਰ ਦੇ ਵਿਹੜੇ ’ਚ ਹੀ ‘ਸੰਧੂਰੀ ਅੰਬ’ ਦੀ ਖੁਸ਼ਬੋ ਬਣ ਕੇ ਜ਼ਿੰਦਗੀ ਦੇ ਕਈ ਉਦਰੇਵਿਆਂ ਦੀ ਦਵਾ ਬਣਦੀ ਮਹਿਸੂਸ ਹੋਣ ਲੱਗ ਪਈ ਹੈ।



# ਸ਼ਹੀਦ ਭਾਈ ਮਨੀ ਸਿੰਘ ਦੀ ਸ਼ਹਾਦਤ

**ਸੁਖਵਿੰਦਰ ਸਿੰਘ ਮੁੱਲਾਂਪੁਰ**

ਭਾਈ ਮਨੀ ਸਿੰਘ ਜੀ ਦਾ ਜਨਮ 10 ਜੁਲਾਈ 1644 ਈ ਨੂੰ ਅਲੀਪੁਰ ਜ਼ਿਲ੍ਹੇ ਦੇ ਮੁਜ਼ੱਫਰਗੜ੍ਹ (ਪਾਕਿਸਤਾਨ) ਵਿੱਚ ਭਾਈ ਮਾਈ ਦਾਸ ਅਤੇ ਬੀਬੀ ਮਦਰੀ ਬਾਈ ਦੇ ਘਰ ਹੋਇਆ।ਉਨ੍ਹਾਂ ਦਾ ਵਿਆਹ 1659 ਈ. ਨੂੰ ਭਾਈ ਲੱਖੀ ਸ਼ਾਹ ਵਣਜਾਰਾ ਦੀ ਪੁੱਤਰੀ ਨਾਲ ਹੋਇਆ।

1657 ਈ. ਨੂੰ ਭਾਈ ਮਨੀ ਸਿੰਘ ਆਪਣੇ ਪਿਤਾ ਨਾਲ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨਾਂ ਲਈ ਕੀਰਤਪੁਰ ਸਾਹਿਬ ਆਏ।ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਉਹ ਉੱਥੇ ਹੀ ਗੁਰੂ ਹਰਕ੍ਰਿਸ਼ਨ ਜੀ ਦੀ ਸੇਵਾ 'ਚ ਜੁੱਟ ਗਏ।ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਦਿੱਲੀ 'ਚ ਜੋਤੀ ਜੋਤ ਸਮਾਉਣ ਤੋਂ ਬਾਅਦ ਉਹ ਗੁਰੂ ਤੇਗ ਬਹਾਦਰ ਦੀ ਸੇਵਾ ਲਈ ਬਾਬੇ ਬਕਾਲੇ ਆ ਗਏ।

ਭਾਈ ਮਨੀ ਸਿੰਘ ਦੇ ਦਾਦਾ ਜੀ ਭਾਈ ਬਲੂ ਰਾਏ, ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਫ਼ੌਜ ਦੇ ਜਰਨੈਲ ਰਹੇ ਅਤੇ ਮੁਗਲਾਂ ਨਾਲ ਜੰਗ ਲੜਦੇ ਹੋਏ 1628 ਈ ਨੂੰ ਅੰਮ੍ਰਿਤਸਰ ਵਿੱਚ ਸ਼ਹੀਦੀ ਪਾ ਗਏ। ਭਾਈ ਮਨੀ ਸਿੰਘ ਹੁਣੀਂ 12 ਭਰਾ ਸਨ।ਇਨ੍ਹਾਂ ਵਿਚੋਂ 11 ਸ਼ਹੀਦ ਹੋਏ।



ਭਾਈ ਮਨੀ ਸਿੰਘ ਦੇ ਦੱਸ ਪੁੱਤਰਾਂ 'ਚੋਂ ਸੱਤ ਪੁੱਤਰਾਂ ਅਤੇ ਦੱਸ ਪੋਤਿਆਂ ਨੇ ਸ਼ਹੀਦੀ ਪ੍ਰਾਪਤ ਕੀਤੀ। ਸਰਸਾ ਨਦੀ ਦੇ ਕੰਢੇ 'ਤੇ ਭਾਈ ਸਾਹਿਬ ਦੇ ਪੁੱਤਰ ਉਦੈ ਸਿੰਘ ਨੇ ਭਾਈ ਅਜੀਤ ਸਿੰਘ ਦਾ ਬਚਾਓ ਕੀਤਾ। ਭਾਈ ਅਨਕ ਸਿੰਘ, ਭਾਈ ਅਜਬ ਸਿੰਘ, ਭਾਈ ਅਜਾਇਬ ਸਿੰਘ ਚਮਕੌਰ ਸਾਹਿਬ ਦੀ ਜੰਗ ਵਿੱਚ ਸ਼ਹੀਦ ਹੋਏ।

1705 ਤੋਂ 1706 ਈ ਵਿੱਚ ਗੁਰੂ ਗੋਬਿੰਦ ਸਿੰਘ ਨੇ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿੱਚ ਭਾਈ ਮਨੀ ਸਿੰਘ ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਖਵਾਈ।ਜਦੋਂ ਗੁਰੂ ਤੇਗ ਬਹਾਦਰ ਦਿੱਲੀ ਸ਼ਹੀਦੀ ਪ੍ਰਾਪਤ ਕਰਨ ਗਏ ਤਾਂ ਉਹ ਭਾਈ ਮਨੀ ਸਿੰਘ ਨੂੰ ਗੁਰੂ ਗੋਬਿੰਦ ਜੀ ਕੋਲ ਆਨੰਦਪੁਰ ਹੀ ਛੱਡ ਗਏ ਸਨ।ਮਾਤਾ ਸੁੰਦਰੀ ਦੇ ਕਹਿਣ 'ਤੇ ਉਹ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਭਾਈ ਗੁਰਦਾਸ ਜੀ ਤੋਂ ਬਾਅਦ ਤੀਸਰੇ ਹੈਡ ਗ੍ਰੰਥੀ ਥਾਪੇ ਗਏ।

ਸਰਕਾਰ ਦੇ ਕਹਿਣ 'ਤੇ ਸੂਬਾ ਜ਼ਕਰੀਆ ਖਾਂ ਨੇ ਹਰੇਕ ਧਰਮ ਉੱਤੇ ਇੰਨੀਆਂ ਪਾਬੰਦੀਆਂ ਲਗਾ ਦਿੱਤੀਆਂ ਸਨ ਕਿ ਕੋਈ ਵੀ ਧਰਮ ਆਪਣੀ ਮਰਜ਼ੀ ਨਾਲ ਕੋਈ ਰੀਤੀ ਰਿਵਾਜ਼ ਨਹੀਂ ਕਰ ਸਕਦਾ ਸੀ। ਭਾਈ ਮਨੀ ਸਿੰਘ ਨੇ ਸਿੱਖ ਸੰਗਤ ਦੇ ਸਹਿਯੋਗ ਨਾਲ ਅੰਮ੍ਰਿਤਸਰ ਵਿੱਚ ਦਿਵਾਲੀ ਮਨਾਉਣ ਦਾ ਫ਼ੈਸਲਾ ਕੀਤਾ। ਜਦ ਪ੍ਰਵਾਨਗੀ ਲਈ ਜ਼ਕਰੀਆ ਖਾਂ ਨੂੰ ਲਿਖ ਭੇਜਿਆ ਗਿਆ ਤਾਂ ਉਸ ਨੇ ਕਿਹਾ ਜੇ ਉਹ ਅੰਮ੍ਰਿਤਸਰ ਵਿੱਚ ਦਿਵਾਲੀ ਮਨਾਉਣਾ ਚਾਹੁੰਦੇ ਹਨ ਤਾਂ ਸਰਕਾਰ ਨੂੰ ਪੰਜ ਹਜ਼ਾਰ ਰੁਪਏ ਟੈਕਸ ਵਜੋਂ ਦੇਣੇ ਪੈਣਗੇ। ਭਾਈ ਮਨੀ ਸਿੰਘ ਨੇ ਟੈਕਸ ਦੇਣ ਵਾਲੀ ਗੱਲ ਮੰਨ ਲਈ। ਪਰ ਜ਼ਕਰੀਆ ਖ਼ਾਨ ਨੇ ਫ਼ੌਜ ਨੂੰ ਹੁਕਮ ਦੇ ਦਿੱਤਾ ਕਿ ਦਿਵਾਲੀ 'ਤੇ ਇਕੱਠੀ ਹੋਈ ਸੰਗਤ ਨੂੰ ਮਾਰ ਦਿੱਤਾ ਜਾਵੇ। ਜਦ ਇਹ ਖ਼ਬਰ ਭਾਈ ਮਨੀ ਸਿੰਘ ਕੋਲ ਪਹੁੰਚੀ ਤਾਂ ਤਾਂ ਉਨ੍ਹਾਂ ਅੰਮ੍ਰਿਤਸਰ ਵਿੱਚ ਦਿਵਾਲੀ ਮਨਾਉਣ ਦਾ ਫੈਸਲਾ ਰੱਦ ਕਰ ਦਿੱਤਾ। ਦੂਰ-ਦਰੇਡੇ ਤੋਂ ਤੁਰੀ ਸੰਗਤ ਨੂੰ ਰਸਤੇ ਵਿੱਚ ਹੀ ਰੋਕ ਦਿੱਤਾ ਗਿਆ। ਜੋ ਸੰਗਤ ਪਹੁੰਚ ਚੁੱਕੀ ਸੀ, ਉਨ੍ਹਾਂ 'ਚੋਂ ਕੁਝ ਵਾਪਸ ਚਲੇ ਗਏ ਤੇ ਕੁੱਝ ਫ਼ੌਜੀਆਂ ਨਾਲ ਟੱਕਰ ਲੈਂਦੇ ਸ਼ਹੀਦ ਹੋ ਗਏ।

ਜਦ ਸਰਕਾਰ ਨੇ ਭਾਈ ਮਨੀ ਸਿੰਘ ਕੋਲੋਂ ਪੰਜ ਹਜ਼ਾਰ ਰੁਪਏ ਦੀ ਮੰਗ ਕੀਤੀ ਤਾਂ ਭਾਈ ਮਨੀ ਸਿੰਘ ਨੇ ਕਿਹਾ, "ਜੇ ਦਿਵਾਲੀ ਮਨਾਈ ਹੀ ਨਹੀਂ ਤਾਂ ਟੈਕਸ ਕਿਉਂ ਦੇਈਏ।" ਇਸ ਮਗਰੋਂ ਸੂਬਾ ਜ਼ਕਰੀਆ ਖਾਂ ਦੇ ਹੁਕਮ ਨਾਲ ਭਾਈ ਮਨੀ ਸਿੰਘ ਅਤੇ ਊਨ੍ਹਾਂ ਦੇ ਸਾਥੀਆਂ ਨੂੰ ਲਾਹੌਰ ਲਿਆਂਦਾ ਗਿਆ।ਇੱਥੇ ਭਾਈ ਮਨੀ ਸਿੰਘ ਨੂੰ ਧਰਮ ਬਦਲ ਕੇ ਮੁਸਲਮਾਨ ਬਣਨ ਲਈ ਕਿਹਾ ਗਿਆ। ਪਰ ਸਿੱਖੀ ਮਰਿਆਦਾ ਵਿੱਚ ਪੂਰਨ ਗੁਰਸਿੱਖ ਨੇ ਜਬਰ ਸਹਿਣਾ ਹੀ ਕਬੂਲ ਕੀਤਾ। ਮੁਗਲ ਸਰਕਾਰ ਨੇ ਹੁਕਮ ਦਿੱਤਾ ਕਿ ਭਾਈ ਮਨੀ ਸਿੰਘ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਵੇ।

24 ਜੂਨ 1734 ਨੂੰ 90 ਸਾਲ ਦੀ ਉਮਰ ਵਿੱਚ ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਦੇ ਸਾਹਮਣੇ ਰੇਲਵੇ ਸਟੇਸ਼ਨ, ਲਾਹੌਰ ਕੋਲ ਹੈ। ਇਸ ਮਹਾਨ ਸ਼ਹੀਦ ਦੀ ਜਗ੍ਹਾ ਵੰਡ ਵੇਲੇ ਪਾਕਿਸਤਾਨ ਵਿੱਚ ਰਹਿ ਗਈ ਕਰਕੇ ਅਸੀਂ ਸੇਵਾ ਸੰਭਾਲ ਅਤੇ ਨਤਮਸਤਕ ਹੋਣ ਤੋਂ ਵਾਂਝੇ ਹੋ ਗਏ ਹਾਂ।

# ਬੰਦ-ਬੰਦ ਕਟਵਾਉਣ ਵਾਲੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ

**ਜਸਵਿੰਦਰ ਸਿੰਘ ਰੁਪਾਲ**

ਹਰ ਰੋਜ਼ ਅਰਦਾਸ ਵਿੱਚ ਜਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਵਾਹਿਗੁਰੂ ਬੋਲਿਆ ਜਾਂਦਾ ਹੈ, ਕਿੰਨੀ ਮਹਾਨ ਹੋਵੇਗੀ ਉਹ ਕੁਰਬਾਨੀ ਜਿਸ ਬਾਰੇ ਇੱਕ ਗੁਰਸਿੱਖ ਨੂੰ ਨਿਤ ਯਾਦ ਕਰਨ ਦੀ ਤਾਕੀਦ ਹੈ।ਵਾਹਿਗੁਰੂ ਜੀ ਦੇ ਜਨਮ-ਮਰਨ ਦੇ ਅਟੱਲ ਹੁਕਮ ਸਦਕਾ ਜੋ ਵੀ ਜੰਮਿਆ ਹੈ, ਉਸ ਨੇ ਮਰ ਤਾਂ ਜਾਣਾ ਹੀ ਹੈ ਪਰ ਮਰਣਾ ਪ੍ਰਵਾਨ ਉਨ੍ਹਾਂ ਦਾ ਹੀ ਹੈ ਜਿਨ੍ਹਾਂ ਨੇ ਕਿਸੇ ਖਾਸ ਉੱਚ ਉਦੇਸ਼ ਦੀ ਪ੍ਰਾਪਤੀ

ਲਈ ਆਪਣੀ ਜ਼ਿੰਦਗੀ ਵਾਰ ਦਿੱਤੀ।ਉਨ੍ਹਾਂ ਦੇ ਪਾਏ ਪੂਰਨੇ ਸਦੀਆਂ ਤੱਕ ਆਉਣ ਵਾਲੀਆਂ ਪੀੜ੍ਹੀਆਂ ਦੇ ਪ੍ਰੇਰਨਾ ਸਰੋਤ ਬਣੇ ਰਹਿਣਗੇ। ਅੱਜ ਅਜਿਹੇ ਹੀ ਸ਼ਹੀਦ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਨੂੰ ਕੁਝ ਸ਼ਬਦਾਂ ਰਾਹੀਂ ਉਨ੍ਹਾਂ ਦੇ ਕਮਾਈ ਵਾਲੇ ਜੀਵਨ ਨੂੰ ਬਿਆਨਣ ਦੀ ਕੋਸ਼ਿਸ਼ ਰਾਹੀਂ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਮੁਲਤਾਨ ਦੇ ਨੇੜੇ ਪਿੰਡ ਅਲੀਪੁਰ ਵਿਖੇ 10 ਜੁਲਾਈ 1644 ਈਸਵੀ ਨੂੰ ਪਿਤਾ ਰਾਓ ਮਾਈ ਦਾਸ ਅਤੇ ਮਾਤਾ ਮਦਰੀ ਬਾਈ ਦੀ ਕੁੱਖੋਂ ਮਨੀ ਰਾਮ ਦਾ ਜਨਮ ਹੋਇਆ।ਉਸ ਦੇ ਦਾਦਾ ਜੀ ਬਲੂ ਰਾਏ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਫ਼ੌਜ ਦੇ ਜਰਨੈਲ ਸਨ ਅਤੇ ਜੰਗ ਵਿੱਚ ਹੀ ਸ਼ਹੀਦ ਹੋਏ ਸਨ। ਮਨੀ ਰਾਮ, ਜਿਸ ਨੂੰ ਬਚਪਨ ਵਿੱਚ ਮਨੀਆ ਕਰ ਕੇ ਵੀ ਬੁਲਾਇਆ ਜਾਂਦਾ ਸੀ, ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਹੋਣ ਦਾ ਮਾਣ ਪ੍ਰਾਪਤ ਹੈ। 15 ਸਾਲ ਦੀ ਉਮਰ ਵਿੱਚ ਭਾਈ ਲੱਖੀ ਸ਼ਾਹ, (ਜਿਸ ਨੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ

ਸੰਸਕਾਰ ਕੀਤਾ ਸੀ), ਦੀ ਪੁੱਤਰੀ ਸੀਤੋ ਨਾਲ ਆਪ ਜੀ ਦਾ ਵਿਆਹ ਹੋਇਆ। 1657 ਵਿੱਚ ਆਪਣੇ ਪਿਤਾ ਜੀ ਨਾਲ ਮਨੀ ਰਾਮ ਗੁਰੂ ਹਰਿ ਰਾਇ ਜੀ ਨੂੰ ਕੀਰਤਪੁਰ ਸਾਹਿਬ ਮਿਲੇ ਸਨ। ਉਪਰੰਤ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਦਿੱਲੀ ਚਲੇ ਗਏ ਸਨ। 1614 ਈਸਵੀ ਨੂੰ ਉਹ ਗੁਰੂ ਤੇਗ ਬਹਾਦਰ ਜੀ ਨਾਲ ਬਾਬਾ ਬਕਾਲੇ ਆ ਗਏ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ (1675 ਈਸਵੀ), ਉਹ ਗੁਰੂ ਗੋਬਿੰਦ ਸਿੰਘ ਜੀ ਕੋਲ ਅਨੰਦਪੁਰ ਸਾਹਿਬ ਵਿਖੇ ਸਨ। 1699 ਈਸਵੀ ਨੂੰ ਖ਼ਾਲਸਾ ਸਾਜਨਾ ਦਿਵਸ 'ਤੇ ਹੀ ਉਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਅਤੇ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ।

ਭਾਈ ਮਨੀ ਸਿੰਘ ਜੀ ਗੁਰੂ ਜੀ ਦੇ ਦਰਬਾਰ ਵਿੱਚ ਗੁਰਮਤਿ ਸਿਧਾਂਤਾਂ ਨੂੰ ਸਿੱਖਦੇ ਹੋਏ ਤਨੋਂ ਮਨੋਂ ਸੇਵਾ ਕਰਦੇ ਹੁੰਦੇ ਸਨ। ਲੰਗਰ ਦੀ ਸੇਵਾ ਤੋਂ ਬਿਨਾਂ ਭਾਈ ਸਾਹਿਬ ਗੁਰਬਾਣੀ ਦੇ ਬਹੁਤ ਵਧੀਆ ਵਿਆਖਿਆਕਾਰ ਵੀ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪੋਥੀਆਂ ਲਿਖਣ ਦੀ ਸੇਵਾ ਵੀ ਨਿਭਾਈ ਹੈ। ਉਹ ਇੱਕ ਸਫ਼ਲ ਪ੍ਰਬੰਧਕ ਅਤੇ ਕਥਾ ਵਾਚਕ ਵੀ ਸਨ।

1691 ਈਸਵੀ ਦੀ ਵਿਸਾਖੀ ਦੇ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀ ਲਗਾਈ ਸੀ ਅਤੇ ਵਧੀਆ ਪ੍ਰਬੰਧਕ ਹੋਣ ਕਾਰਨ ਆਪ ਨੂੰ ਦੀਵਾਨ ਖਿਤਾਬ ਨਾਲ ਵੀ ਨਿਵਾਜਿਆ ਸੀ। ਆਪ ਜੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵੀ ਰਹੇ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ। ਭਾਈ ਗੁਰਦਾਸ ਜੀ ਤੋਂ ਬਾਅਦ ਬਣੇ ਜਥੇਦਾਰ ਵਜੋਂ ਆਪ ਅਕਾਲ ਤਖ਼ਤ ਸਾਹਿਬ ਦੇ ਦੂਜੇ ਸੇਵਾਦਾਰ ਸਨ। ਆਪ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਜੰਗਾਂ ਵਿੱਚ ਵੀ ਦਿੱਤਾ। 1688 ਈਸਵੀ ਵਿੱਚ ਭੰਗਾਣੀ ਦੇ ਯੁੱਧ ਵਿੱਚ ਵੀ ਆਪ ਲੜੇ ਸਨ ਜਿੱਥੇ ਆਪ ਜੀ ਦਾ ਭਰਾ ਹਰੀ ਚੰਦ ਸ਼ਹੀਦ ਹੋਇਆ ਸੀ। ਇਸੇ ਤਰਾਂ ਨਦੌਣ ਦੀ ਜੰਗ ਵਿੱਚ ਵੀ 1690 ਈਸਵੀ ਵਿੱਚ ਹਿੱਸਾ ਲਿਆ ਸੀ।

ਆਪ ਜੀ ਕਿਉਂਕਿ ਗੁਰਬਾਣੀ ਦੀ ਵਿਆਖਿਆ ਕਰਦੇ ਸਨ । ਇਸ



ਲਈ ਆਪ ਜੀ ਦੇ ਨਾਮ ਨਾਲ ਜੁੜੀਆਂ ਕੁਝ ਪੁਸਤਕਾਂ ਵੀ ਮਿਲਦੀਆਂ ਹਨ।

* ਗਿਆਨ ਰਤਨਾਵਲੀ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀਆਂ ਸਾਖੀਆਂ ਹਨ । ਇਹ ਪੁਸਤਕ ਗਿਆਨੀ ਸੂਰਤ ਸਿੰਘ ਦੀ ਲਿਖੀ ਹੋਈ ਹੈ

ਜਿਸ ਵਿੱਚ ਉਹ ਦਾਅਵਾ ਕਰਦੇ ਹਨ ਕਿ ਉਨ੍ਹਾਂ ਭਾਈ ਮਨੀ ਸਿੰਘ ਜੀ ਦੁਆਰਾ ਸੁਣਾਈਆਂ ਗਈਆਂ ਸਾਖੀਆਂ 'ਤੇ ਅਧਾਰਿਤ ਹੀ ਲਿਖੀ ਹੈ।

* ਭਗਤ ਰਤਨਾਵਲੀ ਜਿਸ ਨੂੰ ਸਿੱਖਾਂ ਦੀ ਭਗਤ ਮਾਲਾ ਵੀ ਕਿਹਾ ਜਾਂਦਾ ਹੈ। ਇਹ ਵੀ ਗਿਆਨੀ ਸੂਰਤ ਸਿੰਘ ਜੀ ਨੇ ਭਾਈ ਸਾਹਿਬ ਵੱਲੋਂ ਸੁਣਾਈਆਂ ਸਾਖੀਆਂ ਆਦਿ ਦੇ ਆਧਾਰ 'ਤੇ ਲਿਖੀ ਗਈ ਹੈ।

* ਇਸੇ ਤਰ੍ਹਾਂ ਗੁਰਬਿਲਾਸ ਪਾਤਸ਼ਾਹੀ 6 ਵੀ ਆਪ ਜੀ ਦੇ ਨਾਮ ਨਾਲ ਜੋੜੀ ਜਾਂਦੀ ਹੈ। ਅਸਲ ਵਿੱਚ ਲਿਖੀ ਇਹ ਵੀ ਨਹੀਂ ਆਪ ਜੀ ਨੇ।

ਭਾਈ ਸਾਹਿਬ ਦੀ ਸ਼ਹਾਦਤ :- ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖਾਂ ਨੂੰ ਜੱਥੇਬੰਦਕ ਸੇਧ ਅਤੇ ਅਗਵਾਈ ਦਿੱਤੀ। ਬੰਦਾ ਸਿੰਘ ਬਹਾਦਰ ਤੋਂ ਬਾਅਦ ਵੱਖ -ਵੱਖ ਸਿੱਖ ਦਲਾਂ ਨੂੰ ਇਕੱਠਿਆਂ ਕਰਨ ਦਾ ਕੰਮ ਵੀ ਆਪ ਜੀ ਨੇ ਕੀਤਾ। ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਪੈਦਾ ਹੋਇਆ ਤਕਰਾਰ ਵੀ ਆਪ ਨੇ ਪੂਰੀ ਸਿਆਣਪ ਨਾਲ ਸੁਲਝਾਇਆ।

ਹਰਿਮੰਦਰ ਸਾਹਿਬ ਵਿਖੇ ਗੁਰਪੁਰਬ ਮਨਾਉਣ 'ਤੇ ਪਾਬੰਦੀ ਲੱਗੀ ਹੋਈ ਸੀ। ਭਾਈ ਸਾਹਿਬ ਇਸ ਬੰਦੀ ਨੂੰ ਹਟਾਉਣ ਦੀ ਲਗਾਤਾਰ ਕੋਸ਼ਿਸ਼ ਕਰ ਰਹੇ ਸਨ। ਹਾਕਮ ਜ਼ਕਰੀਆ ਖਾਨ ਵੱਲੋਂ 5000 ਰੁਪਏ ਦੇਣ ਦੀ ਸ਼ਰਤ 'ਤੇ ਗੁਰਪੁਰਬ ਮਨਾਉਣ ਦੀ ਆਗਿਆ ਦੇਣ ਦੀ ਗੱਲ ਹੋਈ ਜੋ ਭਾਈ ਸਾਹਿਬ ਜੀ ਨੇ ਪ੍ਰਵਾਨ ਕਰ ਲਈ। ਦਿਵਾਲੀ 'ਤੇ ਅੰਮ੍ਰਿਤਸਰ ਆਉਣ ਦੇ ਸੰਦੇਸ਼ ਭੇਜੇ ਗਏ। ਪਰ ਹਾਕਮ ਦਾ ਇਰਾਦਾ ਸੀ ਕਿ ਜਦੋਂ ਪੂਰਨ ਇੱਕਠ ਹੋਇਆ ਤਾਂ ਸਿੱਖਾਂ ਨੂੰ ਕਤਲ ਕਰ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਨੂੰ ਇਹ ਭਿਣਕ ਪੈਂਦਿਆਂ ਹੀ ਉਨ੍ਹਾਂ ਸਭ ਸਿੱਖਾਂ ਨੂੰ ਦੁਬਾਰਾ ਸੁਨੇਹੇ ਭੇਜੇ ਕਿ ਉਹ ਨਾ ਆਉਣ। ਦਿਵਾਲੀ ਤੇ ਸੰਗਤ ਘੱਟ ਇਕੱਠੀ ਹੋਈ। ਕੁਦਰਤੀ 5000 ਰੁਪਏ ਦਾ ਪ੍ਰਬੰਧ ਨਾ ਹੋ ਸਕਿਆ। ਭਾਈ ਸਾਹਿਬ ਨੇ ਰਕਮ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਰਕਮ ਕਿਸ ਗੱਲ ਦੀ ਜਦ ਇੱਕਠ ਹੀ ਨਹੀਂ ਹੋਇਆ। ਸੂਬਾ ਲਾਹੌਰ ਲੱਖਪਤ ਰਾਇ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ ਅਤੇ ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਇਸਲਾਮ ਵਿੱਚ ਆਉਣ ਲਈ ਕਾਫ਼ੀ ਲਾਲਚ ਦਿੱਤੇ ਗਏ ਜੋ ਉਨ੍ਹਾਂ ਠੁਕਰਾ ਦਿੱਤੇ।24-06-1734 ਈਸਵੀ ਨੂੰ ਨਖ਼ਾਸ ਚੌਕ ਲਾਹੌਰ ਵਿਖੇ ਆਪ ਜੀ ਨੂੰ ਬੰਦ ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਸ਼ਹੀਦੀ ਸਮੇਂ ਭਾਈ ਸਾਹਿਬ ਜੀ ਦੀ ਉਮਰ 90 ਸਾਲ ਦੀ ਸੀ। ਭਾਈ ਸੁਬੇਗ ਸਿੰਘ ਜੀ ਨੇ ਮਸਤੀ ਦਰਵਾਜਿਓਂ ਸ਼ਾਹੀ ਕਿਲ੍ਹੇ ਦੇ ਨੇੜੇ ਆਪ ਜੀ ਦਾ ਸੰਸਕਾਰ ਕੀਤਾ।

ਆਪ ਜੀ ਦੀ ਯਾਦ ਵਿੱਚ ਗੁਰਦਵਾਰਾ ਸ਼ਹੀਦ ਗੰਜ ਦੂਜਾ ਲਾਹੌਰ ਵਿੱਚ ਸੁਸ਼ੋਭਿਤ ਹੈ।

ਸ਼ਹੀਦਾਂ ਦਾ ਪਰਿਵਾਰ :- ਆਪ ਜੀ ਦੇ ਪਰਿਵਾਰ ਨੂੰ ਜੇ ਸ਼ਹੀਦਾਂ ਦਾ ਪਰਿਵਾਰ ਕਿਹਾ ਜਾਵੇ, ਤਾਂ ਕੋਈ ਅਤਿ ਕਥਨੀ ਨਹੀਂ ਹੋਏਗੀ।

ਆਪ ਜੀ ਕੁੱਲ 12 ਭਰਾ ਸਨ, ਜਿਨ੍ਹਾਂ ਵਿਚੋਂ ਆਪ ਸਮੇਤ 11 ਭਰਾ ਸਿੱਖੀ ਲਈ ਸ਼ਹਾਦਤ ਦਾ ਜਾਮ ਪੀਣ ਵਾਲਿਆਂ ਵਿਚੋਂ ਹਨ। ਬਾਰ੍ਹਵਾਂ ਭਰਾ ਭਾਈ ਅਮਰ ਚੰਦ ਜੀ ਬਚਪਨ ਵਿੱਚ ਹੀ ਅਕਾਲ ਚਲਾਣਾ ਕਰ ਗਏ ਸਨ। ਆਪ ਦੇ ਸ਼ਹੀਦ ਹੋਏ 11 ਭਰਾਵਾਂ ਦਾ ਵੇਰਵਾ ਇਸ ਤਰ੍ਹਾਂ ਹੈ ---

1.ਭਾਈ ਦਿਆਲਾ ਜੀ , ਦਿੱਲੀ ਵਿਖੇ ...1675 ਈਸਵੀ
2.ਭਾਈ ਹਰੀ ਚੰਦ ਜੀ, ਭੰਗਾਣੀ ਦੇ ਯੁੱਧ ਵਿੱਚ 1688 ਈਸਵੀ
3.ਭਾਈ ਸੋਹਣ ਚੰਦ ਜੀ, ਨਾਦੌਣ ਦੇ ਯੁੱਧ ਵਿੱਚ 1691 ਈਸਵੀ
4.ਭਾਈ ਲਹਿਣਾ ਜੀ, ਗੁਲੇਰ ਯੁੱਧ 1696 ਈਸਵੀ
5.ਭਾਈ ਦਾਨ ਸਿੰਘ ਜੀ ਚਮਕੌਰ ਦੀ ਜੰਗ ਵਿੱਚ 1704 ਈਸਵੀ
6.ਭਾਈ ਰਾਇ ਸਿੰਘ ਜੀ ਖਿਦਰਾਣੇ ਦੀ ਢਾਬ 'ਤੇ 1705 ਈਸਵੀ
7.ਭਾਈ ਮਾਨ ਸਿੰਘ ਜੀ, ਚਿਤੌੜ ਗੜ੍ਹ ਵਿਖੇ 1708 ਈਸਵੀ
8. ਭਾਈ ਜੇਠਾ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ
9. ਭਾਈ ਰੂਪ ਸਿੰਘ ਜੀ, ਆਲੋਵਾਲ ਵਿਖੇ 1711 ਈਸਵੀ
10. ਭਾਈ ਮਨੀ ਸਿੰਘ ਜੀ, ਲਾਹੌਰ ਵਿਖੇ 1734 ਈਸਵੀ
11.ਭਾਈ ਜਗਤ ਸਿੰਘ ਜੀ, ਲਾਹੌਰ ਵਿਖੇ 1734 ਈਸਵੀ

ਆਪ ਜੀ ਦੇ ਕੁੱਲ 10 ਪੁੱਤਰ ਸਨ, ਜਿਨ੍ਹਾਂ ਵਿਚੋਂ 8 ਪੁੱਤਰ ਕੌਮ ਦੇ ਲੇਖੇ ਲੱਗੇ। ਇਹ 8 ਹੇਠ ਲਿਖੇ ਹਨ--

1.ਭਾਈ ਭਗਵਾਨ ਸਿੰਘ ਜੀ, ਸਟਰਗੜ੍ਹ 1700 ਈਸਵੀ
2.ਭਾਈ ਉਦੈ ਸਿੰਘ ਜੀ ਸ਼ਾਹੀ ਟਿੱਬੀ 1704 ਈਸਵੀ
3. ਭਾਈ ਬਚਿੱਤਰ ਸਿੰਘ ਜੀ, ਕੋਟਲਾ ਨਿਹੰਗ ਖਾਂ ,1704 ਈਸਵੀ
4.ਭਾਈ ਅਨਿਕ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ
5.ਭਾਈ ਅਜਬ ਸਿੰਘ ਜੀ, ਚਮਕੌਰ ਦੀ ਜੰਗ 1704 ਈਸਵੀ
6.ਭਾਈ ਅਜਾਇਬ ਸਿੰਘ ਜੀ ਚਮਕੌਰ ਦੀ ਜੰਗ 1704 ਈਸਵੀ
7. ਭਾਈ ਚਿਤਰ ਸਿੰਘ ਜੀ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)
8.ਭਾਈ ਗੁਰਬਖਸ਼ ਸਿੰਘ ਲਾਹੌਰ ਵਿਖੇ 1734 ਈਸਵੀ (ਭਾਈ ਮਨੀ ਸਿੰਘ ਜੀ ਦੇ ਨਾਲ ਹੀ)

ਬਾਕੀ ਬਚੇ ਦੋ ਪੁੱਤਰ ਭਾਈ ਬਲਰਾਮ ਸਿੰਘ ਜੀ ਅਤੇ ਭਾਈ ਦੇਸਾ ਸਿੰਘ ਜੀ ਨੇ ਵੀ ਖ਼ਾਲਸਾ ਪੰਥ ਦੀ ਬਹੁਤ ਸੇਵਾ ਕੀਤੀ ਹੈ। ਭਾਈ ਦੇਸਾ ਸਿੰਘ ਜੀ ਓਹੀ ਹਨ ਜਿਹਨਾਂ ਰਹਿਤਨਾਮੇ ਲਿਖੇ ਹਨ।

ਸ਼ਹੀਦਾਂ ਦੇ ਇਸ ਪਰਿਵਾਰ ਦੀ ਇਸ ਅਨੂਠੀ ਸ਼ਹਾਦਤ ਅੱਗੇ ਸੀਸ ਝੁਕਾਉਂਦੇ ਹਾਂ ।

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਸ਼ਹਾਦਤ ’ਤੇ ਵਿਸ਼ੇਸ਼

# ਸ਼ਹੀਦ ਭਾਈ ਮਨੀ ਸਿੰਘ ਜੀ



ਜਦ ਤੋਂ ਪੱਛਮੀ ਦੇਸ਼ਾਂ ਦੇ ਲੋਕ ਮੁਸਲਮਾਨ ਬਣੇ, ਉਹਨਾਂ ਦਾ ਸੰਸਾਰ ਵਿੱਚ ਬੋਲ ਬਾਲਾ ਸੀ। ਉਹ ਲੁੱਟ ਮਾਰ ਕਰਨ ਤੋਂ ਇਲਾਵਾ ਹਿੰਦੂਆਂ ਤੇ ਧਾਰਮਿਕ ਹੱਲੇ ਵੀ ਕਰਨ ਲੱਗੇ। ਦੌਲਤ ਲੁੱਟ ਲੈਣੀ, ਘਰ ਘਾਟ ਸਾੜ ਦੇਣੇ, ਮੰਦਰ ਢਾਹ ਦੇਣੇ, ਮਨੁੱਖਤਾ ਦਾ ਕਤਲੇਆਮ ਕਰ ਦੇਣਾ, ਬੰਦੀ ਬਣਾ ਕੇ ਜਬਰੀ ਧਰਮ ਪ੍ਰੀਵਰਤਨ ਕਰਵਾ ਲੈਣਾ। ਸੰਨ 1000 ਈਸਵੀ ਦੇ ਕਰੀਬ ਮਹਿਮੂਦ ਗ਼ਜ਼ਨਵੀ ਅਫ਼ਗਾਨਿਸਤਾਨ ਵਿੱਚ ਉਠਿਆ। ਉਸਨੇ ਇਸੇ ਨੀਤੀ ਹੇਠ ਕੰਮ ਕੀਤਾ ਤੇ ਹਿੰਦੁਸਤਾਨ ਨੂੰ ਸਤਾਰਾਂ ਵਾਰ ਲੁੱਟਿਆ।

ਬਾਰ੍ਹਵੀਂ ਸਦੀ ਦੇ ਅੰਤ ਵਿੱਚ ਪਠਾਣ ਮੁਹੰਮਦ ਗੋਰੀ ਆਇਆ, ਉਸਨੇ ਹਿੰਦੁਸਤਾਨ ਵਿੱਚ ਮੁਸਲਮਾਨੀ ਰਾਜ ਕਾਇਮ ਕਰਨਾ ਚਾਹਿਆ। ਉਸਨੇ ਪਠਾਣਾਂ ਦੀ ਫ਼ੌਜ ਨਾਲ ਕਈ ਹਮਲੇ ਕੀਤੇ। ਦਿੱਲੀ ਦੇ ਤਖ਼ਤ ਤੇ ਪ੍ਰਿਥੀਰਾਜ ਚੌਹਾਨ ਸੀ। ਉਹ ਬੜਾ ਅਣਖੀ ਰਾਜਪੂਤ ਯੋਧਾ ਸੀ। ਉਸ ਕੋਲ ਚੰਗਾ ਰਾਜ ਪ੍ਰਬੰਧ ਸੀ, ਉਸਨੇ ਈਨ ਨਹੀਂ ਮੰਨੀ। ਮੁਹੰਮਦ ਗੋਰੀ ਨੇ ਗਿਆਰਾਂ ਹੱਲੇ ਕੀਤੇ ਪਰ ਕਾਮਯਾਬੀ ਨਾ ਮਿਲੀ।

ਕਨੌਜ ਦਾ ਰਾਜਾ ਜੈ ਚੰਦਰ ਪ੍ਰਿਥੀਰਾਜ ਦੀ ਮਾਸੀ ਦਾ ਪੁੱਤ ਸੀ। ਉਹ ਘਰੋਗੀ ਝਗੜੇ ਨਾਲ ਵੈਰੀ ਨਾਲ ਮਿਲ ਗਿਆ। ਪ੍ਰਿਥੀਰਾਜ ਲੜਾਈ ਵਿੱਚ ਮਾਰਿਆ ਗਿਆ। ਮੁਹੰਮਦ ਗੋਰੀ ਨੇ ਦਿੱਲੀ ਤਖ਼ਤ ’ਤੇ ਕਬਜ਼ਾ ਕਰਕੇ ਹੌਲੀ ਹੌਲੀ ਜੈ ਚੰਦ ਤੇ ਹੋਰਨਾਂ ਹਿੰਦੂ ਰਾਜਿਆਂ ਨੂੰ ਮਾਰ ਮੁਕਾਇਆ। ਹਿੰਦੂ ਰਾਜ ਖਤਮ ਕਰਕੇ ਮੁਸਲਿਮ ਰਾਜ ਦੀ ਨੀਂਹ ਰੱਖੀ। ਹਿੰਦੂਆਂ ਦੀ ਰਾਜਪੂਤੀ ਅਣਖ, ਬਹਾਦਰੀ ਅਤੇ ਦੇਸ਼ ਪਿਆਰ ਖਤਮ ਹੋ ਗਿਆ। ਮੁਸਲਮਾਨਾਂ ਦੀਆਂ ਵਧੀਕੀਆਂ ਅੱਤਿਆਚਾਰ ਅਤੇ ਜ਼ੁਲਮ ਤੋਂ ਭਾਰਤ ਵਾਸੀ ਬੜੇ ਦੁਖੀ ਸਨ। ਸੋਲ੍ਹਵੀਂ ਸਦੀ ਵਿੱਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ। ਗੁਰੂ ਸਾਹਿਬ ਨੇ ਵੇਖਿਆ ਕਿ ਲੋਕ ਨਿਰਬਲ, ਡਰੇ ਹੋਏ , ਬੇਅਣਖੇ ਅਤੇ ਖ਼ੁਦਗਰਜ਼ ਹੋ ਗਏ ਹਨ। ਗੁਰੂ ਸਾਹਿਬ ਜੀ ਨੇ ਪੂਰਬ ਪੱਛਮ ਵਿੱਚ ਯਾਤਰਾਵਾਂ ਕਰਕੇ ਲੋਕਾਂ ਨੂੰ ਸੱਚਾ ਸੁੱਚਾ ਜੀਵਨ ਉਪਦੇਸ਼ ਦਿੱਤਾ ਕਿ ਤੁਸੀਂ ਵਿਸ਼ੇ ਵਿਕਾਰਾਂ ਵਿੱਚ ਫਸਕੇ ਆਤਮਾ ਅਤੇ ਸਰੀਰ ਦਾ ਨਾਸ ਕਰ ਚੁੱਕੇ ਹੋ। ਸੁੱਖੀ ਜੀਵਨ ਵਾਸਤੇ ਅੰਦਰੋਂ ਬਲਵਾਨ ਹੋਣਾ ਜਰੂਰੀ ਹੈ। ਗੁਰੂ ਸਾਹਿਬ ਜੀ ਨੇ ਸੱਚ ਧਰਮ ਦਾ ਉਪਦੇਸ਼ ਘਰ ਘਰ ਪਹੁੰਚਾਇਆ। ਇਸ ਹੁਨਰ ਨੇ ਦਸ ਜਾਮਿਆ ਵਿੱਚ ਮਾਨਵਤਾ ਦੀ ਭਲਾਈ ਵਿੱਚ ਹਿੰਦੀਆਂ ਵਿੱਚ ਆਤਮ ਬਲ, ਅਣਖ, ਸੱਚਾਈ ਤੇ ਕੁਰਬਾਨੀ ਦੀ ਰੂਹ ਭਰੀ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰੂ ਖ਼ਾਲਸੇ ਨੂੰ ਜਨਮ ਦਿੱਤਾ, ਬਲਵਾਨ ਫ਼ੌਜੀ ਬਣਾਇਆ, ਬੜੇ ਨਿਸ਼ਚੇ ਨਾਲ ਦ੍ਰਿੜ ਕਰਵਾਇਆ।

ਸਵਾ ਲਾਖ ਸੇ ਏਕੇ ਲੜਾਊਂ,
ਤਬੈ ਗੋਬਿੰਦ ਸਿੰਘ ਨਾਮ ਕਹਾਊਂ

ਇਸ ਨੂੰ ਪੂਰਾ ਕਰਨ ਲਈ ਭਾਈ ਮਨੀ ਸਿੰਘ ਸ਼ਹੀਦ ਵਰਗੇ ਅਨੇਕਾਂ ਸਿੰਘ ਹੋਏ ਹਨ, ਜਿੰਨਾਂ ਨੇ ਜਾਨਾਂ ਤਲੀ ’ਤੇ ਰੱਖ ਕੇ ਬੰਦ ਬੰਦ ਕਟਾਏ, ਚਰਖੜੀਆਂ ’ਤੇ ਚੜੇ ਧਰਮ ਹੇਠ ਕੁਰਬਾਨ ਹੋਏ। ਜ਼ੁਲਮ ਦੇ ਰਾਜ ਨੂੰ ਖਤਮ ਕਰਨ ਲਈ ਭਰਪੂਰ ਯੋਗਦਾਨ ਪਾਇਆ। ਸੱਤ ਸੋ ਵਰ੍ਹੇ ਬਾਅਦ ਹਿੰਦੀਆਂ ਦਾ ਆਪਣਾ ਰਾਜ ਕਾਇਮ ਹੋਇਆ।

ਪ੍ਰਿਥੀਰਾਜ ਦੇ ਸਮੇਂ ਦੇਸ਼ ਦਾ ਪ੍ਰਬੰਧ ਛੋਟੇ ਛੋਟੇ ਰਾਜਾਂ ਵਿੱਚ ਵੰਡਿਆ ਹੋਇਆ ਸੀ। ਆਗਰੇ ਸੂਬੇ ਦਾ ਪ੍ਰਬੰਧ ਭਾਈ ਮਨੀ ਸਿੰਘ ਜੀ ਦੇ ਵਡੇਰੇ ਰਾਇਬੀਰ ਦੁਲੱਟ ਦੇ ਹੱਥ ਵਿੱਚ ਸੀ। ਉਹ ਬਹਾਦਰ ਰਾਜੂਪਤ ਮੁਹੰਮਦ ਗੌਰੀ ਦੇ ਹੱਲੇ ਵੇਲੇ ਖੂਬ ਲੜਿਆ ਪਰ ਪ੍ਰਿਥੀ ਰਾਜ ਦੇ ਮਾਰੇ ਜਾਣ ਤੋਂ ਬਾਅਦ ਰਾਇਬੀਰ ਆਪਣੇ ਪ੍ਰਵਾਰ ਸਮੇਤ ਆਗਰਾ ਛੱਡ ਯਮਨਾ ਤੇ ਸਤਲੁਜ ਦੇ ਵਿਚਕਾਰ ਜੰਗਲ ਵਿੱਚ ਡੇਰਾ ਲਗਾ ਬੈਠਾ। ਇਥੇ ਇਕ ਰਾਣੀ ਦੀ ਰਿਆਸਤ ਉਸ ਨੂੰ ਮਿਲ ਗਈ। ਬਹਾਦਰ ਦੁਲੱਟ ਰਾਜਾ ਬਣ ਬੈਠਾ। ਉਸਨੇ ਨਵੀਂ ਰਿਆਸਤ ਦਾ ਪ੍ਰਬੰਧ ਅਜਿਹੇ ਸੁੱਚਜੇ ਢੰਗ ਨਾਲ ਕੀਤਾ ਕਿ ਉਸ ਦੀ ਬਹਾਦਰੀ ਦੀਆਂ ਧੁੰਮਾਂ ਪੈ ਗਈਆਂ। ਇਸ ਦੇ ਪੁੱਤਰਾਂ ਦੀ ਵੀ ਬੜੀ ਚੜ੍ਹਤ ਸੀ। ਇਲਾਕੇ ਦੇ ਵੱਡੇ ਪ੍ਰਵਾਰਾਂ ਵਿੱਚ ਇਨ੍ਹਾਂ ਦਾ ਬੜਾ ਰਸੂਖ ਸੀ। ਕਈ ਨਵੇਂ ਪਿੰਡ ਵਸਾ ਲਏ। ਜਿਨ੍ਹਾਂ ਵਿੱਚ ਕੈਬੋਂ ਲੌਂਗੋਵਾਲ ਬੜਾ ਪ੍ਰਸਿੱਧ ਹੋਇਆ।

ਪੰਜ ਸੌ ਸਾਲ ਤਕ ਦੁਲੱਟ ਦੀ ਔਲਾਦ ਬੜੀ ਮੌਜ ਵਿੱਚ ਰਹੀ, ਫਿਰ ਰਾਜ ਖੁਸ ਗਿਆ ਅਤੇ ਜ਼ਿੰਮੀਦਾਰੇ ਦਾ ਕੰਮ ਰਹਿ ਗਿਆ। 1729 ਈ. ਨੂੰ ਨਾਦਰ ਸ਼ਾਹ ਦਿੱਲੀ ’ਤੇ ਆਣ ਚੜ੍ਹਿਆ। ਸ਼ਹਿਰ ਨੂੰ ਲੁੱਟਿਆ, ਸਾੜਿਆ ਵੱਡਾ ਕਤਲਾਮ ਕੀਤਾ। ਜਦੋਂ ਮੁੜਿਆ ਤਾਂ ਦੁਲੱਟਾਂ ਦੇ ਪਿੰਡ ਵੀ ਉਜਾੜ ਗਿਆ। ਇਹ ਫਿਰ ਜੰਗਲਾਂ ਵਿੱਚ ਜਾ ਲੁਕੇ । ਪਟਿਆਲਾ ਵਾਲੇ ਸਰਦਾਰ ਆਲਾ ਸਿੰਘ ਦਾ ਬੜਾ ਜੋਰ ਸੀ। ਉਹਨਾਂ ਇਨ੍ਹਾਂ ਨੂੰ ਥੇਹ ਵਿੱਚ ਵਸਾ ਲਿਆ। ਇਹਨਾਂ ਨੇ ਥੇਹ ਦਾ ਨਾਉਂ ਆਪਣੇ ਵਡੇਰਿਆਂ ਦੀ ਯਾਦ ਵਿੱਚ ਲੌਂਗੋਵਾਲ ਰਖਿਆ। ਇਥੇ ਹੀ ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਈ. ਵਿੱਚ ਹੋਇਆ। ਦੁਲੱਟ ਘਰਾਣਾ ਪਹਿਲਾਂ ਪੀਰ ਸਖੀ ਸਰਵਰ ਨੂੰ ਪੂਜਦਾ ਸੀ। ਜਦੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ ਪਿੰਡ ਅਕੋਈ ਪੁੱਜੇ ਤਾਂ ਗੁਰ ਦਰਸ਼ਨਾਂ ਲਈ ਦੁਲੱਟ ਸਰਦਾਰ ਵੀ ਚੋਖੀ ਸੰਗਤ ਨਾਲ ਪਹੁੰਚੇ। ਗੁਰਬਾਣੀ ਦਾ ਉਪਦੇਸ਼ ਸੁਣ ਅਜਿਹੇ ਪ੍ਰਸੰਨ ਹੋਏ ਕਿ ਪੱਕੇ ਸਿੱਖ ਬਣ ਗਏ। ਉਹਨਾਂ ਵਿਚੋਂ ਭਾਈ ਚੂਹੜ ਸਿੰਘ ਤੇ ਭਾਈ ਭੱਲਣ ਦੋਵੇਂ ਦੁੱਲਟ ਸਰਦਾਰ ਘਰ ਜਾਣਾ ਹੀ ਭੁੱਲ ਗਏ। ਭਾਈ ਭੱਲਣ ਆਪਣੇ ਪੋਤਰੇ ਕਾਲੇ ਸਮੇਤ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਰਹਿ ਪਏ। ਇਹੋ ਭਾਈ ਕਾਲਾ ਜੀ ਭਾਈ ਮਨੀ ਸਿੰਘ ਜੀ ਦੇ ਪਿਤਾ ਜੀ ਸਨ। ਭਾਈ ਭੱਲਣ ਨੇ ਗੁਰੂ ਸਾਹਿਬ ਜੀ ਦੇ ਦਿਲਬਾਗ ਘੋੜੇ ਦੀ ਸੇਵਾ ਲੈ ਲਈ। ਜਿਧਰ ਤੋੜਾ ਆਪਣੇ ਯੋਧੇ ਸਵਾਰ ਨੂੰ ਲੈ ਕੇ ਜਾਂਦਾ ਭਾਈ ਭੱਲਣ ਵੀ ਨਾਲ ਹੀ ਜਾਂਦਾ। ਇਕ ਵਾਰ ਸ਼ਿਕਾਰ ਖੇਡਦਿਆਂ ਗੁਰੂ ਸਾਹਿਬ ਜੀ ਨੂੰ 2–3 ਸ਼ੇਰਾਂ ਨਾਲ ਟਾਕਰਾ ਕਰਨਾ ਪਿਆ। ਦੋ ਸ਼ੇਰ ਤਾਂ ਗੁਰੂ ਸਾਹਿਬ ਜੀ ਨੇ ਆਪ ਮੁਕਤ ਕੀਤੇ, ਪਰ ਤੀਜਾ ਅੱਗੇ ਵਧਿਆ ਤਾਂ ਭਾਈ ਭੱਲਣ ਨੇ ਉਸ ਨੂੰ ਮਾਰ ਮੁਕਾਇਆ। ਗੁਰੂ ਜੀ ਬੜੇ ਪ੍ਰਸੰਨ ਹੋਏ। ਆਖਣ ਲੱਗੇ ਭਾਈ ਭੱਲਣ ਤੇਰੀ ਕੁਲ ਵਿੱਚ ਸਿੱਖੀ ਸਿਦਕ ਰਹੇਗਾ। ਅਜਿਹੇ ਸੂਰਮੇ ਪੈਦਾ ਹੋਣਗੇ ਜੋ ਸਿੱਖੀ ਭਰੋਸੇ ਵਾਲੇ ਹੋਣਗੇ। ਭਾਈ ਭੱਲਣ ਸਿੱਖ ਸੈਨਾ ਦਾ ਜਰਨੈਲ ਬਣ ਗਿਆ। ਕਰਤਾਰਪੁਰ ਦੀ ਜੰਗ ਵਿੱਚ ਵੈਰੀਆਂ ਦੇ ਆਹੂ ਲਾਹੁੰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਕਾਲਾ ਜੀ ਗੁਰੂ ਚਰਨਾਂ ਵਿੱਚ ਰਹਿੰਦਿਆਂ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੇ, ਨਾਮ ਜਪਦੇ, ਕੀਰਤਨ ਸੁਣਦੇ, ਲੰਗਰ ਅਤੇ ਤਬੇਲੇ ਦੀ ਸੇਵਾ ਕਰਦੇ, ਕਸਰਤ ਕਰਦੇ ਤਰਾਂ ਤਰਾਂ ਦੇ ਕਰਤੱਬ ਸਿੱਖਦੇ। ਜੁਆਨ ਹੋਏ ਤਾਂ ਰਣ ਵਿੱਚ ਜਾ ਕੇ ਵੀ ਜੌਹਰ ਵਿਖਾਏ।

ਜੰਗ ਤੋਂ ਬਾਅਦ ਅਮਨ ਹੋ ਗਿਆ ਤਾਂ ਗੁਰੂ ਸਾਹਿਬ ਜੀ ਨੇ ਭਾਈ ਕਾਲਾ ਨੂੰ ਆਪਣੇ ਨਗਰ ਜਾਣ ਦੀ ਆਗਿਆ ਦਿੱਤੀ। ਭਾਈ ਕਾਲਾ ਜੀ ਨੇ ਘਰ ਆ ਕੇ ਵਿਆਹ ਕਰ ਲਿਆ। ਆਪ ਜੀ ਦੀ ਸੁਪਤਨੀ ਦਾ ਨਾਉਂ ਦਇਆ ਕੌਰ ਸੀ। ਉਹਨਾਂ ਦਾ ਗੁਰ ਸਿੱਖੀ ਵਾਲਾ ਜੀਵਨ ਸੀ। ਦੋ ਪੁੱਤਰਾਂ ਦੀ ਬਖਸ਼ਿਸ਼ ਹੋਈ। ਜੇਠੇ ਪੁੱਤਰ ਦਾ ਨਾਉਂ ਭਾਈ ਨਗਾਹੀਆ ਅਤੇ ਛੋਟੇ ਦਾ ਮਨੀਆ, ਜੋ ਅੰਮ੍ਰਿਤ ਛੱਕ ਕੇ ਭਾਈ ਮਨੀ ਸਿੰਘ ਵਜੋਂ ਪ੍ਰਸਿੱਧ ਹੋਏ। ਭਾਈ ਸਾਹਿਬ ਜੀ ਨੇ ਜੀਵਨ ਵਿੱਚ ਗੁਰਸਿੱਖੀ ਦੇ ਗੁਣ ਅਪਨਾਏ। ਨਿਸ਼ਕਾਮ ਸੇਵਾ, ਗੁਰ ਸਤਿਕਾਰ, ਪੰਥ ਪਿਆਰ, ਅਸਚਰਜ ਵਿਦਵਤਾ, ਨੀਤੀ, ਨਿਰਮਾਣ ਬੇਅੰਤ ਘਾਲਣਾ, ਅਦੁੱਤੀ ਕੁਰਬਾਨੀ, ਵੱਡਿਆਂ ਦਾ ਸਤਿਕਾਰ, ਛੋਟਿਆਂ ਨਾਲ ਪਿਆਰ ਸਾਧੂ ਸੁਭਾਅ। ਭਾਈ ਨਗਾਹੀਆਂ ਸਿੰਘ ਅਤੇ ਭਾਈ ਮਨੀ ਸਿੰਘ ਜੀ ਨੂੰ ਗੁਰਦੁਆਰਾ ਸਾਹਿਬ ਗ੍ਰੰਥੀ ਕੋਲ ਪੜ੍ਹਨੇ ਪਾਇਆ। ਭਾਈ ਮਨੀ ਸਿੰਘ ਜੀ ਪੜ੍ਹਾਈ ਵਿੱਚ ਹੁਸ਼ਿਆਰ ਸਨ। ਕੁਝ ਪੜ੍ਹਨਾ ਲਿਖਣਾ ਸਿੱਖ ਗਏ। ਉਹਨਾਂ ਦੇ ਪਿਤਾ ਜੀ ਭਾਈ ਕਾਲਾ ਜੀ ਇੱਕ ਪੂਰਨ ਸਿੱਖ ਸਨ, ਧਰਮ ਪ੍ਰੇਮੀ ਸਨ। ਨੌਵੇਂ ਪਾਤਸ਼ਾਹ ਧਰਮ ਦੀ ਰਖਿਆ ਲਈ ਦਿੱਲੀ ਵਿੱਚ ਸ਼ਹੀਦ ਹੋ ਚੁੱਗੇ ਸਨ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਵਿੱਚ ਪਹਾੜੀ ਰਾਜਿਆਂ ਨਾਲ ਛੋਟੀਆਂ ਛੋਟੀਆਂ ਲੜਾਈਆਂ ਵਿੱਚ ਰੁੱਝੇ ਹੋਏ ਸਨ। ਲੋਕ ਵਹੀਰਾਂ ਪਾ ਕੇ ਗੁਰੂ ਸਾਹਿਬ ਜੀ ਦੀ ਮਦਦ ਲਈ ਆਨੰਦਪੁਰ ਸਾਹਿਬ ਆ ਰਹੇ ਸਨ। ਭਾਈ ਕਾਲਾ ਜੀ ਵੀ ਪ੍ਰਵਾਰ ਸਮੇਤ ਆਨੰਦਪੁਰ ਸਾਹਿਬ ਗੁਰ ਦਰਬਾਰ ਵਿੱਚ ਆਣ ਪਹੁੰਚੇ। ਦੀਵਾਨ ਵਿੱਚ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਦੀਵਾਨ ਦੀ ਸਮਾਪਤੀ ’ਤੇ ਸੰਗਤ ਗੁਰੂ ਜੀ ਵਲ ਵਧੀ। ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਦਗ ਦਗ ਹੋ ਗਏ। ਵਿਸਮਾਦ ਵਿੱਚ ਆ ਗਏ। ਗੁਰੂ ਜੀ ਨੂੰ ਮਨੀਏ ਨੂੰ ਵੇਖ ਕੇ ਅਜਿਹਾ ਪ੍ਰੇਮ ਆਇਆ ਕਿ ਆਪਣੇ ਪਾਸ ਬਿਠਾ ਲਿਆ। ਭਾਈ ਕਾਲਾ ਜੀ ਕੁਝ ਦਿਨ ਅਨੰਦਪੁਰ ਸਾਹਿਬ ਰਹੇ। ਸਾਰੀ ਸੰਗਤ ਆਗਿਆ ਲੈ ਕੇ ਘਰਾਂ ਨੂੰ ਪਰਤੀ ਤਾਂ ਭਾਈ ਮਨੀਆ ਜੀ ਆਪਣੇ ਪਿਤਾ ਨੂੰ ਕਹਿਣ ਲੱਗੇ ਕਿ ਮੈਂ ਇੱਥੇ ਹੀ ਰਹਿਣਾ ਹੈ। ਘਰ ਨਹੀਂ ਜਾਣਾ। ਗੁਰੂ ਜੀ ਨੇ ਵੀ ਕਹਿ ਦਿੱਤਾ ਕਿ ਭਾਈ ਮਨੀਆ ਨਾਲ ਜਾਵੇ। ਭਾਈ ਕਾਲਾ ਜੀ ਬੜੇ ਪ੍ਰਸੰਨ ਹੋਏ। ਮਨੀਏ ਨੂੰ ਗੁਰ ਚਰਨਾਂ ਵਿੱਚ ਛੱਡ ਕੇ ਆਪ ਘਰ ਮੁੜ ਗਏ। ਮਨੀਏ ਦੀ ਉਮਰ 8–10 ਸਾਲ ਸੀ। ਅੰਤਲੇ ਦਮ ਤਕ ਸਾਰੀ ਉਮਰ ਉਹਨਾਂ ਨੇ ਪੰਥ ਦੀ ਸੇਵਾ ਕੀਤੀ।

ਭਾਈ ਮਨੀ ਸਿੰਘ ਜੀ ਦੇ ਪ੍ਰਵਾਰ ਨੂੰ ਸ਼ਹੀਦਾਂ ਦਾ ਪ੍ਰਵਾਰ ਵਜੋਂ ਮਾਨਤਾ ਪ੍ਰਾਪਤ ਹੈ। ਗੁਰੂਆਂ ਪ੍ਰਤੀ ਸ਼ਰਧਾ ਉਹਨਾਂ ਨੂੰ ਵਿਰਾਸਤ ਵਿੱਚ ਮਿਲੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਵੇਲੇ ਭਾਈ ਮਤੀਦਾਸ, ਭਾਈ ਸਤੀਦਾਸ ਅਤੇ ਭਾਈ ਦਿਆਲਾ ਜੀ ਵੀ ਨਾਲ ਸਨ। ਉਬਲਦੀ ਦੇਗ ਵਿੱਚ ਸ਼ਹੀਦੀ ਪਾਉਣ ਵਾਲੇ ਭਾਈ ਦਿਆਲਾ ਜੀ, ਭਾਈ ਮਨੀਰਾਮ ਜੀ ਦੇ ਭਰਾ ਸਨ। ਭਾਈ ਸਾਹਿਬ ਦੀ ਛੋਟੀ ਉਮਰ ਵਿੱਚ ਭਰਵਾਂ ਸਰੀਰ, ਸ਼ਾਂਤ ਚਿਹਰਾ, ਉਹਨਾਂ ਨੂੰ ਜਿਹੜੀ ਵੀ ਸੇਵਾ ਮਿਲਦੀ ਬੜੇ ਸੁੱਚਜੇ ਢੰਗ ਨਾਲ ਨਿਭਾਉਂਦੇ ਜਿਵੇਂ ਦੀਵਾਨ ਵਿੱਚ ਪੱਖਾ ਕਰਦੇ, ਲੰਗਰਾਂ ਵਿੱਚ ਪਾਣੀ ਢੋਂਦੇ , ਭਾਂਡੇ ਮਾਂਜਦੇ। ਗੁਰੂ ਸਾਹਿਬ ਉਹਨਾਂ ਦੀ ਸੇਵਾ ਤੇ ਪ੍ਰਸੰਨ ਹੁੰਦੇ। ਉਹਨਾਂ ਨੂੰ ਲੰਗਰ ਦਾ ਜਥੇਦਾਰ ਬਣਾ ਦਿੱਤਾ। ਉਹਨਾਂ ਦਾ ਲੰਗਰ ਦਾ ਪ੍ਰਬੰਧ ਸ਼ਲਾਘਾਯੋਗ ਸੀ। ਉਹ ਨਿਰਮਾਣ ਤੇ ਨਿਸ਼ਕਾਮ ਸੇਵਕ ਬਣਦੇ ਗਏ। ਗੁਰੂ ਸਾਹਿਬ ਜੀ ਨੇ ਭਾਈ ਮਨੀਆ ਨੂੰ ਵਿਦਿਆ ਪ੍ਰਾਪਤੀ ਵੱਲ ਲਾ ਲਿਆ। ਜਦ ਉਹ ਪੜ੍ਹਨਾ ਲਿਖਣਾ ਸਿੱਖ ਗਏ ਤਾਂ ਉਹਨਾਂ ਨੇ ਹੋਰਨਾਂ ਨੂੰ ਵੀ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਦੀਵਾਨ ਵਿੱਚ ਕਥਾ ਕਰਨ ਲੱਗ ਪਏ। ਗੁਰੂ ਸਾਹਿਬ ਜੀ ਦੀ ਲਾਇਬ੍ਰੇਰੀ ਦੀਆਂ ਪੁਸਤਕਾਂ ਤੋਂ ਵੀ ਗਿਆਨ ਪ੍ਰਾਪਤ ਕੀਤਾ। ਗੁਰੂ ਸਾਹਿਬ ਜੀ ਜਦੋਂ ਪਾਉਂਟਾ ਸਾਹਿਬ ਵਿਖੇ ਇਕਾਂਤ ਵਾਸ ਵਿੱਚ ਸਨ ਤਾਂ ਭਾਈ ਮਨੀਆ ਨੇ ਸਤੰਬਰ 1688 ਵਿੱਚ ਭੰਗਾਣੀ , 1690 ਵਿੱਚ ਨਦੌਨ ਦੀਆਂ ਜੰਗਾਂ ਵਿਚ ਬੜੀ ਬਹਾਦਰੀ ਨਾਲ ਹਿਸਾ ਲਿਆ। ਸੰਨ 1691 ਵਿੱਚ ਗੁਰੂ ਸਾਹਿਬ ਜੀ ਨੇ ਨੰਦ ਚੰਦ ਤੋਂ ਬਾਅਦ ਉਹਨਾਂ ਨੂੰ ਦੀਵਾਨ ਦੀ ਉਪਾਧੀ ਦਿੱਤੀ। ਸੰਨ 1695 ਵਿੱਚ ਜਦੋਂ ਮੁਗਲ ਸੈਨਾਪਤੀ ਹੁਸੈਨ ਖਾਨ ਨੇ ਆਨੰਦਪੁਰ ਤੇ ਹਮਲਾ ਕੀਤਾ ਤਾਂ ਵੀ ਭਾਈ ਮਨੀਆ ਜੀ ਬੜੀ ਬ ਹ ਾਦਰੀ ਨਾਲ ਲੜੇ। ਗੁਰੂ ਦਰਬਾਰ ਵਿੱਚ ਉਹਨਾਂ ਦਾ ਸਥਾਨ ਲੇਖਕ ਪ੍ਰਚਾਰਕ ਅਤੇ ਬਹਾਦਰੀ ਦਾ ਸੀ। ਉਹ ਗੁਰੂ ਦਰਬਾਰ ਦੇ 52 ਰਤਨ ਕਵੀਆਂ ਵਿਚੋਂ ਵੀ ਇੱਕ ਸਨ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਗਿਆਨੀ ਦੀ ਉਪਾਧੀ ਦਿੱਤੀ ਅਤੇ ਸਿਰੋਪਾਓ ਦੇ ਕੇ ਸੰਗਤ ਵਿੱਚ ਸ਼ਲਾਘਾ ਵੀ ਕੀਤੀ।

ਸੰਨ 1699 ਦੀ ਵਿਸਾਖੀ ਤੇ ਅੰਮ੍ਰਿਤ ਛੱਕ ਕੇ ਨਾਉਂ ਮਨੀ ਸਿੰਘ ਹੋ ਗਿਆ। ਸੰਨ 1704 ਵਿੱਚ 6–7 ਪੋਹ ਦੀ ਵਿਚਕਾਰਲੀ ਰਾਤ ਨੂੰ ਗੁਰੂ ਜੀ ਨੇ ਆਨੰਦਪੁਰ ਦਾ ਕਿਲਾ ਛੱਡਿਆ ਤਾਂ ਭਾਈ ਸਾਹਿਬ ਗੁਰੂ ਕੇ ਮਹਿਲਾ ਨੂੰ ਸੁਰੱਖਿਅਕ ਦਿੱਲੀ ਪਹੁੰਚਾਉਣ ਵਿੱਚ ਸਫਲ ਹੋਏ। ਜਦੋਂ ਗੁਰੂ ਸਾਹਿਬ ਜੀ 29 ਦਸੰਬਰ 1705 ਨੂੰ ਮੁਕਤਸਰ ਦੀ ਜੰਗ ਤੋਂ ਬਾਅਦ ਸਾਬੋ ਕੀ ਤਲਵੰਡੀ ਆਣ ਪੁੱਜੇ। ਇਥੇ ਆਰਾਮ ਕੀਤਾ, ਇਸੇ ਲਈ ਇਸ ਦਾ ਨਾਉਂ ਦਮਦਮਾ ਸਾਹਿਬ ਪੈ ਗਿਆ। ਇੱਥੇ ਗੁਰੂ ਸਾਹਿਬ ਜੀ ਨੇ ਵਿਦਿਆ ਅਤੇ ਸਾਹਿਤ ਦਾ ਪ੍ਰਵਾਹ ਚਲਾਇਆ। ਇਸੇ ਕਰਕੇ ਇਸ ਨੂੰ ਗੁਰੂ ਕੀ ਕਾਸ਼ੀ ਵੀ ਆਖਦੇ ਹਨ। ਭਾਈ ਸਾਹਿਬ ਗੁਰੂ ਕੇ ਮਹਿਲਾ ਅਤੇ ਸੰਗਤ ਨਾਲ ਦਮਦਮਾ ਸਾਹਿਬ ਪੁੱਜ ਗਏ। ਗੁਰੂ ਸਾਹਿਬ ਜੀ ਨੇ ਇੱਥੇ ਹੀ ਭਾਈ ਸਾਹਿਬ ਪਾਸੋਂ ਆਦਿ ਗ੍ਰੰਥ ਸਾਹਿਬ ਜੀ ਦੀ ਦਮਦਮੀ ਬੀੜ ਲਿਖਵਾਈ। ਬਾਬਾ ਦੀਪ ਸਿੰਘ ਜੀ ਨੇ ਵੀ ਸੇਵਾ ਨਾਲ ਨਿਭਾਈ।

ਅੰਮ੍ਰਿਤਸਰ ਦੀ ਸੰਗਤ ਨੇ ਬੇਨਤੀ ਕੀਤੀ ਤਾਂ ਭਾਈ ਸਾਹਿਬ ਜੀ ਨੂੰ ਹਰਿਮੰਦਰ ਸਾਹਿਬ ਜੀ ਦਾ ਮੁੱਖ ਗ੍ਰੰਥੀ ਅਤੇ ਬਾਅਦ ਵਿੱਚ ਅਕਾਲੀ ਬੁੰਗੇ ਦਾ ਸੇਵਾਦਾਰ ਨਿਯੁਕਤ ਕੀਤਾ। ਉਹਨਾਂ ਅੰਮ੍ਰਿਤਸਰ ਦੀ ਪ੍ਰਪੱਕ ਮਰਿਆਦਾ ਚਲਾਉਣ ਲਈ ਸੇਵਾ ਨਿਭਾਈ। ਉਹ ਗੁਰਬਾਣੀ ਦੀ ਵਿਆਖਿਆ ਨਾਲ ਸੰਗਤਾਂ ਨੂੰ ਜੋੜਦੇ ਸਨ। ਉਹਨਾਂ ਨੇ ਪ੍ਰਚਾਰ ਲਈ 1714–15 ਵਿੱਚ ਝੰਗ ਪਾਕਿਸਤਾਨ ਵਿਖੇ ਪ੍ਰਚਾਰ ਕੀਤਾ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਪੰਥ ਦੋ ਦਲਾਂ ਤੱਤ ਖ਼ਾਲਸਾ ਅਤੇ ਬੰਦਈ ਖ਼ਾਲਸਾ ਵਿੱਚ ਵੰਡਿਆ ਗਿਆ ਸੀ। ਸੰਗਤਾਂ ਵਿੱਚ ਭਾਈ ਸਾਹਿਬ ਦਾ ਬੜਾ ਸਤਿਕਾਰ ਸੀ। ਭਾਈ ਸਾਹਿਬ ਨੇ ਆਪਣੇ ਪ੍ਰਭਾਵ ਨਾਲ ਖ਼ਾਲਸੇ ਦੇ ਮਤਭੇਦ ਮਿਟਾ ਕੇ ਪੰਥ ਨੂੰ ਇਕੱਠਾ ਕਰਕੇ ਰਾਜਸੀ ਸ਼ਕਤੀ ਦੇ ਰਾਹ ਤੋਰਿਆ।

ਸੰਨ 1734 ਵਿੱਚ ਭਾਈ ਸਾਹਿਬ ਨੇ ਚਾਹਿਆ ਕਿ ਸਾਰੇ ਸਿੱਖ ਇਕੱਠੇ ਹੋ ਕੇ ਅੰਮ੍ਰਿਤਸਰ ਵਿਖੇ ਬੰਦੀ ਛੋੜ ਦੀਪਮਾਲਾ ਦਿਵਸ ਮਨਾਉਣ। ਜਕਰੀਆ ਖਾਨ ਲਾਹੌਰ ਦਾ ਰਾਜਪਾਲ ਸੀ। ਉਸਨੇ ਸੁਰੱਖਿਆ ਪ੍ਰਦਾਨ ਕਰਨ ਲਈ ਪੰਜ ਹਜ਼ਾਰ ਰੁਪਏ ਅਦਾ ਕਰਨ ਲਈ ਕਿਹਾ। ਜਕਰੀਆਂ ਖਾਨ ਅਤੇ ਦੀਵਾਨ ਲੱਖਪਤ ਨੇ ਵਿਉਂਤ ਬਣਾ ਲਈ ਕਿ ਅੰਮ੍ਰਿਤਸਰ ਇਕੱਠੇ ਹੋਣ ਵਾਲੇ ਸਿੰਘਾਂ ਨੂੰ ਘੇਰ ਕੇ ਮਾਰ ਮੁਕਾਇਆ ਜਾਵੇ। ਮੁਗਲਾਂ ਦੀ ਇਸ ਚਾਲ ਦਾ ਪਤੱਤ ਭਾਈ ਸਾਹਿਬ ਨੂੰ ਲੱਗ ਗਿਆ ਕਿ ਇਕੱਠ ਤੋਂ ਪਹਿਲਾਂ ਹੀ ਘੇਰਾ ਬੰਦੀ ਲਈ ਫ਼ੌਜ ਲਗਾ ਦਿੱਤੀ ਗਈ ਸੀ। ਕਤਲੇਆਮ ਦੇ ਬਚਾਅ ਲਈ ਭਾਈ ਸਾਹਿਬ ਜੀ ਨੇ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ ਸੰਗਤਾਂ ਪੁਰਬ ’ਤੇ ਨਾ ਪਹੁੰਚਣ। ਸੰਗਤਾਂ ਦੇ ਨਾ ਪੁੱਜਣ ਕਰਕੇ ਚੜ੍ਹਾਵੇ ਦੀ ਧੰਨ ਰਾਸ਼ੀ ਵਿਚੋਂ ਸਰਕਾਰੀ ਅਦਾਇਗੀ ਨਹੀਂ ਹੋ ਸਕਦੀ ਸੀ।

ਦੁਬਾਰਾ ਰਕਮ ਇਕੱਠੀ ਕਰਨ ਲਈ ਵਿਸਾਖੀ ਪੁਰਬ ਦੀ ਸਰਕਾਰੀ ਪ੍ਰਵਾਨਗੀ ਮਿਲੀ। ਗੁਪਤ ਰੂਪ ਵਿੱਚ ਸੂਬਾ ਲਾਹੌਰ ਨੇ ਇਹ ਪ੍ਰਵਾਨਗੀ ਫਿਰ ਸਿੰਘਾਂ ਨੂੰ ਇਕੱਠੇ ਕਰਕੇ ਖਤਮ ਕਰਨ ਲਈ ਹੀ ਦਿੱਤੀ ਸੀ। ਭਾਈ ਸਾਹਿਬ ਨੇ ਫਿਰ ਸਿੰਘਾਂ ਦੇ ਕਤਲੇਆਮ ਨੂੰ ਰੋਕਣ ਲਈ ਸੁਨੇਹੇ ਭੇਜੇ ਕਿ ਇਹ ਵੀ ਹਕੂਮਤ ਦੀ ਸਿੰਘਾਂ ਨੂੰ ਖਤਮ ਕਰਨ ਦੀ ਇੱਕ ਹੋਰ ਚਾਲ ਹੈ ਪਰ ਫਿਰ ਵੀ ਕੁਝ ਸ਼ਰਧਾਲੂ ਪਹੁੰਚ ਹੀ ਗਏ। ਸੂਬਾ ਲਾਹੌਰ ਨੇ ਲਖਪਤੱਤ ਨੂੰ ਫ਼ੌਜ ਦੇ ਕੇ ਹਰਿਮੰਦਰ ਸਾਹਿਬ ’ਤੇ ਹਮਲਾ ਕਰਵਾ ਦਿੱਤੱਤ। ਜਿਸ ਵਿੱਚ ਸਿੰਘਾਂ ਦਾ ਜਾਨੀ ਨੁਕਸਾਨ ਵੀ ਹੋਇਆ। ਅਦਾਇਗੀ ਜੋਗੀ ਰਕਮ ਫਿਰ ਇਕੱਠੀ ਨਾ ਹੋ ਸਕੀ।

ਸੂਬੇ ਦੇ ਪ੍ਰਬੰਧਕ ਆ ਗਏ ਕਿ ਲਾਹੌਰ ਚਲ ਕੇ ਰਕਮ ਤਾਰ ਆਉ ਅਤੇ ਭਾਈ ਮਨੀ ਸਿੰਘ ਜੀ ਨੂੰ ਸਿੰਘਾਂ ਸਮੇਤ ਗ੍ਰਿਫ਼ਤਾਰ ਕਰਕੇ ਲਾਹੌਰ ਭੇਜ ਦਿੱਤਾ। ਉਥੇ ਸਰਕਾਰੀ ਰਕਮ ਨਾ ਅਦਾ ਕਰਨ ਦੇ ਦੋਸ਼ ਵਿੱਚ ਮੌਤ ਦੇ ਘਾਟ ਉਤਾਰਨ ਦੀ ਧਮਕੀ ਦਿੱਤੀ ਗਈ। ਸੂਬੇ ਨੇ ਕਿਹਾ ਕਿ ਇਸਲਾਮ ਕਬੂਲ ਕਰ ਲੈ ਰਕਮ ਮੁਆਫ਼ ਹੋ ਜਾਵੇਗੀ। ਭਾਈ ਸਾਹਿਬ ਨੇ ਕਿਹਾ ਕਿ ਮੇਰਾ ਧਰਮ ਨਿਆਰਾ ਹੈ। ਇਹ ਆਸ ਨਾ ਰੱਖੀ ਕਿ ਮੈਂ ਤੇਰੇ ਡਰਾਵਿਆਂ ਤੋਂ ਡਰ ਕੇ ਆਪਣਾ ਧਰਮ ਤਿਆਗ ਦੇਵਾਂ। ਤਕ ਸੂਬੇ ਨੇ ਕਈ ਤਰਾਂ ਦੇ ਲਾਲਚ ਦੇਣੇ ਸ਼ੁਰੂ ਕਰ ਦਿੱਤੇ ਪਰ ਭਾਈ ਸਾਹਿਬ ਕਿਸੇ ਵੀ ਗਲ ਵਿੱਚ ਨਾ ਆਏ। ਕਾਰਵਾਈ ਅਗਲੇ ਦਿਨ ਤੇ ਪਾ ਦਿੱਤੀ ਗਈ ਕਿ ਸ਼ਾਇਦ ਭਾਈ ਸਾਹਿਬ ਸਮਾਂ ਪਾ ਕੇ ਆਪਣੀ ਦਲੀਲ ਬਦਲ ਲੈਣ।

ਅਗਲੇ ਦਿਨ ਫਿਰ ਉਹੀ ਸ਼ਰਤਾਂ ਭਾਈ ਸਾਹਿਬ ਸਾਹਮਣੇ ਰੱਖੀਆਂ ਗਈਆਂ। ਭਾਈ ਸਾਹਿਬ ਨੇ ਦ੍ਰਿੜ੍ਹਤਾ ਨਾਲ ਕਿਹਾ ਕਿ ਨਾ ਤਾਂ ਮੇਰੇ ਕੋਲ ਰਕਮ ਅਦਾ ਕਰਨ ਲਈ ਹੈ ਅਤੇ ਨਾ ਹੀ ਮੈਂ ਆਪਣਾ ਪਿਆਰਾ ਧਰਮ ਹੀ ਬਦਲਣਾ ਹੈ। ਮੈਨੂੰ ਤੇਰੀ ਸਜ਼ਾ ਦਾ ਵੀ ਕੋਈ ਡਰ ਨਹੀਂ ਹੈ।

ਸੂਬੇ ਨੇ ਆਪਣੇ ਕਾਜ਼ੀ ਬੁਲਾ ਲਏ ਤੇ ਉਹਨਾਂ ਨੂੰ ਆਖਿਆ ਕਿ ਵੇਖੋ ਖਾਂ, ਐਸੇ ਕਾਫ਼ਰ ਲਈ ਸਾਡੀ ਸ਼ਰ੍ਹਾ ਵਿੱਚ ਕੀ ਸਜਾ ਹੈ ? ਜੋ ਆਪਣੇ ਵਾਅਦੇ ਤੋਂ ਮੁਨਕਰ ਹੋ ਕੇ ਰਕਮ ਭੀ ਨਾ ਦੇ ਸਕੇ ਅਤੇ ਦੀਨ ਵੀ ਨਾ ਕਬੂਲੇ। ਕਾਜ਼ੀ ਨੇ ਕਿਹਾ ਕਿ ਐਸੇ ਕਾਫ਼ਰ ਲਈ ਤਿੰਨ ਹੁਕਮ ਹਨ। ਉਹ ਵਾਅਦੇ ਮੁਤਾਬਕ ਰਕਮ ਤਾਰ ਦੇਵ ਜਾਂ ਦੀਨ ਕਬੂਲ ਕਰ ਲਵੇ। ਅਤੇ ਜਾਂ ਬੰਦ ਬੰਦ ਕਟਵਾਣੇ ਮਨਜ਼ੂਰ ਕਰੇ। ਭਾਈ ਸਾਹਿਬ ਜੀ ਨੇ ਖਿੜੇ ਮੱਥੇ ਸਜਾ ਕਬੂਲ ਕੀਤੀ ਕਿ ਮੈਂ ਬੰਦ ਬੰਦ ਕਟਵਾਏ ਜਾਣ ਨੂੰ ਤਿਆਰ ਹਾਂ। ਗੁਰੂ ਕੇ ਸਿੰਘਾਂ ਨੂੰ ਮੌਤ ਤੋਂ ਅਸਲੋਂ ਡਰ ਨਹੀਉਂ ਭਾਵੇਂ ਉਹ ਕੈਸੇ ਹੀ ਭਿਆਨਕ ਰੂਪ ਵਿੱਚ ਸਾਹਮਣੇ ਆਵੇ।

ਭਾਈ ਸਾਹਿਬ ਜੀ ਜੀ ਦੇ ਨਾਲ ਸਿੰਘ ਵੀ ਸ਼ਹੀਦ ਹੋਏ। ਭਾਈ ਦੀਵਾਨ ਸਿੰਘ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਗੁਲਜ਼ਾਰ ਸਿੰਘ , ਭਾਈ ਸਾਹਿਬ ਸਿੰਘ ਜੀ ਦੇ ਭਰਾ ਨੂੰ ਪੁੱਠਿਆਂ ਲਟਕਾ ਕੇ ਖੱਲ ਲਾਹ ਕੇ ਸ਼ਹੀਦ ਕੀਤੇ। ਭਾਈ ਮਨੀ ਸਿੰਘ ਜੀ ਨੂੰ ਨਾਖਾਸ ਚੌਂਕ ਲੰਡੇ ਬਾਜ਼ਾਰ ਲਾਹੌਰ ਵਿੱਚ 90 ਸਾਲ ਦੀ ਉਮਰ ਵਿੱਚ 24 ਜੂਨ 1734 ਨੂੰ ਬੰਦ ਬੰਦ ਕਟਕੇ ਸ਼ਹੀਦ ਕੀਤੇ। ਭਾਈ ਮਨੀ ਸਿੰਘ ਜੀ ਦਾ ਸਸਕਾਰ ਭਾਈ ਸੁਬੇਗ ਸਿੰਘ ਤੇ ਲਾਹੌਰੀ ਸਿੱਖਾਂ ਨੇ ਮਸਤੀ ਦਰਵਾਜ਼ਿਓਂ ਬਾਹਰ ਸ਼ਾਹੀ ਕਿਲੇ ਕੋਲ ਕੀਤੇ। ਜਿਥੇ ਗੁਰਦੁਆਰਾ ਸ਼ਹੀਦ ਗੰਜ ਦੂਸਰਾ ਬਣਿਆ ਹੈ। ਭਾਈ ਸਾਹਿਬ ਜੀ ਦਾ ਸਮੁੱਚਾ ਜਵੀਨ ਸਿਦਕ, ਸੇਵਾ ਸੰਭਾਲ ਅਤੇ ਕੁਰਬਾਨੀ ਵਿੱਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਸੀ। ਗੁਰੂ ਪੰਥ ਦੇ ਨਿਸ਼ਕਾਮ ਸੇਵਕ ਸੇਵਾ ਅਤੇ ਕੁਰਬਾਨੀ ਵਿੱਚ ਸੱਚ ਮੁੱਚ ਇੱਕ ਸੱਚੇ ਸਿੱਖ ਸਨ। ਪੰਥਕ ਆਨ ਸ਼ਾਨ ਤੇ ਮਰ ਮਿਟਣ ਵਾਲੇ ਸਿਦਗੀ ਪ੍ਰਵਾਨੇ ਸਨ। ਉਹਨਾਂ ਦੀ ਸ਼ਹਾਦਤ ਦੇ ਰੋਹ ਵਿੱਚ ਸਿੰਘਾਂ ਨੇ ਮੁਗਲਾਂ ਤੋਂ ਬਦਲਾ ਲੈਣ ਦਾ ਬਹਾਦਰੀ ਵਾਲਾ ਰਾਹ ਅਪਣਾਇਆ। ਉਹਨਾਂ ਦੀ ਸ਼ਹਾਦਤ ਨੂੰ ਸਿੱਖ ਕੌਮ ਨੇ ਵਿਰਥਾ ਨਹੀਂ ਜਾਣ ਦਿੱਤਾ।




# ਮਨੁੱਖਤਾ ਦੀ ਹੋਂਦ ਲਈ ਖ਼ਤਰਾ ਹੈ ਵਾਤਾਵਰਣ ਪ੍ਰਦੂਸ਼ਣ



ਅਮਰੀਕਾ ਦੀ ਮਸ਼ਹੂਰ ਭੂਗੋਲਕਾਰ ਮਿਸ ਸੇਮਪਲ ਅਨੁਸਾਰ 'ਮਨੁੱਖ ਆਪਣੇ ਵਾਤਾਵਰਨ ਦਾ ਮੂਲ ਹੈ'। ਵਾਤਾਵਰਣ ਦਾ ਅਰਥ ਹੈ ਸਾਡੇ ਆਲੇ ਦੁਆਲੇ ਮੌਜੂਦ ਜੀਵਿਤ ਅਤੇ ਨਿਰਜੀਵ ਤੱਤਾਂ ਦਾ ਢੱਕਣ, ਜੋ ਸਾਡੇ ਆਲੇ ਦੁਆਲੇ ਹਨ ਜਿਵੇਂ ਕਿ ਜਾਨਵਰ, ਪਾਣੀ, ਪੌਦੇ, ਜ਼ਮੀਨ ਅਤੇ ਹਵਾ, ਜੋ ਕੁਦਰਤ ਦੇ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਪੁਰਾਣੇ ਸਮਿਆਂ ਵਿੱਚ ਵਾਤਾਵਰਣ ਪ੍ਰਦੂਸ਼ਣ ਵਰਗੀ ਕੋਈ ਸਮੱਸਿਆ ਨਹੀਂ ਸੀ। ਪਰ ਅੱਜ ਵਿਕਾਸ ਦੇ ਨਾਂਅ 'ਤੇ ਵਿਗਿਆਨ ਅਤੇ ਤਕਨਾਲੋਜੀ ਦੀ ਵੱਧ ਰਹੀ ਵਰਤੋਂ ਦੇ ਸਿੱਟੇ ਵਜੋਂ ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ, ਜਿਸ ਕਾਰਨ ਨਾ ਸਿਰਫ਼ ਸਾਡਾ ਵਰਤਮਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ, ਸਗੋਂ ਸਾਡਾ ਭਵਿੱਖ ਵੀ ਸੰਕਟ ਵਿੱਚ ਹੈ।

ਅੱਜ ਦੁਨੀਆਂ ਦੇ ਸਾਰੇ ਦੇਸ਼ ਵਿਕਾਸ ਅਤੇ ਤਾਕਤਵਰ ਬਣਨ ਦੀ ਦੌੜ ਵਿੱਚ ਸ਼ਾਮਲ ਹੋ ਗਏ ਹਨ ਅਤੇ ਐਟਮ ਬੰਬ ਅਤੇ ਹਾਈਡ੍ਰੋਜਨ ਬੰਬ ਵਰਗੀਆਂ ਸ਼ਕਤੀਆਂ ਪੈਦਾ ਕਰ ਲਈਆਂ ਹਨ, ਜੋ ਕਿਸੇ ਇੱਕ ਦੇਸ਼ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆ ਨੂੰ ਤਬਾਹ ਕਰਨ ਦੀ ਤਾਕਤ ਰੱਖਦੀਆਂ ਹਨ। ਇੰਨਾ ਹੀ ਨਹੀਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕੁਦਰਤ ਦੀ ਸੰਪੱਤੀ ਨੂੰ ਨਸ਼ਟ ਕਰ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਅੱਜ ਕੁਦਰਤ ਦਾ ਅਨਮੋਲ ਖਜ਼ਾਨਾ ਅਲੋਪ ਹੋਣ ਦੇ ਕੰਢੇ ਹੈ। ਜੋ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ਤਰੇ ਦੀ ਨਿਸ਼ਾਨੀ ਹੈ।

ਵਿਕਾਸ ਦੀ ਦੌੜ ਵਿੱਚ ਵਾਤਾਵਰਣ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਇਸ ਦੇ ਲਈ ਮਨੁੱਖੀ ਸਮਾਜ ਨੂੰ ਵਾਤਾਵਰਣ ਦੀ ਰੱਖਿਆ ਅਤੇ ਸੰਵਾਰਨ ਦੀ ਲੋੜ ਹੈ। ਇਹ ਭਵਿੱਖ ਵਿੱਚ ਵਾਤਾਵਰਣ ਸੰਕਟ ਨੂੰ ਘਟਾ ਸਕਦਾ ਹੈ।

ਪਰ ਦੁੱਖ ਦੀ ਗੱਲ ਹੈ ਕਿ ਮਨੁੱਖ ਵਿਕਾਸ ਦੇ ਨਾਂ 'ਤੇ ਜੰਗਲਾਂ ਅਤੇ ਰੁੱਖਾਂ ਦੀ ਕਟਾਈ ਕਰ ਰਿਹਾ ਹੈ। ਜਿਸ ਕਾਰਨ ਹਵਾ ਪ੍ਰਦੂਸ਼ਣ, ਘੱਟ ਵਰਖਾ, ਉਪਜਾਊ ਜ਼ਮੀਨਾਂ ਦਾ ਬੰਜਰ ਹੋਣਾ ਵਰਗੀਆਂ ਕਈ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ।

ਆਧੁਨਿਕ ਟੈਕਨਾਲੋਜੀ ਦੀ ਮਦਦ ਨਾਲ ਮਨੁੱਖ ਨੇ ਮੋਟਰ ਵਾਹਨ ਤਾਂ ਬਣਾਏ ਹਨ ਪਰ ਇਸ ਦੇ ਨਾਲ ਹੀ ਆਵਾਜ਼ ਪ੍ਰਦੂਸ਼ਣ ਵੀ ਵਧ ਰਿਹਾ ਹੈ ਅਤੇ ਲੋਕ ਵੱਖ-ਵੱਖ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਵਿਕਾਸ ਦੇ ਚੱਕਰ ਵਿੱਚ ਲੋਕ ਇਹ ਭੁੱਲਦੇ ਜਾ ਰਹੇ ਹਨ ਕਿ ਸਾਡਾ ਜੀਵਨ ਕੁਦਰਤ ਦੀ ਦੇਣ ਹੈ, ਜੇਕਰ ਧਰਤੀ 'ਤੇ ਜੀਵਨ ਹੈ ਤਾਂ ਵਾਤਾਵਰਣ ਦੀ ਮੌਜੂਦਗੀ ਕਾਰਨ ਹੀ ਹੈ।

ਵਾਤਾਵਰਣ ਪ੍ਰਦੂਸ਼ਣ ਅੱਜ ਏਨਾ ਵਿਨਾਸ਼ਕਾਰੀ ਰੂਪ ਲੈ ਚੁੱਕਾ ਹੈ ਕਿ ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਨੂੰ ਜਲਦੀ ਖ਼ਤਮ ਨਾ ਕੀਤਾ ਗਿਆ ਤਾਂ ਸਮੁੱਚੀ ਮਨੁੱਖ ਜਾਤੀ ਦੀ ਹੋਂਦ ਖ਼ਤਰੇ ਵਿੱਚ ਪੈ ਸਕਦੀ ਹੈ।

ਅੱਜ ਦੁਨੀਆ ਦੀਆਂ ਸਾਰੀਆਂ ਮਹਾਸ਼ਕਤੀਆਂ ਇਸ ਸਮੱਸਿਆ ਤੋਂ ਬਚਣ ਬਾਰੇ ਸੋਚ ਰਹੀਆਂ ਹਨ। ਮਨੁੱਖਤਾ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਵਾਤਾਵਰਣ ਪ੍ਰਦੂਸ਼ਣ ਦੀ ਸਮੱਸਿਆ ਨੂੰ ਸਮਝੀਏ ਅਤੇ ਇਸ ਨੂੰ ਘਟਾਉਣ ਲਈ ਯਤਨ ਕਰੀਏ, ਇਹ ਸਮੇਂ ਦੀ ਲੋੜ ਹੈ ਅਤੇ ਮਨੁੱਖਤਾ ਦੀ ਹੋਂਦ ਨੂੰ ਬਚਾਉਣ ਦਾ ਇੱਕੋ ਇੱਕ ਵਿਕਲਪ ਵੀ ਹੈ।

# ਹਵਾ ਪ੍ਰਦੂਸ਼ਣ ਦਾ ਕਹਿਰ

**ਡਾ. ਬ੍ਰਜੇਸ਼ ਕੁਮਾਰ ਤਿਵਾੜੀ**




ਗਲੋਬਲ ਅਬਜ਼ਰਵੇਟਰੀ ਆਨ ਪੋਲਿਊਸ਼ਨ ਦੀ ਰਿਪੋਰਟ ਮੁਤਾਬਕ ਸਿਰਫ਼ 2019 ਵਿੱਚ ਹੀ ਭਾਰਤ ਵਿੱਚ ਹਵਾ ਪ੍ਰਦੂਸ਼ਣ ਕਾਰਨ ਮਰਨ ਵਾਲਿਆਂ ਦੀ ਗਿਣਤੀ 16 ਲੱਖ ਰਹੀ।

ਦੇਖਿਆ ਜਾਵੇ ਤਾਂ ਵਾਹਨਾਂ ਤੇ ਸਨਅਤੀ ਨਿਕਾਸੀਆਂ, ਧੂੜ ਤੇ ਮੌਸਮ ਦੇ ਪੈਟਰਨ ਵਰਗੇ ਕਾਰਕਾਂ ਦਾ ਮਿਸ਼ਰਣ ਦਿੱਲੀ ਤੇ ਦੇਸ਼ ਦੇ ਦੂਜੇ ਵੱਡੇ ਸ਼ਹਿਰਾਂ ਨੂੰ ਪ੍ਰਦੂਸ਼ਿਤ ਕਰਦਾ ਹੈ। ਵੱਡੇ ਸ਼ਹਿਰਾਂ ਵਿੱਚ ਤਾਂ ਇਨ੍ਹਾਂ ਪ੍ਰਦੂਸ਼ਣ ਦੇ ਸਰੋਤਾਂ ਦਾ ਇਕ ਵੱਡਾ ਹਿੱਸਾ ਪੂਰੇ ਸਾਲ ਮੌਜੂਦ ਰਹਿੰਦਾ ਹੈ। ਬਦਕਿਸਮਤੀ ਨਾਲ ਸਿਰਫ਼ ਸਰਦੀਆਂ ਦੌਰਾਨ ਹੀ ਸਾਨੂੰ ਸਾਰਿਆਂ ਨੂੰ ਅਹਿਸਾਸ ਹੁੰਦਾ ਹੈ ਕਿ ਹਵਾ ਪ੍ਰਦੂਸ਼ਿਤ ਹੈ। ਫ਼ਿਲਹਾਲ ਜੋ ਪ੍ਰਦੂਸ਼ਣ ਹੈ, ਉਸ ਵਿੱਚ ਪਰਾਲੀ ਦਾ ਯੋਗਦਾਨ ਬਹੁਤ ਘੱਟ ਹੈ। ਵਿਗਿਆਨ ਤੇ ਵਾਤਾਵਰਨ ਕੇਂਦਰ (ਸੀਐੱਸਈ) ਦੁਆਰਾ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਦੇ ਇੱਕ ਨਵੇਂ ਪ੍ਰੀ-ਦੀਵਾਲੀ ਅਤੇ ਪ੍ਰੀ-ਵਿੰਟਰ ਵਿਸ਼ਲੇਸ਼ਣ ਮੁਤਾਬਕ ਇੱਥੇ ਵਾਹਨਾਂ ਨੂੰ ਹਵਾ ਪ੍ਰਦੂਸ਼ਣ ਦਾ ਮੁੱਖ ਸਰੋਤ ਦੱਸਿਆ ਗਿਆ ਹੈ। ਸਾਲ ਦਰ ਸਾਲ ਵਧਦੀ ਜਾ ਰਹੀ ਮੋਟਰ-ਗੱਡੀਆਂ ਦੀ ਗਿਣਤੀ ਕਾਰਨ ਇਕੱਲੇ ਟਰਾਂਸਪੋਰਟ ਖੇਤਰ ਨਾਲ ਪ੍ਰਦੂਸ਼ਕਾਂ ਦੀ ਨਿਕਾਸੀ ਲਗਪਗ 50 ਫ਼ੀਸਦੀ ਤੱਕ ਵਧ ਗਈ ਹੈ।

ਸੰਨ 1991 ਅਤੇ 2011 ਦਰਮਿਆਨ ਦਿੱਲੀ ਦਾ ਆਕਾਰ ਲਗਪਗ ਦੁੱਗਣਾ ਹੋ ਗਿਆ। ਇਸ ਵਿਸਥਾਰ ਦੇ ਨਾਲ ਖੇਤਰ ਦੀ ਜਨਸੰਖਿਆ ਬਣਤਰ ਵਿੱਚ ਬਦਲਾਅ ਆਇਆ, ਸ਼ਹਿਰੀ ਪਰਿਵਾਰਾਂ ਦੀ ਗਿਣਤੀ ਤਿੰਨ ਗੁਣਾ ਹੋ ਗਈ। ਜਦਕਿ ਦਿਹਾਤੀ ਪਰਿਵਾਰਾਂ ਦੀ ਗਿਣਤੀ ਅੱਧੀ ਤੋਂ ਵੀ ਘੱਟ ਰਹਿ ਗਈ। ਅਨੁਮਾਨ ਹੈ ਕਿ ਸੰਨ 2028 ਤੱਕ ਦਿੱਲੀ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸ਼ਹਿਰੀ ਸਮੂਹ ਦੇ ਤੌਰ 'ਤੇ ਟੋਕੀਓ ਨੂੰ ਪਿੱਛੇ ਛੱਡ ਦੇਵੇਗੀ। ਸਨਅਤੀਕਰਨ, ਸ਼ਹਿਰੀਕਰਨ ਤੇ ਨਿੱਜੀ ਵਾਹਨਾਂ 'ਚ ਵਾਧੇ ਨਾਲ ਦਿੱਲੀ 'ਚ ਪ੍ਰਦੂਸ਼ਣ ਵਧਿਆ ਹੈ।

ਬੀਤੇ ਕੁਝ ਦਿਨਾਂ ਤੋਂ ਦਿੱਲੀ-ਐੱਨਸੀਆਰ ਵਿੱਚ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 350 ਤੋਂ ਉੱਪਰ ਚੱਲ ਰਿਹਾ ਹੈ ਜੋ ਬੇਹੱਦ ਖ਼ਰਾਬ ਹਵਾ ਦੀ ਸ਼੍ਰੇਣੀ ਨੂੰ ਦਰਸਾਉਂਦਾ ਹੈ। ਇਸ ਨਾਲ ਦਿੱਲੀ-ਐੱਨਸੀਆਰ ਦੀ ਹਵਾ ਵਿੱਚ 2.5 ਯਾਨੀ ਪ੍ਰਦੂਸ਼ਿਤ ਕਣਾਂ ਦਾ ਪੱਧਰ ਵਿਸ਼ਵ ਸਿਹਤ ਸੰਗਠਨ (ਡਬਲਯੂ.ਟੀ.ਓ.) ਦੁਆਰਾ ਨਿਰਧਾਰਤ ਹੱਦ ਨਾਲੋਂ 50 ਗੁਣਾ ਵੱਧ ਖ਼ਤਰਨਾਕ ਹੋ ਗਿਆ ਹੈ। ਡਬਲਯੂ.ਐੱਚ.ਓ. ਮੁਤਾਬਕ ਹਰ ਸਾਲ ਤਕਰੀਬਨ 70 ਲੱਖ ਲੋਕਾਂ ਦੀ ਬੇਵਕਤੀ ਮੌਤ ਦੀ ਵਜ੍ਹਾ ਹਵਾ ਪ੍ਰਦੂਸ਼ਣ ਹੈ ਅਤੇ ਭਾਰਤ ਵਿੱਚ ਇਸ ਦਾ ਸਭ ਤੋਂ ਵੱਧ ਖ਼ਤਰਾ ਹੈ। ਦਿੱਲੀ-ਐੱਨਸੀਆਰ ਦੇ ਨਾਲ-ਨਾਲ ਦੇਸ਼ ਦਾ ਇੱਕ ਵੱਡਾ ਹਿੱਸਾ ਗੰਭੀਰ ਕਿਸਮ ਦੇ ਹਵਾ ਪ੍ਰਦੂਸ਼ਣ ਤੋਂ ਗ੍ਰਸਤ ਰਹਿਣ ਲੱਗਾ ਹੈ। ਕਾਰਨ ਇਹ ਹੈ ਕਿ ਜਿਨ੍ਹਾਂ ਕਾਰਨਾਂ ਕਾਰਨ ਦਿੱਲੀ-ਐੱਨਸੀਆਰ ਪ੍ਰਦੂਸ਼ਣ ਦੀ ਲਪੇਟ ਵਿੱਚ ਆਉਂਦਾ ਹੈ, ਉਹੀ ਕਾਰਨ ਉੱਤਰੀ ਭਾਰਤ ਦੇ ਇੱਕ ਵੱਡੇ ਇਲਾਕੇ ਵਿੱਚ ਵੀ ਦਿਸਣ ਲੱਗੇ ਹਨ। ਜੋ ਪਰਾਲੀ ਪਹਿਲਾਂ ਪੰਜਾਬ, ਹਰਿਆਣਾ, ਰਾਜਸਥਾਨ ਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਸਾੜੀ ਜਾਂਦੀ ਸੀ, ਉਹ ਹੁਣ ਯੂਪੀ-ਬਿਹਾਰ ਦੇ ਪਿੰਡਾਂ ਵਿੱਚ ਵੀ ਸਾੜੀ ਜਾਣ ਲੱਗੀ ਹੈ। ਜੇ ਦਿੱਲੀ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਨ ਵਿੱਚ ਸਫਲਤਾ ਨਾ ਮਿਲੀ ਤਾਂ ਫਿਰ ਦੇਸ਼ ਨੂੰ ਵੀ ਨਹੀਂ ਮਿਲ ਸਕੇਗੀ। ਇਸ ਦੀ ਅਣਦੇਖੀ ਨਹੀਂ ਕੀਤੀ ਜਾਣੀ ਚਾਹੀਦੀ ਕਿ ਹਵਾ ਪ੍ਰਦੂਸ਼ਣ ਦੇ ਸ਼ਿਕਾਰ ਸ਼ਹਿਰਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਬੋਸਟਨ ਕਾਲਜ ਦੀ

# ਵਾਤਾਵਰਣ ਦੀ ਸੰਭਾਲ ਲਈ ਸਾਫ਼-ਸੁਥਰੀ ਜੀਵਨ ਸ਼ੈਲੀ ਵੱਲ ਸਰਗਰਮ ਕਦਮ ਚੁੱਕਣ ਦੀ ਲੋੜ



ਬਦਕਿਸਮਤੀ ਨਾਲ, ਮਨੁੱਖਾਂ ਨੇ ਧਰਤੀ ਦੀ ਬਹੁਤ ਚੰਗੀ ਦੇਖਭਾਲ ਨਹੀਂ ਕੀਤੀ ਹੈ। ਅਸੀਂ ਸਾਰਿਆਂ ਨੇ ਇਸ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਪਹੁੰਚਾਇਆ ਹੈ। ਆਪਣੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਰੱਖਿਆ ਅਤੇ ਗ੍ਰਹਿ ਨੂੰ ਸੁਰੱਖਿਅਤ ਰੱਖਣ ਲਈ, ਸਾਨੂੰ ਸਾਰਿਆਂ ਨੂੰ ਇੱਕ ਸਾਫ਼-ਸੁਥਰੀ ਜੀਵਨ ਸ਼ੈਲੀ ਵੱਲ ਸਰਗਰਮ ਕਦਮ ਚੁੱਕਣ ਦੀ ਲੋੜ ਹੈ, ਭਾਵੇਂ ਇਹ ਗੈਸ ਹੋਵੇ, ਭੋਜਨ ਹੋਵੇ, ਕੱਪੜੇ, ਕਾਰਾਂ, ਫਰਨੀਚਰ, ਪਾਣੀ, ਖਿਡੌਣੇ, ਇਲੈਕਟ੍ਰੋਨਿਕਸ ਜਾਂ ਹੋਰ ਸਮਾਨ, ਅਸੀਂ ਸਾਰੇ ਇਸ ਦੀ ਵਰਤੋਂ ਕਰ ਰਹੇ ਹਾਂ। ਤੁਹਾਨੂੰ ਇਹਨਾਂ ਚੀਜ਼ਾਂ ਦੀ ਵਰਤੋਂ ਬੰਦ ਕਰਨ ਦੀ ਲੋੜ ਨਹੀਂ ਹੈ, ਪਰ ਤੁਹਾਨੂੰ ਆਪਣੀਆਂ ਆਦਤਾਂ ਨੂੰ ਬਦਲਣਾ ਪਵੇਗਾ ਅਤੇ ਉਹਨਾਂ ਦੀ ਵਰਤੋਂ ਉਦੋਂ ਹੀ ਕਰਨੀ ਚਾਹੀਦੀ ਹੈ ਜਦੋਂ ਬਿਲਕੁਲ ਜ਼ਰੂਰੀ ਹੋਵੇ। ਨਾਲ ਹੀ ਸਾਨੂੰ ਅਜਿਹੀਆਂ ਚੀਜ਼ਾਂ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਸਾਡੀ ਧਰਤੀ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ।

### ਮੁੜ ਵਰਤੋਯੋਗ ਬੈਗਾਂ ਦੀ ਵਰਤੋ ਕਰੋ

ਪਲਾਸਟਿਕ ਦੇ ਕਰਿਆਨੇ ਦੇ ਥੈਲੇ ਵੀ ਇੱਕ ਵਾਰ ਵਰਤੋਂ ਤੋਂ ਬਾਅਦ ਸੁੱਟ ਦਿੱਤੇ ਜਾਂਦੇ ਹਨ, ਜਿਸ ਨਾਲ ਵਾਤਾਵਰਣ ਨੂੰ ਕਈ ਤਰੀਕਿਆਂ ਨਾਲ ਨੁਕਸਾਨ ਹੁੰਦਾ ਹੈ। ਭੋਜਨ ਦੀ ਖੋਜ ਕਰਨ ਵਾਲੇ ਜਾਨਵਰ ਪਲਾਸਟਿਕ ਨੂੰ ਭੋਜਨ ਸਮਝ ਕੇ ਖਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ। ਨਾਲ ਹੀ, ਪਲਾਸਟਿਕ ਨੂੰ ਸੜਨ ਲਈ ਲੰਬਾ ਸਮਾਂ ਲੱਗਦਾ ਹੈ। ਜਦੋਂ ਵੀ ਤੁਸੀਂ ਖਰੀਦਦਾਰੀ ਕਰਨ ਜਾਂਦੇ ਹੋ, ਹਮੇਸ਼ਾ ਆਪਣੇ ਨਾਲ ਦੁਬਾਰਾ ਵਰਤੋਂ ਯੋਗ ਬੈਗ ਰੱਖੋ।

### ਸਿਰਫ਼ ਲੋੜ ਪੈਣ 'ਤੇ ਹੀ ਪ੍ਰਿੰਟਆਊਟ ਲਵੋ

ਅਸੀਂ ਉਨ੍ਹਾਂ ਚੀਜ਼ਾਂ ਦੇ ਪ੍ਰਿੰਟਆਊਟ ਲੈਣਾ ਪਸੰਦ ਕਰਦੇ ਹਾਂ, ਜੋ ਕੁਝ ਸਮੇਂ ਲਈ ਲਾਭਦਾਇਕ ਹੁੰਦੀਆਂ ਹਨ ਅਤੇ ਫਿਰ ਬੇਕਾਰ ਹੋ ਜਾਂਦੀਆਂ ਹਨ। ਇਸ ਕਾਰਨ ਕਾਗਜ਼ਾਂ ਦੀ ਬਹੁਤ ਜ਼ਿਆਦਾ ਬਰਬਾਦੀ ਹੁੰਦੀ ਹੈ। ਕਾਗਜ਼ ਬਰਬਾਦ ਕਰਨ ਦੀ ਬਜਾਏ, ਜਦੋਂ ਬਿਲਕੁਲ ਜ਼ਰੂਰੀ ਹੋਵੇ ਤਾਂ ਹੀ ਪ੍ਰਿੰਟਆਊਟ ਲੈਣਾ ਬਿਹਤਰ ਹੈ।

### ਮੁੜ ਵਰਤੋਂਯੋਗ ਕੰਟੇਨਰਾਂ ਦੀ ਵਰਤੋਂ ਕਰੋ

ਇੱਕ ਬੋਤਲ ਜਾਂ ਕੰਟੇਨਰ ਦੀ ਵਰਤੋਂ ਕਰੋ ਜਿਸਨੂੰ ਕਈ ਵਾਰ ਧੋਇਆ ਅਤੇ ਦੁਬਾਰਾ ਵਰਤਿਆ ਜਾ ਸਕਦਾ ਹੈ। ਉਦਾਹਰਣ ਵਜੋਂ, ਬਾਜ਼ਾਰ ਵਿੱਚ ਉਪਲਬਧ ਪਲਾਸਟਿਕ ਦੀਆਂ ਬੋਤਲਾਂ ਦੀ ਬਜਾਏ, ਆਪਣੀ ਖੁਦ ਦੀ ਬੋਤਲ ਲੈ ਕੇ ਜਾਓ ਅਤੇ ਵਾਰ-ਵਾਰ ਪਾਣੀ ਨਾਲ ਭਰੋ।

### ਬਿਜਲੀ ਬਚਾਓ

ਆਮ ਤੌਰ 'ਤੇ ਵਰਤੇ ਜਾਂਦੇ ਬਲਬਾਂ ਨੂੰ ਊਰਜਾ-ਕੁਸ਼ਲ ਲਾਈਟ ਬਲਬਾਂ ਨਾਲ ਬਦਲੋ। ਇਹ ਲੰਬੇ ਸਮੇਂ ਤੱਕ ਚੱਲਦੇ ਹਨ। ਜਦੋਂ ਤੁਸੀਂ ਟੀਵੀ, ਲਾਈਟਾਂ ਜਾਂ ਹੋਰ ਇਲੈਕਟ੍ਰਾਨਿਕ ਚੀਜ਼ਾਂ ਦੀ ਵਰਤੋਂ ਨਹੀਂ ਕਰ ਰਹੇ ਹੋ, ਤਾਂ ਉਹਨਾਂ ਨੂੰ ਬੰਦ ਕਰ ਦਿਓ।

### ਪਾਣੀ ਬਚਾਓ

ਅਸੀਂ ਬਹੁਤ ਸਾਰਾ ਪਾਣੀ ਵੀ ਬਰਬਾਦ ਕਰਦੇ ਹਾਂ। ਜਦੋਂ ਤੁਸੀਂ ਆਪਣੇ ਦੰਦ ਬੁਰਸ਼ ਕਰ ਰਹੇ ਹੋ, ਤਾਂ ਪਾਣੀ ਦੀ ਟੂਟੀ ਬੰਦ ਕਰ ਦਿਓ। ਜਦੋਂ ਤੱਕ ਤੁਸੀਂ ਨਹਾਉਣ ਲਈ ਤਿਆਰ ਨਹੀਂ ਹੋ ਜਾਂਦੇ, ਉਦੋਂ ਤੱਕ ਸ਼ਾਵਰ ਨਾ ਚਲਾਓ। ਬਰਤਨ ਧੋਣ ਵੇਲੇ ਪਾਣੀ ਦੀ ਬਰਬਾਦੀ ਨਾ ਕਰੋ।

### ਕਾਰ ਦੀ ਵਰਤੋਂ ਘੱਟ ਤੋਂ ਘੱਟ ਕਰੋ

ਵਾਹਨ ਵਾਤਾਵਰਨ ਲਈ ਹਾਨੀਕਾਰਕ ਹਨ। ਜਨਤਕ ਆਵਾਜਾਈ, ਪੈਦਲ, ਜਾਂ ਸਾਈਕਲ ਚਲਾਉਣਾ ਬਿਹਤਰ ਵਿਕਲਪ ਹਨ ਜੋ ਵਾਤਾਵਰਣ ਦੇ ਨਾਲ-ਨਾਲ ਤੁਹਾਡੇ ਬਜਟ ਵਿੱਚ ਵੀ ਮਦਦ ਕਰਦੇ ਹਨ। ਇਸ ਤੋਂ ਇਲਾਵਾ ਤੁਹਾਨੂੰ ਵਰਕਆਊਟ ਵੀ ਮਿਲਦਾ ਹੈ। ਇਸ ਤੋਂ ਇਲਾਵਾ ਤੁਸੀਂ ਕਾਰ ਪੂਲ ਦੀ ਵਰਤੋਂ ਵੀ ਕਰ ਸਕਦੇ ਹੋ, ਇਸ ਨਾਲ ਪੈਟਰੋਲ ਦੀ ਬਚਤ ਹੋਵੇਗੀ ਅਤੇ ਪੈਸੇ ਵੀ ਘੱਟ ਹੋਣਗੇ।

### ਸ਼ਾਕਾਹਾਰੀ ਖਾਓ

ਆਪਣੀ ਖੁਰਾਕ ਵਿੱਚੋਂ ਮੀਟ, ਮੱਛੀ ਜਾਂ ਡੇਅਰੀ ਉਤਪਾਦਾਂ ਨੂੰ ਹਟਾਓ। ਅਜਿਹਾ ਕਰਨ ਨਾਲ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਅਤੇ ਊਰਜਾ ਦੀ ਖਪਤ ਨੂੰ ਘਟਾਉਣ ਵਿੱਚ ਮਦਦ ਮਿਲੇਗੀ। ਇਸ ਤੋਂ ਇਲਾਵਾ, ਤੁਸੀਂ ਦੁਬਾਰਾ ਵਰਤੋਂ ਯੋਗ ਮਾਸਕ ਦੀ ਵਰਤੋਂ ਕਰ ਸਕਦੇ ਹੋ। ਡਿਸਪੋਜ਼ੇਬਲ ਮਾਸਕ ਦੀ ਬਹੁਤ ਜ਼ਿਆਦਾ ਬਰਬਾਦੀ ਹੁੰਦੀ ਹੈ, ਕਿਉਂਕਿ ਇਨ੍ਹਾਂ ਨੂੰ ਇੱਕ ਵਾਰ ਪਹਿਨ ਕੇ ਸੁੱਟ ਦੇਣਾ ਪੈਂਦਾ ਹੈ। ਇਸ ਤੋਂ ਇਲਾਵਾ ਇਸ ਦਾ ਅਸਰ ਜੰਗਲੀ ਜੀਵ ਜੰਤੂਆਂ 'ਤੇ ਵੀ ਪੈ ਰਿਹਾ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035



# ਕਿਰਨਾਂ ਵਾਲਾ ਸੂਰਜ

-ਜਸਬੀਰ ਸਿੰਘ ਆਹਲੂਵਾਲੀਆ

ਰਮਨ ਦੇ ਘਰ ਚਾਰ ਦੋਸਤਾਂ ਦੀ ਪਾਰਟੀ ਚੱਲ ਰਹੀ ਸੀ। ਕਰੋਨਾ ਮਹਾਂਮਾਰੀ ਦੇ ਕਹਿਰ ਤੋਂ ਬਾਅਦ ਮਸਾਂ ਮਸਾਂ ਇਹ ਚਾਰ ਦੋਸਤ ਇਕੱਠੇ ਹੋਏ ਸਨ। ਸਿਰਫ਼ ਦੋਸਤ, ਇਨ੍ਹਾਂ ਦੀਆਂ ਪਤਨੀਆਂ ਨਹੀਂ। ਰਮਨ ਦੀ ਪਤਨੀ ਇੱਕ ਹਸਪਤਾਲ ਵਿੱਚ ਨਰਸ ਦੀ ਨੌਕਰੀ ਕਰਦੀ ਸੀ ਜਿੱਥੇ ਅੱਜ ਉਸ ਦੀ ਰਾਤ ਦੀ ਡਿਊਟੀ ਸੀ। ਇਸ ਲਈ ਰਮਨ ਦਾ ਘਰ ਹੀ ਚਾਰੇ ਦੋਸਤਾਂ ਨੂੰ ਪਾਰਟੀ ਲਈ ਠੀਕ ਲੱਗਿਆ।

ਗੱਲਾਂ ਬਾਤਾਂ ਹੋ ਰਹੀਆਂ ਸਨ। ਖਾਣ-ਪੀਣ ਦਾ ਦੌਰ ਚੱਲ ਰਿਹਾ ਸੀ। ਘਰ ਦੀ ਬਾਲਕੋਨੀ ਵਿੱਚ ਬੈਠੇ ਇਹ ਚਾਰੇ ਦੋਸਤ ਅਤੇ ਬਾਹਰ ਦਿਸਦੀ ਖ਼ੂਬਸੂਰਤ ਪਹਾੜੀ ਦੇ ਨਜ਼ਾਰੇ ਦਾ ਆਨੰਦ ਮਾਣ ਰਹੇ ਸਨ। ਫਿਰ ਮੀਂਹ ਵੀ ਤਾਂ ਪੈ ਰਿਹਾ ਸੀ ਜੋ ਪਹਾੜੀ ਦੀ ਖ਼ੂਬਸੂਰਤੀ ਵਿੱਚ ਵਾਧਾ ਤਾਂ ਕਰ ਰਿਹਾ ਸੀ, ਪਰ ਨਾਲ ਦੀ ਨਾਲ ਇੱਕ ਮਿੱਠੀ ਮਿੱਠੀ ਸੰਗੀਤਕ ਧੁੰਨ ਵੀ ਪੈਦਾ ਕਰ ਰਿਹਾ ਸੀ। ਵਿੱਚ ਵਿੱਚ ਬੱਦਲਾਂ ਦੇ ਗਰਜਣ ਦੀ ਆਵਾਜ਼ ਆ ਰਹੀ ਸੀ ਜਿਵੇਂ ਕੋਈ ਢੋਲ ਵਜਾ ਰਿਹਾ ਹੋਵੇ। ਫਿਰ ਬਿਜਲੀ ਦੀ ਕੜ ਕੜ ਤੇ ਫਿਰ ਵਿੱਚ ਵਿੱਚ ਤੇਜ਼ ਹਵਾ ਦੀ ਸ਼ਾਂ ਸ਼ਾਂ। ਸਭ ਕੁਝ ਮਿਲਾ ਕੇ ਇੱਕ ਮਿੱਠਾ ਜਿਹਾ ਸੰਗੀਤ ਪੈਦਾ ਹੋ ਰਿਹਾ ਸੀ ਜਿਸ ਦਾ ਚਾਰੇ ਦੋਸਤ ਭਰਪੂਰ ਆਨੰਦ ਲੈ ਰਹੇ ਸਨ।

ਕੁਦਰਤ ਦੇ ਸੰਗੀਤ ਦਾ ਆਨੰਦ ਮਾਣਦੇ ਮਾਣਦੇ ਰਮਨ ਨੇ ਬੌਲੀਵੁੱਡ ਦੀਆਂ ਹਿੰਦੀ ਫਿਲਮਾਂ ਦੇ ਗੀਤ ਲਾ ਦਿੱਤੇ। ਗੀਤ ਚੱਲਣ ਲੱਗੇ। ਮੁਹੰਮਦ ਰਫ਼ੀ ਤੇ ਕਿਸ਼ੋਰ ਕੁਮਾਰ ਦੇ ਗੀਤ, ਲਤਾ ਮੰਗੇਸ਼ਕਰ ਤੇ ਆਸ਼ਾ ਭੌਂਸਲੇ ਦੇ ਗੀਤ, ਮੁਕੇਸ਼ ਤੇ ਮੰਨਾ ਡੇ ਦੇ ਗੀਤ। ਬਸ ਗੀਤ ਚੱਲੀ ਜਾ ਰਹੇ ਸਨ। ਪਾਰਟੀ ਵੀ ਚੱਲੀ ਜਾ ਰਹੀ ਸੀ। ਦੋਸਤ ਪਾਰਟੀ ਦਾ ਪੂਰਾ ਆਨੰਦ ਲੈ ਰਹੇ ਸਨ। ਮੁਹੰਮਦ ਰਫ਼ੀ ਦਾ ਇੱਕ ਗੀਤ ਸ਼ੁਰੂ ਹੋਇਆ;

ਆਜ ਮੌਸਮ ਬੜਾ ਬੇਈਮਾਨ ਹੈ, ਬੜਾ ਬੇਈਮਾਨ ਹੈ।

ਆਨੇ ਵਾਲਾ ਕੋਈ ਤੂਫ਼ਾਨ ਹੈ, ਕੋਈ ਤੂਫ਼ਾਨ ਹੈ।

ਗੀਤ ਕੰਨਾਂ ਵਿੱਚ ਪੈਂਦਿਆਂ ਹੀ ਦੋਸਤਾਂ ਦੀਆਂ ਗੱਲਾਂ ਦਾ ਵਿਸ਼ਾ ਹੀ ਬਦਲ ਗਿਆ। ਚਾਰੇ ਦੋਸਤ ਥੋੜ੍ਹਾ ਜਿਹਾ ਗੰਭੀਰ ਵੀ ਹੋ ਗਏ। ਇੱਕ ਕਹਿਣ ਲੱਗਾ, "ਯਾਰੋ! ਵਾਕਿਆ ਹੀ ਅੱਜ ਦਾ ਮੌਸਮ ਬੜਾ ਬੇਈਮਾਨ ਹੈ।"

ਦੂਜੇ ਨੇ ਕਿਹਾ, "ਤੁਹਾਨੂੰ ਪਤਾ ਹੈ ਕਿ ਲਿਯਮੋਰ ਸ਼ਹਿਰ ਵਿੱਚ ਹੜ੍ਹ ਆ ਗਿਆ ਹੈ। ਬਹੁਤ ਤਬਾਹੀ ਹੋਈ ਹੈ ਉੱਥੇ।"

ਤੀਜੇ ਨੇ ਕਿਹਾ, "ਪਿਛਲੇ ਦਸਾਂ ਕੁ ਦਿਨਾਂ ਤੋਂ ਲਗਾਤਾਰ ਏਨੀ ਤੇਜ਼ ਮੀਂਹ ਪੈ ਰਿਹਾ ਹੈ, ਤੂਫ਼ਾਨ ਵੀ ਆ ਰਿਹਾ ਹੈ। ਇਸ ਨਾਲ ਹੜ੍ਹ ਨਹੀਂ ਆਵੇਗਾ ਤੇ ਹੋਰ ਕੀ ਆਵੇਗਾ?"

ਹਰਜੋਤ ਸਮੋਸਿਆਂ ਵਾਲੀ ਪਲੇਟ ਫੜਦਿਆਂ ਕਹਿਣ ਲੱਗਾ, "ਮੇਰੀ ਤਾਂ ਸਮਝ ਵਿੱਚ ਕੁਝ ਨਹੀਂ ਆ ਰਿਹਾ ਕਿ ਇਸ ਮੌਸਮ ਦੀ ਮਰਜ਼ੀ ਕੀ ਹੈ? ਜਾਪਦੈ ਬਹੁਤ ਤਬਾਹੀ ਕਰੇਗਾ, ਪਤਾ ਨਹੀਂ ਰੱਬ ਨੂੰ ਕੀ ਮਨਜ਼ੂਰ ਹੈ? ਰੱਬ ਹੈ ਵੀ ਕਿ ਨਹੀਂ?"

ਪਹਿਲੇ ਦੋਸਤ ਨੇ ਵਿਸਕੀ ਦੀ ਚੁਸਕੀ ਲੈਂਦਿਆਂ ਫਿਰ ਕਿਹਾ, "ਤੁਹਾਨੂੰ ਪਤਾ ਹੈ ਕਿ ਵੈਂਟੀ ਵਿੱਚ ਇੱਕ ਮਾਂ ਤੇ ਪੁੱਤ ਹੜ੍ਹ ਦੀ ਲਪੇਟ ਵਿੱਚ ਆ ਕੇ ਇਹ ਦੁਨੀਆ ਹੀ ਛੱਡ ਗਏ ਨੇ।"

ਮਾਂ ਤੇ ਪੁੱਤ ਦੀ ਬੁਰੀ ਖ਼ਬਰ ਸੁਣ ਕੇ ਹਰਜੋਤ ਨੂੰ ਆਪਣੀ ਪਤਨੀ ਚੇਤਨ ਤੇ ਚਾਰ ਕੁ ਸਾਲਾਂ ਦੀ ਧੀ ਰੋਜ਼ੀ ਦਾ ਖ਼ਿਆਲ ਆ ਗਿਆ, ਜਿਸ ਨੂੰ ਉਹ ਪਿਆਰ ਨਾਲ 'ਗੁੱਡੋ ਰਾਣੀ' ਕਹਿ ਕੇ ਬੁਲਾਉਂਦਾ ਸੀ।

"ਮੇਰੀ ਗੁੱਡੋ ਰਾਣੀ ਦਾ ਤਾਂ ਇਹੋ ਜਿਹੇ ਮੌਸਮ ਤੋਂ ਡਰ ਕੇ ਬੁਰਾ ਹਾਲ ਹੋ ਗਿਆ ਹੋਵੇਗਾ। ਪਤਾ ਨਹੀਂ ਚੇਤਨ ਉਸ ਨੂੰ ਕਿਵੇਂ ਸੰਭਾਲਦੀ ਹੋਵੇਗੀ ਤੇ ਪਤਾ ਨਹੀਂ ਉਸ ਨੇ ਕੁਝ ਖਾਧਾ ਪੀਤਾ ਵੀ ਹੋਵੇਗਾ ਕਿ ਨਹੀਂ?"

ਰੋਜ਼ੀ ਦੇ ਖਾਣ-ਪੀਣ ਦਾ ਖ਼ਿਆਲ ਆਉਂਦਿਆਂ ਹੀ ਹਰਜੋਤ ਨੇ ਆਪਣੇ ਹੱਥ ਵਿੱਚ ਫੜੀ ਸਮੋਸਿਆਂ ਦੀ ਪਲੇਟ ਨੂੰ ਵਾਪਸ ਮੇਜ਼ 'ਤੇ ਰੱਖ ਦਿੱਤਾ। ਉਸ ਨੇ ਆਪਣੇ ਆਪ ਨੂੰ ਝਿੜਕਿਆ, "ਹਰਜੋਤ ! ਤੈਨੂੰ ਇਹੋ ਜਿਹੇ ਮੌਸਮ ਵਿੱਚ ਚੇਤਨ ਤੇ ਰੋਜ਼ੀ ਨੂੰ ਘਰ ਛੱਡ ਕੇ ਨਹੀਂ ਸੀ ਆਉਣਾ ਚਾਹੀਦਾ।" ਉਸ ਨੇ ਆਪਣੀ ਘੜੀ 'ਤੇ ਵਕਤ ਵੇਖਿਆ। ਰਾਤ ਦੇ ਸਵਾ ਸੱਤ ਵੱਜੇ ਸਨ। ਉਸ ਨੂੰ ਰਮਨ ਦੇ ਘਰ ਤੋਂ ਆਪਣੇ ਘਰ ਪਹੁੰਚਦਿਆਂ ਤਕਰੀਬਨ ਇੱਕ ਘੰਟਾ ਲੱਗਦਾ ਸੀ, ਪਰ ਅੱਜ ਦੇ ਖ਼ਰਾਬ ਮੌਸਮ ਵਿੱਚ ਪਤਾ ਨਹੀਂ ਕਿੰਨਾ ਵਕਤ ਲੱਗ ਜਾਏ। ਕਾਰ ਵੀ ਤਾਂ ਸੰਭਲ ਸੰਭਲ ਕੇ ਚਲਾਉਣੀ ਪਏਗੀ।

ਹਰਜੋਤ ਆਪਣੀ ਕੁਰਸੀ ਤੋਂ ਉੱਠਿਆ। ਦੋਸਤਾਂ ਨੂੰ ਅਲਵਿਦਾ ਕਿਹਾ ਤੇ ਪਾਰਟੀ ਵਿੱਚ ਹੀ ਛੱਡ ਕੇ ਆਪਣੇ ਘਰ ਨੂੰ ਤੁਰ ਪਿਆ। ਦੋਸਤ ਉਸ ਨੂੰ ਰੋਕਦੇ ਰਹੇ, ਪਰ ਉਹ ਨਾ ਰੁਕਿਆ। ਉਹ ਆਪਣੀ ਚੇਤਨ ਅਤੇ ਆਪਣੀ ਲਾਡਲੀ ਧੀ ਗੁੱਡੋ ਰਾਣੀ ਕੋਲ ਜਲਦੀ ਤੋਂ ਜਲਦੀ ਤੇ ਠੀਕ ਠਾਕ ਪਹੁੰਚ ਜਾਣਾ ਚਾਹੁੰਦਾ ਸੀ ਤੇ ਕੋਈ ਡੇਢ ਕੁ ਘੰਟੇ ਬਾਅਦ ਉਹ ਠੀਕ ਠਾਕ ਪਹੁੰਚ ਵੀ ਗਿਆ।

ਹਰਜੋਤ ਜਿਉਂ ਹੀ ਘਰ ਦੇ ਅੰਦਰ ਦਾਖਲ ਹੋਇਆ, ਉਸ ਦੀ ਗੁੱਡੋ ਰਾਣੀ ਦੌੜ ਕੇ ਪਾਪਾ ਪਾਪਾ ਕਰਦੀ ਉਸ ਦੀਆਂ ਲੱਤਾਂ ਨੂੰ ਚਿੰਬੜ ਗਈ। ਹਰਜੋਤ ਨੇ ਚੁੱਕ ਕੇ ਉਸ ਨੂੰ ਆਪਣੇ ਗਲ ਨਾਲ ਲਾ ਲਿਆ। ਰੋਜ਼ੀ ਨੇ ਘੁੱਟ ਕੇ ਪਾਪਾ ਨੂੰ ਜੱਫੀ ਪਾ ਲਈ। ਹਰਜੋਤ ਨੇ ਉਸ ਨੂੰ ਆਪਣੇ ਕੁੱਛੜੋਂ ਉਤਾਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਕੰਮ ਵਿੱਚ ਉਸ ਨੂੰ ਤੇ ਚੇਤਨ ਨੂੰ ਥੋੜ੍ਹੀ ਮਿਹਨਤ ਕਰਨੀ ਪਈ। ਚੇਤਨ ਨੇ ਦੱਸਿਆ ਕਿ ਰੋਜ਼ੀ ਮੀਂਹ ਹਨੇਰੀ, ਬਿਜਲੀ ਤੇ ਬੱਦਲਾਂ ਦੀ ਆਵਾਜ਼ ਤੋਂ ਬਹੁਤ ਡਰ ਰਹੀ ਹੈ। ਹਰਜੋਤ ਨੇ ਪੁੱਛਿਆ ਕਿ ਉਸ ਨੇ ਕੁਝ ਖਾ ਪੀ ਲਿਆ ਹੈ ਕਿ ਨਹੀਂ?

ਚੇਤਨ ਨੇ ਦੱਸਿਆ ਕਿ ਉਸ ਨੇ ਗੁੱਡੋ ਰਾਣੀ ਦੇ ਤਰਲੇ ਮਿੰਨਤਾਂ ਕਰ ਕੇ ਖਾਣਾ ਖਵਾ ਦਿੱਤਾ ਹੈ। ਦੋਵੇਂ ਮੰਮੀ-ਪਾਪਾ ਰੋਜ਼ੀ ਨੂੰ ਲੈ ਕੇ ਲਾਊਂਜ ਰੂਮ ਦੇ ਸੋਫ਼ੇ 'ਤੇ ਬੈਠ ਗਏ। ਰੋਜ਼ੀ ਆਪਣੀ ਮੰਮੀ ਦੀ ਗੋਦੀ ਵਿੱਚ ਬੈਠ ਗਈ ਤੇ ਹਰਜੋਤ ਨੇ ਉਸ ਨੂੰ ਦਿਲਾਸਾ ਦਿੰਦਿਆਂ ਸਮਝਾਇਆ ਕਿ ਉਸ ਨੂੰ ਇਹੋ ਜਿਹੇ ਖ਼ਰਾਬ ਮੌਸਮ ਤੋਂ ਬਿਲਕੁਲ ਨਹੀਂ ਡਰਨਾ ਚਾਹੀਦਾ। ਹਰਜੋਤ ਨੇ ਰੋਜ਼ੀ ਨੂੰ ਛੋਟੀਆਂ ਛੋਟੀਆਂ ਬਾਲ ਕਹਾਣੀਆਂ ਸੁਣਾਉਣੀਆਂ ਸ਼ੁਰੂ ਕੀਤੀਆਂ। ਆਖ਼ਰ ਕਹਾਣੀਆਂ ਸੁਣਦਿਆਂ ਸੁਣਦਿਆਂ ਰੋਜ਼ੀ ਨੂੰ ਨੀਂਦ ਆ ਹੀ ਗਈ ਤੇ ਉਹ ਆਪਣੀ ਮੰਮੀ ਦੀ ਗੋਦ ਵਿੱਚ ਹੀ ਸੌਂ ਗਈ।

ਰਾਤ ਕਾਫ਼ੀ ਹੋ ਗਈ ਸੀ। ਪਿਛਲੇ ਘੰਟੇ ਕੁ ਤੋਂ ਮੀਂਹ ਬੰਦ ਹੋਇਆ ਪਿਆ ਸੀ। ਨਾ ਬਿਜਲੀ ਦੀ ਕੜ ਕੜ, ਨਾ ਬੱਦਲਾਂ ਦੀ ਗੜ ਗੜ ਅਤੇ ਨਾ ਹੀ ਹਨੇਰੀ ਦੀ ਸ਼ਾਂ ਸ਼ਾਂ। ਬਹੁਤ ਹੀ ਸ਼ਾਂਤੀ ਮਹਿਸੂਸ ਹੋ ਰਹੀ ਸੀ। ਜਿਉਂ ਹੀ ਹਰਜੋਤ ਤੇ ਚੇਤਨ ਰੋਜ਼ੀ ਨੂੰ ਲੈ ਕੇ ਸੌਣ ਵਾਲੇ ਕਮਰੇ ਵਿੱਚ ਗਏ, ਇਕਦਮ ਬਹੁਤ ਹੀ ਜ਼ੋਰ ਨਾਲ ਬਿਜਲੀ ਦੇ ਕੜਕਣ ਦੀ ਆਵਾਜ਼ ਆਈ ਅਤੇ ਨਾਲ ਬਹੁਤ ਜ਼ੋਰ ਨਾਲ ਬੱਦਲ ਗਰਜ ਪਏ। ਮੀਂਹ ਵੀ ਜ਼ੋਰ ਨਾਲ ਸ਼ੁਰੂ ਹੋ ਗਿਆ। ਰੋਜ਼ੀ ਇਕਦਮ ਚੀਕ ਮਾਰ ਕੇ ਜਾਗ ਪਈ। ਪਾਪਾ ਪਾਪਾ ਕਹਿੰਦੀ ਹੋਈ ਨੇ ਆਪਣੀਆਂ ਬਾਹਵਾਂ ਪਾਪਾ ਵੱਲ ਕਰ ਦਿੱਤੀਆਂ। ਉਸ ਨੂੰ ਆਪਣੀ ਮੰਮੀ ਨਾਲੋਂ ਆਪਣੇ ਪਾਪਾ ਦੀ ਗੋਦੀ ਵਿੱਚ ਜ਼ਿਆਦਾ ਸੁਰੱਖਿਆ ਮਹਿਸੂਸ ਹੁੰਦੀ ਸੀ। ਹਰਜੋਤ ਨੇ ਵੀ ਰੋਜ਼ੀ ਨੂੰ "ਆ ਮੇਰੀ ਗੁੱਡੋ ਰਾਣੀ" ਕਹਿੰਦਿਆਂ ਹੋਇਆਂ ਘੁੱਟ ਕੇ ਆਪਣੇ ਗਲ ਨਾਲ ਲਾ ਲਿਆ।

ਬਾਹਰ ਮੀਂਹ ਵਰ੍ਹਦਾ ਰਿਹਾ। ਬਿਜਲੀ ਦੀ ਕੜ ਕੜ ਹੁੰਦੀ ਰਹੀ, ਪਰ ਰੋਜ਼ੀ ਆਪਣੇ ਪਾਪਾ ਦੀ ਗੋਦੀ ਵਿੱਚ ਸੁਰੱਖਿਅਤ ਮਹਿਸੂਸ ਕਰਦੀ ਹੋਈ ਸੌਂ ਰਹੀ ਸੀ। ਸਾਰੇ ਦਿਨ ਦੀ ਥੱਕੀ ਹਾਰੀ ਚੇਤਨ ਵੀ ਜਲਦੀ ਹੀ ਸੌਂ ਗਈ। ਹਰਜੋਤ ਨੇ ਰੋਜ਼ੀ ਨੂੰ ਆਪਣੀ ਬੁੱਕਲ ਵਿੱਚੋਂ ਕੱਢ ਕੇ ਹੌਲੀ ਜਿਹੀ ਚੇਤਨ ਨਾਲ ਲੰਮਿਆਂ ਪਾ ਦਿੱਤਾ। ਦੋਵੇਂ ਮਾਵਾਂ ਧੀਆਂ ਸੌਂ ਰਹੀਆਂ ਸਨ, ਪਰ ਹਰਜੋਤ ਦੀਆਂ ਅੱਖਾਂ ਵਿੱਚ ਨੀਂਦ ਬਿਲਕੁਲ ਨਹੀਂ ਸੀ। ਉਹ ਕੁਝ ਦੇਰ ਤਾਂ ਚੇਤਨ ਤੇ ਰੋਜ਼ੀ ਨੂੰ ਸੁੱਤਿਆਂ ਪਿਆਂ ਵੇਖਦਾ ਰਿਹਾ, ਫਿਰ ਉਸ ਨੇ ਸਾਰੇ ਕਮਰੇ ਵਿੱਚ ਨਜ਼ਰ ਘੁਮਾਈ। ਬਾਹਰ ਮੀਂਹ ਜ਼ੋਰ ਸ਼ੋਰ ਨਾਲ ਵਰ੍ਹ ਰਿਹਾ ਸੀ, ਬਿਜਲੀ ਵੀ ਜਦੋਂ ਕੜਕਦੀ ਤਾਂ ਜ਼ੋਰਾਂ ਨਾਲ ਕੜਕਦੀ, ਬੱਦਲ ਵੀ ਜ਼ੋਰਾਂ ਨਾਲ ਗਰਜਦੇ ਅਤੇ ਤੇਜ਼ ਹਵਾ ਵੀ ਇਸ ਡਰਾਉਣੇ ਮਾਹੌਲ ਵਿੱਚ ਆਪਣਾ ਹਿੱਸਾ ਪਾ ਰਹੀ ਸੀ।

ਹਰਜੋਤ ਨੂੰ ਡਰ ਜਿਹਾ ਲੱਗਣ ਲੱਗ ਪਿਆ। ਉਹ ਸੱਚੀਂ ਮੁੱਚੀਂ ਹੀ ਡਰਨ ਲੱਗ ਪਿਆ। ਉਸ ਨੂੰ ਲਿਯਮੋਰ ਸ਼ਹਿਰ ਦੀ ਹੜ੍ਹ ਤੇ ਵੈਂਟੀ ਵਿੱਚ ਮਾਂ-ਪੁੱਤ ਦਾ ਹੜ੍ਹ ਦੀ ਲਪੇਟ ਵਿੱਚ ਆ ਕੇ ਇਸ ਦੁਨੀਆ ਨੂੰ ਛੱਡ ਜਾਣਾ ਸਭ ਯਾਦ ਆਉਣ ਲੱਗਾ। ਉਹ ਫਿਰ ਸੋਚਣ ਲੱਗਾ, ਪਿਛਲੇ ਦਸ ਕੁ ਦਿਨਾਂ ਤੋਂ ਇਹ ਮੌਸਮ ਤਬਾਹੀ ਮਚਾ ਰਿਹਾ ਹੈ। ਸੂਰਜ ਦੇਵਤਾ ਦੇ ਦਰਸ਼ਨ ਕੀਤਿਆਂ ਵੀ ਏਨੇ ਕੁ ਦਿਨ ਤਾਂ ਹੋ ਹੀ ਗਏ ਹਨ। ਰੋਜ਼ੀ ਨੇ ਵੀ ਇੱਕ ਦਿਨ ਉਸ ਨੂੰ ਪੁੱਛਿਆ ਸੀ ਕਿ ਪਾਪਾ! ਸੂਰਜ ਕਦੋਂ ਸਾਡੇ ਘਰ ਆਏਗਾ? ਹਰਜੋਤ ਨੇ ਅੱਗੋਂ ਹੱਸ ਕੇ ਟਾਲ ਦਿੱਤਾ ਸੀ। ਉਸ ਨੇ ਫਿਰ ਮਾਵਾਂ ਧੀਆਂ ਨੂੰ ਸੁੱਤਿਆਂ ਪਿਆਂ ਵੇਖਿਆ। ਉਸ ਦੇ ਬੁੱਲ੍ਹਾਂ 'ਤੇ ਇੱਕ ਮੁਸਕਰਾਹਟ ਆਈ। ਉਸ ਨੇ ਇੱਕ ਵਾਰੀ ਫਿਰ ਸਾਰੇ ਕਮਰੇ ਵਿੱਚ ਨਜ਼ਰ ਘੁੰਮਾਈ। ਉਸ ਨੂੰ ਆਪਣੇ ਬਚਪਨ ਵਾਲਾ ਘਰ ਯਾਦ ਆਉਣ ਲੱਗਾ।

ਵਿਚਾਰਾਂ ਦੇ ਹੜ੍ਹ ਵਿੱਚ ਡੁੱਬਦਾ ਡੁੱਬਦਾ ਹਰਜੋਤ ਉਨ੍ਹਾਂ ਹੜ੍ਹ ਦੇ ਦਿਨਾਂ ਵਿੱਚ ਪਹੁੰਚ ਗਿਆ ਜਦੋਂ ਉਹ ਪੰਜ ਕੁ ਸਾਲ ਦਾ ਹੁੰਦਾ ਸੀ। ਉਹ ਆਪਣੇ ਮਾਂ-ਬਾਪ ਨਾਲ ਅੰਮ੍ਰਿਤਸਰ ਦੀ ਇੱਕ ਨੀਵੀਂ ਗਲੀ ਵਿੱਚ ਇੱਕ ਤਿੰਨ ਮੰਜ਼ਿਲਾ ਮਕਾਨ ਦੀ ਤੀਜੀ ਮੰਜ਼ਿਲ ਵਿੱਚ ਕਿਰਾਏ 'ਤੇ ਰਹਿੰਦਾ ਸੀ। ਬੜਾ ਜ਼ੋਰਦਾਰ ਹੜ੍ਹ ਆਇਆ ਸੀ। ਉਨ੍ਹਾਂ ਦੀ ਇਸ ਨੀਵੀਂ ਗਲੀ ਵਿੱਚ ਏਨਾ ਜ਼ਿਆਦਾ ਪਾਣੀ ਆ ਗਿਆ ਸੀ ਕਿ ਮਕਾਨ ਦੀ ਪਹਿਲੀ ਮੰਜ਼ਿਲ ਪਾਣੀ ਵਿੱਚ ਡੁੱਬੀ ਨਹੀਂ ਸੀ, ਪਰ ਡੁੱਬਣ ਵਾਲੀ ਜ਼ਰੂਰ ਹੋ ਗਈ ਸੀ। ਬਸ ਪਤਾ ਨਹੀਂ ਕਿਉਂ ਇਹ ਛੋਟਾ ਜਿਹਾ ਪਰਿਵਾਰ ਤੀਜੀ ਮੰਜ਼ਿਲ 'ਤੇ ਫਸ ਗਿਆ ਸੀ।

ਰਾਤ ਦਾ ਵਕਤ ਸੀ। ਮੀਂਹ ਬਹੁਤ ਜ਼ੋਰ ਨਾਲ ਵਰ੍ਹ ਰਿਹਾ ਸੀ। ਬਿਜਲੀ ਬਹੁਤ ਜ਼ੋਰ ਨਾਲ ਕੜਕ ਰਹੀ ਸੀ। ਬੱਦਲ ਬਹੁਤ ਜ਼ੋਰ ਨਾਲ ਗਰਜ ਰਹੇ ਸਨ। ਹਵਾ ਦੀ ਸ਼ਾਂ ਸ਼ਾਂ ਵੀ ਡਰਾ ਰਹੀ ਸੀ। ਨੀਵੀਂ ਗਲੀ ਵਿੱਚ ਦੋ ਕੱਚੇ ਮਕਾਨ ਤਾਂ ਢਹਿ ਵੀ ਚੁੱਕੇ ਸਨ। ਹਰਜੋਤ ਦੇ ਮਾਂ-ਬਾਪ ਜਿਨ੍ਹਾਂ ਨੂੰ ਉਹ ਬੀਜੀ ਤੇ ਭਾਪਾ ਜੀ ਕਹਿ ਕੇ ਬੁਲਾਉਂਦਾ ਸੀ, ਬਹੁਤ ਡਰੇ ਹੋਏ ਤੇ ਘਬਰਾਏ ਹੋਏ ਸਨ ਅਤੇ ਉਨ੍ਹਾਂ ਤੋਂ ਜ਼ਿਆਦਾ ਡਰਿਆ ਹੋਇਆ ਤੇ ਸਹਿਮਿਆ ਹੋਇਆ ਸੀ ਇਹ ਛੋਟਾ ਜਿਹਾ ਬਾਲ ਹਰਜੋਤ ਆਪ।

ਘਰ ਦੇ ਅਗਲੇ ਪਾਸੇ ਇੱਕ ਬੈਠਕ ਸੀ ਜਿਸ ਦੀਆਂ ਬਾਰੀਆਂ ਵਿੱਚੋਂ ਬਾਹਰ ਗਲੀ ਵਿੱਚ ਵੇਖਿਆ ਜਾ ਸਕਦਾ ਸੀ। ਗਲੀ ਤਾਂ ਇੱਕ ਨਹਿਰ ਬਣੀ ਹੋਈ ਸੀ। ਬੈਠਕ ਵਿੱਚੋਂ ਹੀ ਇੱਕ ਦਰਵਾਜ਼ਾ ਰਸੋਈ ਵਿੱਚ ਖੁੱਲ੍ਹਦਾ ਸੀ। ਸਾਰੇ ਘਰ ਵਿੱਚ ਇੱਕ ਰਸੋਈ ਹੀ ਸੀ ਜਿਸ ਨੂੰ ਸੁਰੱਖਿਅਤ ਸਮਝਿਆ ਜਾ ਸਕਦਾ ਸੀ। ਭਾਪਾ ਜੀ ਤੇ ਬੀਜੀ ਨੇ ਆਪਣੇ ਇਕਲੌਤੇ ਬੱਚੇ ਨੂੰ ਨਾਲ ਲਿਆ ਤੇ ਰਸੋਈ ਵਿੱਚ ਦਰੀਆਂ ਵਿਛਾ ਕੇ ਬੈਠ ਗਏ। ਹਰਜੋਤ ਨੂੰ ਚੰਗੀ ਤਰ੍ਹਾਂ ਯਾਦ ਆਇਆ ਕਿ ਉਹ ਇਕਦਮ ਡਰਿਆ ਤੇ ਸਹਿਮਿਆ ਹੋਇਆ ਆਪਣੇ ਬੀਜੀ ਦੀ ਗੋਦ ਵਿੱਚ ਬੈਠਾ ਸੀ। ਭਾਪਾ ਜੀ ਦੇ ਮੂੰਹੋਂ ਨਿਕਲਿਆ ਸੀ, "ਇਹ ਮੌਸਮ ਤਾਂ ਤਬਾਹੀ ਕਰ ਕੇ ਛੱਡੇਗਾ। ਪਤਾ

ਨਹੀਂ ਵਾਹਿਗੁਰੂ ਨੂੰ ਕੀ ਮਨਜ਼ੂਰ ਹੈ? ਪਤਾ ਨਹੀਂ ਵਾਹਿਗੁਰੂ ਹੈ ਵੀ ਕਿ ਨਹੀਂ?"

ਬੀਜੀ ਵਾਹਿਗੁਰੂ ਵਾਹਿਗੁਰੂ ਕਰਦੇ ਰਹੇ। ਹਰਜੋਤ ਵਾਹਿਗੁਰੂ ਵਾਹਿਗੁਰੂ ਸੁਣਦਾ ਸੁਣਦਾ ਪਤਾ ਨਹੀਂ ਕਿਹੜੇ ਵੇਲੇ ਬੀਜੀ ਦੀ ਗੋਦ ਵਿੱਚ ਸੌਂ ਗਿਆ। ਪਤਾ ਨਹੀਂ ਕਿਹੜੇ ਵੇਲੇ ਹਰਜੋਤ ਆਪਣੇ ਬਚਪਨ ਦੀਆਂ ਹੜ੍ਹ ਮਾਰੀਆਂ ਯਾਦਾਂ ਵਿੱਚੋਂ ਵਾਪਸ ਆ ਗਿਆ। ਚੇਤਨ ਤੇ ਰੋਜ਼ੀ ਨੂੰ ਸੁੱਤਿਆਂ ਵੇਖ ਕੇ ਉਸ ਨੂੰ ਇੱਕ ਤਸੱਲੀ ਜਿਹੀ ਹੋਈ। ਉਸ ਨੂੰ ਖ਼ੁਦ ਵੀ ਪਤਾ ਨਾ ਲੱਗਿਆ ਕਿ ਉਹ ਕਿਹੜੇ ਵੇਲੇ ਸੌਂ ਗਿਆ।

ਸਵੇਰ ਹੋ ਗਈ। ਚੇਤਨ ਜਾਗ ਤਾਂ ਪਈ ਸੀ, ਪਰ ਅਜੇ ਬਿਸਤਰੇ ਵਿੱਚ ਹੀ ਪਲਸੇਟੇ ਮਾਰ ਰਹੀ ਸੀ। ਕਦੇ ਰੋਜ਼ੀ ਨੂੰ ਸੁੱਤਿਆਂ ਵੇਖਦੀ ਤੇ ਕਦੇ ਹਰਜੋਤ ਨੂੰ। ਦੋਵਾਂ ਨੂੰ ਸੁੱਤਿਆਂ ਵੇਖ ਕੇ ਉਸ ਦੇ ਮਨ ਨੂੰ ਇੱਕ ਖ਼ੁਸ਼ੀ ਜਿਹੀ ਮਹਿਸੂਸ ਹੋਈ। ਉਹ 'ਵਾਹਿਗੁਰੂ ਤੇਰਾ ਸ਼ੁਕਰ ਹੈ' ਕਹਿੰਦੀ ਹੋਈ ਬਿਸਤਰੇ ਵਿੱਚੋਂ ਉੱਠੀ ਤੇ ਕਮਰੇ ਦੇ ਪਰਦੇ ਖੋਲ੍ਹ ਦਿੱਤੇ। ਬਾਹਰ ਸੂਰਜ ਚੜ੍ਹ ਰਿਹਾ ਸੀ। ਉਸ ਦੀਆਂ ਕਿਰਨਾਂ ਥੋੜ੍ਹਾ ਥੋੜ੍ਹਾ ਚਾਨਣ ਕਰ ਰਹੀਆਂ ਸਨ। ਚੇਤਨ ਗੁਸਲਖ਼ਾਨੇ ਵਿੱਚ ਗਈ ਅਤੇ ਬਾਹਰ ਆ ਕੇ ਫਿਰ ਰਸੋਈ ਵਿੱਚ ਚਲੀ ਗਈ। ਸ਼ਾਇਦ ਹਰ ਰੋਜ਼ ਵਾਂਗ ਚਾਹ ਬਣਾ ਕੇ ਲਿਆਏਗੀ ਤੇ ਬੜੇ ਪਿਆਰ ਨਾਲ ਹਰਜੋਤ ਨੂੰ ਜਗਾਏਗੀ। ਹਰਜੋਤ ਸ਼ਾਇਦ ਥੋੜ੍ਹਾ ਹੋਰ ਸੌਂ ਲੈਂਦਾ ਜੇ ਰੋਜ਼ੀ ਦੀ ਚੀਕ ਉਸ ਨੂੰ ਜਗਾ ਨਾ ਦਿੰਦੀ।

"ਪਾਪਾ ਪਾਪਾ" ਰੋਜ਼ੀ ਦੀ ਇਕਦਮ ਚੀਕ ਨਿਕਲੀ। ਸ਼ਾਇਦ ਕੋਈ ਡਰਾਉਣਾ ਸੁਪਨਾ ਵੇਖ ਲਿਆ ਹੋਵੇਗਾ। ਚੀਕ ਦੀ ਆਵਾਜ਼ ਤੋਂ ਹਰਜੋਤ ਤ੍ਰਭਕ ਕੇ ਜਾਗਿਆ ਤੇ "ਆ ਮੇਰੀ ਗੁੱਡੋ ਰਾਣੀ" ਕਹਿੰਦਿਆਂ ਹੋਇਆਂ ਰੋਜ਼ੀ ਨੂੰ ਆਪਣੇ ਗਲ ਨਾਲ ਲਾ ਲਿਆ। ਰੋਜ਼ੀ ਨੇ ਵੀ ਘੁੱਟ ਕੇ ਪਾਪਾ ਨੂੰ ਜੱਫੀ ਪਾ ਲਈ। ਰੋਜ਼ੀ ਦੀ ਚੀਕ ਸੁਣ ਕੇ ਚੇਤਨ ਵੀ ਰਸੋਈ ਵਿੱਚੋਂ ਦੌੜੀ ਹੋਈ ਆਈ। ਰੋਜ਼ੀ ਨੇ ਪਾਪਾ ਨਾਲ ਜੱਫੀ ਨੂੰ ਹੋਰ ਵੀ ਘੁੱਟ ਲਿਆ ਤੇ ਹੌਲੀ ਜਿਹੀ ਆਵਾਜ਼ ਵਿੱਚ ਪੁੱਛਿਆ, "ਪਾਪਾ! ਮੌਸਮ ਠੀਕ ਹੋ ਗਿਐ?"

"ਹਾਂ ਮੇਰੇ ਬੱਚੇ! ਮੇਰੀ ਗੁੱਡੋ ਰਾਣੀ! ਬਾਹਰ ਤਾਂ ਸੂਰਜ ਵੀ ਨਿਕਲ ਆਇਆ। ਆਹ ਦੇਖ! ਢੇਰ ਸਾਰੀਆਂ ਕਿਰਨਾਂ ਸਾਡੇ ਘਰ ਆ ਗਈਆਂ ਨੇ।"

ਪਾਪਾ ਨੇ ਰੋਜ਼ੀ ਨੂੰ ਤਸੱਲੀ ਦਿਵਾਈ। ਕਮਰੇ ਵਿੱਚ ਕਿਰਨਾਂ ਦੇ ਚਾਨਣ ਨੂੰ ਵੇਖ ਕੇ ਪਹਿਲਾਂ ਤਾਂ ਰੋਜ਼ੀ ਥੋੜ੍ਹਾ ਜਿਹਾ ਮੁਸਕਰਾਈ ਤੇ ਫਿਰ ਜ਼ੋਰ ਨਾਲ ਹੱਸਦੀ ਹੋਈ ਨੇ ਪਾਪਾ ਨੂੰ ਹੋਰ ਵੀ ਘੁੱਟ ਕੇ ਜੱਫੀ ਵਿੱਚ ਲੈ ਲਿਆ। ਫਿਰ ਉਸ ਨੇ ਆਪਣੀ ਮੰਮੀ ਵੱਲ ਵੇਖਿਆ ਤੇ ਕਹਿਣ ਲੱਗੀ;

"ਮੰਮੀ! ਮੇਰਾ ਹੱਥ ਘੁੱਟ ਕੇ ਫੜ ਲਓ।" ਰੋਜ਼ੀ ਨੇ ਆਪਣਾ ਹੱਥ ਮੰਮੀ ਵੱਲ ਵਧਾ ਦਿੱਤਾ ਤੇ ਮੰਮੀ ਨੇ ਰੋਜ਼ੀ ਦਾ ਹੱਥ ਘੁੱਟ ਕੇ ਫੜ ਲਿਆ। ਰੋਜ਼ੀ ਫਿਰ ਕਹਿਣ ਲੱਗੀ, "ਮੰਮੀ! ਹੁਣ ਤੁਸੀਂ ਇਸ ਮੌਸਮ ਤੋਂ ਬਿਲਕੁਲ ਨਾ ਡਰਨਾ। ਵੇਖੋ ਮੰਮੀ! ਕਿਰਨਾਂ ਵਾਲਾ ਸੂਰਜ ਸਾਡੇ ਘਰ ਆ ਗਿਆ ਏ।"

## ਮਿੰਨੀ ਕਹਾਣੀ

ਜਸਵਿੰਦਰ ਪਾਲ ਸ਼ਰਮਾ

### ਆਖ਼ਰੀ ਪੀੜ੍ਹੀ

ਆਪਣੀਆਂ ਐਨਕਾਂ ਸਾਫ਼ ਕਰਦੇ ਹੋਏ ਪਤੀ ਨੇ ਆਪਣੀ ਪਤਨੀ ਨੂੰ ਕਿਹਾ, "ਸਾਡੇ ਸਮੇਂ ਵਿੱਚ ਮੋਬਾਈਲ ਫੋਨ ਨਹੀਂ ਹੁੰਦੇ ਸਨ।"

ਪਤਨੀ ਨੇ ਆਖਿਆ, "ਪਰ ਠੀਕ 5:55 ਵਜੇ, ਮੈਂ ਪਾਣੀ ਦਾ ਗਲਾਸ ਲੈ ਕੇ ਦਰਵਾਜ਼ੇ 'ਤੇ ਆਉਂਦੀ ਅਤੇ ਤੁਸੀਂ ਆ ਜਾਂਦੇ।"

"ਮੈਂ ਤੀਹ ਸਾਲ ਕੰਮ ਕੀਤਾ, ਪਰ ਅੱਜ ਤੱਕ ਮੈਨੂੰ ਇਹ ਸਮਝ ਨਹੀਂ ਆਈ ਕਿ ਤੁਸੀਂ ਪਾਣੀ ਇਸ ਲਈ ਲੈ ਕੇ ਆਉਂਦੇ ਸੀ ਕਿਉਂਕਿ ਮੈਂ ਆਇਆ ਸੀ ਜਾਂ ਮੈਂ ਇਸ ਲਈ ਆਉਂਦਾ ਸੀ ਕਿਉਂਕਿ ਤੁਸੀਂ ਪਾਣੀ ਲਿਆਂਦਾ ਸੀ।"

"ਹਾਂ, ਮੈਨੂੰ ਯਾਦ ਹੈ. ਤੁਹਾਡੇ ਰਿਟਾਇਰ ਹੋਣ ਤੋਂ ਪਹਿਲਾਂ, ਜਦੋਂ ਤੁਹਾਨੂੰ ਸ਼ੂਗਰ ਨਹੀਂ ਸੀ ਅਤੇ ਮੈਂ ਤੁਹਾਡੀ ਮਨਪਸੰਦ ਖੀਰ ਬਣਾਉਂਦੀ ਸੀ, ਤੁਸੀਂ ਕਹਿੰਦੇ ਸੀ ਕਿ ਅੱਜ ਦੁਪਹਿਰ ਨੂੰ ਹੀ ਮੈਂ ਸੋਚਿਆ ਸੀ ਜੇ ਖੀਰ ਖਾਣ ਨੂੰ ਮਿਲ ਜਾਵੇ ਤਾਂ ਬਹੁਤ ਮਜ਼ਾ ਆਵੇਗਾ।"

"ਹਾਂ ਸੱਚਮੁੱਚ ਦਫ਼ਤਰ ਤੋਂ ਨਿਕਲਦੇ ਸਮੇਂ ਮੈਂ ਜੋ ਵੀ ਸੋਚਦਾ ਸੀ, ਜਦੋਂ ਮੈਂ ਘਰ ਆਉਂਦਾ ਸੀ ਤਾਂ ਮੈਂ ਦੇਖਦਾ ਸੀ ਕਿ ਤੁਸੀਂ ਵੀ ਉਹੀ ਚੀਜ਼ ਬਣਾਈ ਹੈ।"

"ਕੀ ਤੁਹਾਨੂੰ ਯਾਦ ਹੈ, ਮੈਂ ਆਪਣੇ ਪਹਿਲੇ ਬੱਚੇ ਲਈ ਪੇਕੇ ਘਰ ਗਈ ਸੀ ਅਤੇ ਜਦੋਂ ਦਰਦ ਸ਼ੁਰੂ ਹੋਇਆ ਤਾਂ ਮੈਂ ਚਾਹੁੰਦੀ ਸੀ ਕਿ ਤੁਸੀਂ ਮੇਰੇ ਨਾਲ ਹੁੰਦੇ। ਇੱਕ ਘੰਟੇ ਦੇ ਅੰਦਰ ਅੰਦਰ ਤੁਸੀਂ ਮੇਰੇ ਨਾਲ ਸੀ, ਜਿਵੇਂ ਇਹ ਇੱਕ ਸੁਪਨਾ ਹੋਵੇ।"

"ਹਾਂ ਉਸ ਦਿਨ ਮੇਰਾ ਮਨ ਕਿਤੇ ਵੀ ਨਹੀਂ ਲੱਗ ਰਿਹਾ ਸੀ। ਮੈਂ ਸੋਚਿਆ ਜਾ ਕੇ ਦੇਖਦਾ ਹਾਂ।"

"ਹਾਂ, ਜਦੋਂ ਦੁਪਹਿਰ ਨੂੰ ਚਾਹ ਬਣਾਉਂਦੇ ਸਮੇਂ ਮੇਰਾ ਥੋੜ੍ਹਾ ਜਿਹਾ ਹੱਥ ਸੜ ਗਿਆ ਸੀ ਅਤੇ ਉਸੇ ਸ਼ਾਮ ਨੂੰ ਤੁਸੀਂ ਆਪਣੀ ਜੇਬ ਵਿੱਚੋਂ ਬਰਨੋਲ ਦੀ ਟਿਊਬ ਕੱਢੀ ਅਤੇ ਕਿਹਾ, ਇਸ ਨੂੰ ਅਲਮਾਰੀ ਵਿੱਚ ਰੱਖ ਦਿਓ।"

"ਹਾਂ ਇੱਕ ਦਿਨ ਪਹਿਲਾਂ ਹੀ ਮੈਂ ਦੇਖਿਆ ਕਿ ਟਿਊਬ ਖ਼ਤਮ ਹੋ ਗਈ ਸੀ। ਮੈਂ ਇਹ ਸੋਚ ਕੇ ਟਿਊਬ ਲੈ ਕੇ ਆਇਆ ਸੀ ਕਿ ਪਤਾ ਨਹੀਂ ਮੈਨੂੰ ਇਸ ਦੀ ਕਦੋਂ ਲੋੜ ਪੈ ਜਾਵੇਗੀ।"

"ਤੁਸੀਂ ਕਿਹਾ ਸੀ ਕਿ ਅੱਜ ਦਫ਼ਤਰ ਤੋਂ ਬਾਅਦ ਉੱਥੇ ਆ ਜਾ। ਆਪਾਂ ਫਿਲਮ ਦੇਖਾਂਗੇ ਅਤੇ ਬਾਹਰ ਖਾਣਾ ਖਾਵਾਂਗੇ।"

"ਅਤੇ ਜਦੋਂ ਤੁਸੀਂ ਆਏ ਤਾਂ ਉਹੀ ਸੂਟ ਪਹਿਨਿਆ ਸੀ ਜਿਸ ਬਾਰੇ ਮੈਂ ਸੋਚਿਆ ਸੀ"

ਫਿਰ ਨੇੜੇ ਜਾ ਕੇ ਪਤੀ ਨੇ ਉਸ ਦਾ ਹੱਥ ਫੜ ਕੇ ਕਿਹਾ, "ਹਾਂ, ਸਾਡੇ ਸਮੇਂ ਵਿੱਚ ਮੋਬਾਈਲ ਨਹੀਂ ਸਨ, ਪਰ ਅਸੀਂ ਦੋਵੇਂ ਉੱਥੇ ਸੀ।"

ਪਤਨੀ ਨੇ ਕਿਹਾ, "ਅੱਜ ਪੁੱਤਰ ਅਤੇ ਨੂੰਹ ਇਕੱਠੇ ਹਨ ਪਰ ਗੱਲ ਨਹੀਂ ਕਰਦੇ। ਉਹ ਵੱਟਸਐਪ 'ਤੇ ਹੀ ਰਹਿੰਦੇ ਹਨ। ਕੋਈ ਲਗਾਅ ਨਹੀਂ, ਬਸ ਟੈਗਿੰਗ ਹੈ। ਕੋਈ ਕੈਮਿਸਟਰੀ ਨਹੀਂ, ਬਸ ਕਮੈਂਟ ਹਨ। ਕੋਈ ਪਿਆਰ ਨਹੀਂ, ਬਸ ਲਾਈਕ ਹੁੰਦਾ ਹੈ। ਕੋਈ ਨੋਕ ਝੋਕ ਨਹੀਂ, ਅਨਫ੍ਰੈਂਡਿੰਗ ਹੈ। ਉਨ੍ਹਾਂ ਨੂੰ ਬੱਚੇ ਨਹੀਂ, ਕੈਂਡੀ ਕ੍ਰਸ਼ ਸਾਗਾ, ਟੈਂਪਲ ਰਨ ਅਤੇ ਸਬਵੇ ਸਰਫਰ ਚਾਹੀਦੀ ਹੈ।"

"ਇਨ੍ਹਾਂ ਸਾਰੀਆਂ ਗੱਲਾਂ ਨੂੰ ਛੱਡੋ, ਅਸੀਂ ਹੁਣ ਵਾਈਬ੍ਰੇਟ ਮੋਡ 'ਤੇ ਹਾਂ। ਸਾਡੀ ਬੈਟਰੀ ਵੀ 1 ਲਾਈਨ 'ਤੇ ਹੈ। ਓ!!! ਹੁਣ ਤੁਸੀਂ ਕਿੱਥੇ ਚੱਲੇ?"

"ਚਾਹ ਬਣਾਉਣ ਲਈ"

"ਓ ਮੈਂ ਤੁਹਾਨੂੰ ਚਾਹ ਬਣਾਉਣ ਲਈ ਕਹਿਣ ਹੀ ਲੱਗਾ ਸੀ।"

"ਤੁਸੀਂ ਜਾਣਦੇ ਹੋ, ਮੈਂ ਅਜੇ ਵੀ ਕਵਰੇਜ ਖੇਤਰ ਵਿੱਚ ਹਾਂ ਅਤੇ ਮੈਨੂੰ ਤੁਹਾਡੇ ਦਿਲ ਦੇ ਸੁਨੇਹੇ ਅਜੇ ਵੀ ਆਉਂਦੇ ਹਨ।"

ਦੋਵੇਂ ਹੱਸੇ ਤੇ ਪਤੀ ਬੋਲਿਆ, "ਹਾਂ, ਸਾਡੇ ਸਮੇਂ ਵਿੱਚ ਮੋਬਾਈਲ ਫੋਨ ਨਹੀਂ ਸਨ ਸੱਚਮੁੱਚ, ਬਹੁਤ ਕੁਝ ਖੁੰਝ ਗਿਆ ਹੈ ਅਤੇ ਬਹੁਤ ਕੁਝ ਖੁੰਝ ਜਾਵੇਗਾ। ਸ਼ਾਇਦ ਅਸੀਂ ਆਖ਼ਰੀ ਪੀੜ੍ਹੀ ਹਾਂ ਜਿਸ ਨੂੰ ਮੌਜੂਦਾ ਪੀੜ੍ਹੀ ਨੂੰ ਪਿਆਰ, ਸਨੇਹ, ਆਪਣਾਪਣ, ਨੈਤਿਕਤਾ ਅਤੇ ਸਤਿਕਾਰ ਦਾ ਪਾਠ ਪੜ੍ਹਾਉਣਾ ਪਵੇਗਾ।"

# ਮੇਰੀ ਕਲਮ

## ਬਹਿਸ਼ਤ

ਮਾਸਟਰ ਬਚਿੱਤਰ ਸਿੰਘ ਜਟਾਣਾ

ਧਰਤੀ ਬਹਿਸ਼ਤ ਬਣ ਜਾਵੇ,
ਜੇ ਹੱਦਾਂ-ਸਰਹੱਦਾਂ ਮਿਟ ਜਾਵਣ।
ਨਾ ਕਿਧਰੇ ਕੋਈ ਜੰਗ ਹੋਵੇ,
ਨਾ ਹਥਿਆਰਾਂ ਦੀ ਮੰਗ ਹੋਵੇ।
ਨਾ ਕੋਈ ਮਜ਼ਹਬ ਜਾਤ ਹੋਵੇ,
ਸਰਬੱਤ ਦੇ ਭਲੇ ਦੀ ਬਾਤ ਹੋਵੇ।
ਵਖਰੇਵੇਂ ਦੀ ਨਾ ਗੱਲ ਹੋਵੇ,
ਕਿਧਰੇ ਕੋਈ ਨਾ ਛਲ ਹੋਵੇ।
ਸਭ ਧਰਮਾਂ ਦਾ ਸਤਿਕਾਰ ਹੋਵੇ,
ਕੱਟੜਤਾ ਦਾ ਨਾ ਪ੍ਰਚਾਰ ਹੋਵੇ।
ਮਨੁੱਖਾਂ ਤੇ ਰੁੱਖਾਂ ਨਾਲ ਪਿਆਰ ਹੋਵੇ,
ਧਰਤ, ਪੌਣ, ਪਾਣੀ ਦਾ ਸਤਿਕਾਰ ਹੋਵੇ।
ਜੰਗਲਾਂ ਤੇ ਫੁੱਲਾਂ ਦੀ ਮਹਿਕ ਹੋਵੇ,
ਅੰਬਰੀਂ ਪੰਛੀਆਂ ਦੀ ਚਹਿਕ ਹੋਵੇ।
ਹਰ ਬੋਲੀ ਆਬਾਦ ਹੋਵੇ,
ਨਾ ਕੋਈ ਭੇਦ-ਭਾਵ ਹੋਵੇ।
ਸ਼ਾਂਤੀ ਦਾ ਪੈਗਾਮ ਅਸਲ ਹੋਵੇ,
ਸਭ ਦਾ ਸੋਹਣਾ ਵਸਲ ਹੋਵੇ।
ਕਾਸ਼! ਜਟਾਣੇ ਫ਼ਰਿਆਦ ਪੂਰੀ ਹੋ ਜਾਵੇ,
ਜੰਗਾਂ ਮਾਰੀ ਧਰਤੀ, ਬਹਿਸ਼ਤ ਹੋ ਜਾਵੇ।

## ਉੱਡਦੇ ਉੱਡਦੇ ਬੱਦਲਾ

ਪਰਮਜੀਤ ਸਿੰਘ ਬਾਗੜੀਆ



ਉੱਡਦੇ ਉੱਡਦੇ ਬੱਦਲਾ ਖੜ੍ਹ ਜਾ
ਕਿੱਥੇ ਚੱਲਿਆਂ, ਏਥੇ ਈ ਵਰ੍ਹ ਜਾ
ਕਈ ਦਿਨਾਂ ਤੋਂ ਗਰਮੀ ਬੜੀ ਏ
ਧਰਤੀ ਵੀ ਤਾਂ ਪਈ ਸੜੀ ਏ
ਸਭ ਲਈ ਮੁਸ਼ਕਿਲ ਦੀ ਘੜੀ ਏ
ਤੂੰ ਵਰ੍ਹ ਕੇ ਸੌਖਿਆਂ ਕਰ ਜਾ
ਉੱਡਦੇ ਉੱਡਦੇ
ਕਿਸਾਨ ਵਿਚਾਰਾ ਕਰੇ ਉਡੀਕਾਂ
ਧਰਤੀ ਉੱਤੇ ਵਾਹੁੰਦਾ ਲੀਕਾਂ
ਉਂਗਲੀਂ ਗਿਣਦਾ ਰੋਜ਼ ਤਰੀਕਾਂ
ਹੁਣ ਤਾਂ ਰਹਿਮਤ ਕਰ ਜਾ
ਉੱਡਦੇ ਉੱਡਦੇ
ਪੌਦੇ, ਪੰਛੀ, ਪਸ਼ੂ ਵਿਚਾਰੇ
ਤਪਦੀ ਗਰਮੀ ਝੱਲਣ ਸਾਰੇ
ਫਿਰਦੇ ਪਏ ਨੇ ਮਾਰੇ ਮਾਰੇ
ਪਾ ਦੇ ਕਣੀਆਂ ਦਬਜੇ ਗਰਦਾ
ਉੱਡਦੇ ਉੱਡਦੇ
ਨਾ ਵਰ੍ਹਿਆ ਤਾਂ ਗੱਲ ਨਾ ਚੰਗੀ
ਲੋਕ ਤਾਂ ਬੈਠੇ ਮੰਨਤਾਂ ਮੰਗੀ
ਵੇਖਣੀ ਪੀਂਘ ਪਈ ਸਤਰੰਗੀ
ਸਾਡੀ ਰੀਝ ਤੂੰ ਪੂਰੀ ਕਰ ਜਾ
ਉੱਡਦੇ ਉੱਡਦੇ
ਜੇ ਨਾ ਬੱਦਲਾ ਵਰ੍ਹਿਆ ਹਾਲੇ
ਗਰਮੀ ਨੇ ਪਾ ਦੇਣੇ ਲਾਲੇ
ਸੁੱਕਦੇ ਸੋਮੇ ਪਾਣੀਆਂ ਵਾਲੇ
ਨੱਕੋ-ਨੱਕ ਤੂੰ ਭਰ ਜਾ
ਉੱਡਦੇ ਉੱਡਦੇ

## ਆ ਜ਼ਿੰਦਗੀ ਦਾ ਜਸ਼ਨ ਮਨਾਈਏ

ਗੁਰਸ਼ਰਨ ਸਿੰਘ ਨਰੂਲਾ

ਜੀਵਨ ਧਾਰਾ ਵਹਿ ਵੀ ਰਹੀ ਏ
ਸਭਨਾਂ ਨੂੰ ਕਹਿ ਵੀ ਰਹੀ ਏ
ਵਾਂਗ ਲਹਿਰਾਂ ਦੇ
ਕਿਸੇ ਦੀ ਸੁਣੀਏ, ਆਪਣੀ ਸੁਣਾਈਏ,
ਆ ਜ਼ਿੰਦਗੀ ਦਾ
ਜੀਵਨ ਤਾਂ ਹੈ ਸੁੱਚਾ ਮੋਤੀ
ਕਰੀਏ ਨਾ ਆਪਣੀ ਨਜ਼ਰ ਹੀ ਖੋਟੀ
ਕੋਈ ਇਹਦੇ ਗਲ ਗਾਨੀ ਪਾਵੇ
ਕੋਈ ਇਹਨੂੰ ਜੂਏ 'ਚ ਲਾਵੇ
ਇਹਨੂੰ ਜੌਹਰੀ ਕੋਲ ਲਿਜਾਈਏ,
ਆ ਜ਼ਿੰਦਗੀ ਦਾ
ਜਾਂ ਫਿਰ ਜ਼ਿੰਦਗੀ ਮੋਤੀਆਂ ਦੀ ਮਾਲਾ
ਨੀਲਾ, ਪੀਲਾ ਕੋਈ ਮਣਕਾ ਕਾਲਾ
ਹਰ ਇੱਕ ਦਾ ਹੈ ਰੰਗ ਨਿਰਾਲਾ
ਵੇਖਣ ਸੋਚਣ ਸਮਝਣ ਵਾਲਾ
ਚਮਕ ਏਸ ਦੀ ਨਾ ਘਟਾਈਏ,
ਆ ਜ਼ਿੰਦਗੀ ਦਾ
ਮੁੱਢ ਤੋਂ ਆਉਂਦੀ ਘੋੜੀ ਚੜ੍ਹੀ ਏ
ਡੋਲੀ ਪੈ ਜਾਂ ਸਹੁਰੇ ਚਲੀ ਏ
ਕੋਈ ਰਾਂਝਾ ਕੋਈ ਹੀਰ ਬਣ ਜਾਈਏ,
ਆ ਜ਼ਿੰਦਗੀ ਦਾ
ਸ਼ਗਨਾਂ ਵਿੱਚ ਮਗਨ ਹੋ ਜਾਈਏ
ਡੱਕੀਏ ਵੈਣ ਤੇ ਸੁਹਲੇ ਗਾਈਏ
ਆ ਜ਼ਿੰਦਗੀ ਦਾ ਜਸ਼ਨ ਮਨਾਈਏ।
*******

## ਕਹਿਣੇ

ਪੰਪੋਸ਼ ਕਲਸੀ

ਕਹਿਣ ਵਾਲੇ ਕਹਿਣ ਆਸ਼ਕ ਅਰ ਮਾਸ਼ੂਕ
ਰਹਿ ਸਕਣ ਦੁਇ ਹੁਇ ਕਿਨਾਰੇ ਇਸ਼ਕ
ਦੇ ਦਰਿਆਉ ਦੇ
ਗਰ ਇਹ ਪਾਣੀ ਇਸ਼ਕ ਦਾ ਵਹਿੰਦਾ
ਰਹੇ ਦੋਹੀਂ ਕਿਨਾਰੀਂ
ਪਾਕ-ਨਿਰਮਲ ਨਿਤਰਿਆ ਰਹਿ ਜ਼ਾਬਤੇ
ਵਿੱਚ ਹਰ ਸਮੇਂ
ਮੁਕਤ ਰਹਿ ਸੈਲਾਬ ਤੋਂ
ਅੱਲ੍ਹਾ ਅੱਲ੍ਹਾ ਖ਼ੈਰ ਸੱਲ੍ਹਾ
ਇਸ ਤੋਂ 'ਗਾਹਾਂ ਗਰ ਹੁਇ ਅੱਲ੍ਹਾ ਕਰਮ
ਹੁਇ ਸਕਣ ਯਕ-ਜਾਨ ਅਰੁ ਯਕ-ਜਿਸਮ
ਦੁਇ ਅੱਡਰੇ ਕਿਨਾਰੇ
ਲੱਖ ਟਕਿਆਂ ਦਾ ਸਵਾਲਾਂ ਦਾ ਸਵਾਲ
ਹਸ਼ਰ ਕੀ ਹੋਣਾ ਉਦੋਂ ਪਾਣੀ ਦਾ ਦੱਸਿਓ
ਕਹਿਣ ਵਾਲੇ ਕਹਿਣਿਓਂ
ਦੱਸਣਾ ਜ਼ਰੂਰੀ ਕਹਿਣ ਵਾਲੇ ਕਹਿਣਿਓਂ
ਦੱਸਣਾ ਜ਼ਰੂਰ।

## ਛੱਲਾ

ਬਲਤੇਜ ਸੰਧੂ

ਵੇ ਛੱਲਿਆ ਅੱਜ ਕੱਲ੍ਹ ਕਿੱਥੇ ਕੱਤ ਹੁੰਦੀ ਏ ਪੂਣੀ
ਨਾ ਕੋਈ ਫੱਟੀਆਂ ਉੱਤੇ ਲਿਖਦਾ ਏਕਾ ਦੂਇਆ ਦੂਣੀ
ਨਾ ਪਿੱਪਲੀਂ ਪੀਘਾਂ ਰਹੀਆਂ ਨਾ ਕੋਈ ਤੁਰੇ ਕਹਾਣੀ
ਵਾਰੋ ਵਾਰੀ ਤੁਰ ਗਏ ਪਰਲੇ ਦੇਸ਼ ਵੇ ਹਾਣੀ॥
ਵੇ ਛੱਲਿਆ ਹਾਰਾਂ
ਕੈਸੀਆਂ ਮਾਰ ਗਏ ਵੇ ਸੱਜਣ ਮਾਰਾਂ
ਨਾ ਖੂਹ ਰਹੇ ਵੇ ਛੱਲਿਆ ਨਾ ਘੜਾ ਢਾਕ 'ਤੇ ਧਰੇ ਸੁਆਣੀ
ਨਾ ਵੇ ਨਾ ਛੇੜ ਨਾ ਕੋਈ ਚੰਦਰੀ ਛੱਲਿਆ ਪੀੜ ਪੁਰਾਣੀ
ਨਾ ਕੋਈ ਰਿਹਾ ਏਥੇ ਦੁੱਖਾਂ ਦਾ ਦਰਦੀ ਨਾ ਕੋਈ ਸੁਣੇ ਦਰਦ ਕਹਾਣੀ॥
ਵੇ ਛੱਲਿਆ ਕਰ ਨਾ ਮਰਜ਼ੀ
ਏਥੇ ਦੁਨੀਆ ਪਿਆਰ ਪੈਸੇ ਨੂੰ ਕਰਦੀ
ਸੁਣ ਵੇ ਛੱਲਿਆ ਇਹ ਦੁਨੀਆ ਬਣ ਗਈ ਖ਼ੁਦਗਰਜ਼ਾਂ ਦੀ ਮੰਡੀ
ਝੂਠੀ ਠਾਠ ਬਾਠ ਰਹਿ ਗਈ ਨਫ਼ਰਤਾਂ ਜਾਂਦੇ ਝੋਲ਼ੀਆਂ ਭਰ ਭਰ ਵੰਡੀ,
ਵੇ ਛੱਲਿਆ ਤੌਬਾ ਇਹ ਕਹਾਣੀ ਪਤਝੜ ਆਈ ਲੱਗਦੀ ਏਂ ਮਰਜਾਣੀ
ਲੋਕੀਂ ਮਤਲਬਖੋਰੇ ਵੇ ਸੰਧੂਆ ਪਾਈ ਬੈਠੇ ਪਾਣੀ ਵਿੱਚ ਮਧਾਣੀ
ਵੇ ਛੱਲਿਆ ਨਾ ਤੇਰੇ ਨਾ ਮੇਰੇ ਚਾਚੇ ਤਾਏ
ਏਥੇ ਸਾਥ ਵੀ ਛੱਡ ਜਾਂਦੇ ਨੇ ਕੁੱਖੋਂ ਜਾਏ।

## ਪੱਖੀ ਤੋਂ ਏ.ਸੀ.

ਕੁਲਦੀਪ ਸਿੰਘ ਫਤਿਹ ਮਾਜਰੀ



ਰੁੱਖਾਂ ਹੇਠਾਂ ਮੰਜੇ ਡਾਹ ਕੇ,
ਸਾਰੇ ਮਿਲ ਕੇ ਬਹਿੰਦੇ।
ਆਪਸ ਵਿੱਚ ਸੀ ਪਿਆਰ ਬੜਾ,
ਗੱਲਾਂ-ਬਾਤਾਂ ਕਰਦੇ ਰਹਿੰਦੇ।
ਗਰਮੀ ਵਿੱਚ ਬਿਜਲੀ ਜਾਂਦੀ,
ਪੱਖੀ ਹੱਥ ਫੜਾਉਂਦੇ।
ਵਾਰੋ-ਵਾਰੀ ਪੱਖੀ ਝੱਲ ਕੇ,
ਫੇਰ ਮੁੜ੍ਹਕਾ ਸੁਕਾਉਂਦੇ।
ਛੱਤ ਵਾਲਾ ਪੱਖਾ ਆਇਆ,
ਚੱਕਰ ਉਸਨੇ ਤੇਜ਼ ਬਣਾਇਆ।
ਪੱਖੇ ਥੱਲੇ ਬਹਿ ਗਏ ਸਾਰੇ,
ਘੁੰਮ-ਘੁੰਮ ਹਵਾ ਮਾਰੇ।
ਵਿਹੜੇ ਵਿੱਚ ਮੰਜੇ ਡਾਹ ਕੇ,
ਫਰਾਟਾ ਪੱਖਾ ਚਲਾਉਂਦੇ।
ਸਭ ਤੋਂ ਅੱਗੇ ਕਿਵੇਂ ਪੈਣਾ,
ਇਹੋ ਜੁਗਤਾਂ ਲੜਾਉਂਦੇ।
ਕੂਲਰ 'ਚ ਪਾਣੀ ਪਾ ਕੇ,
ਗੋਲ ਬਟਨ ਘੁਮਾਉਂਦੇ,
ਠੰਢੀ-ਠੰਢੀ ਹਵਾ ਮਾਰੇ,
ਖ਼ੂਬ ਨਜ਼ਾਰਾ ਲੈਂਦੇ।
ਹਾਲ ਹੋ ਗਿਆ, ਇਹ ਘਰ ਦਾ,
ਏ.ਸੀ. ਬਿਨਾਂ ਪਲ਼ ਨਹੀਂ ਸਰਦਾ।
ਪੱਖੀ ਤੋਂ ਏ.ਸੀ. ਦਾ ਕਮਾਲ,
ਹੋ ਗਏ ਸੋਹਲ ਨਾਲੋ-ਨਾਲ।
ਵਧ ਗਈ ਗਰਮੀ, ਵੱਢਤੇ ਰੁੱਖ,
ਏ.ਸੀ. ਬਿਨਾਂ ਨਾ ਜਾਪੇ ਸੁਖ।
ਵੱਧ ਤੋਂ ਵੱਧ, ਜੇ ਰੁੱਖ ਲਾਉਂਦੇ।
ਤਪਸ਼ ਧਰਤੀ ਦੀ ਘਟਾਉਂਦੇ।

## ਫ਼ਫ਼ਾ ਕੁੱਟਣਾ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਅੱਜ ਤੱਕ ਫ਼ਫ਼ਾ ਕੁੱਟਣੀ ਕੋਈ,
ਟਾਂਵੀਂ ਟਾਂਵੀਂ ਹੁੰਦੀ ਸੀ।
ਜਿਸ ਦੀ ਚਰਚਾ ਫ਼ੇਰ ਵੀ ਹਰ ਘਰ,
ਥਾਂਉਂ ਥਾਂਈਂ ਹੁੰਦੀ ਸੀ।
ਲੂਤੀਆਂ ਲਾਉਣਾ ਪੁਆੜੇ ਪਾਉਣਾ,
ਮੁੱਖ ਓਸ ਦਾ ਕਿੱਤਾ ਸੀ।
ਕਾਰਿਆਂ ਦੀ ਸੂਚੀ ਨਾਲ ਭਰਿਆ,
ਰਹਿੰਦਾ ਉਸਦਾ ਚਿੱਠਾ ਸੀ।
ਬਿਨਾ ਚੁਗਲੀ ਕੀਤਿਆਂ ਉਸ ਦੀ,
ਰੋਟੀ ਹਜ਼ਮ ਨਾ ਹੁੰਦੀ ਸੀ।
ਬਹਿ ਨਾ ਸਕਦੀ ਟਿਕ ਕੇ ਜਦ ਤੱਕ,
ਮੁੱਠੀ ਗਰਮ ਨਾ ਹੁੰਦੀ ਸੀ।
ਹਰ ਘਰ ਦੇ ਵਿੱਚ ਉੱਚੀ ਨੀਂਵੀਂ ਦਾ,
ਭੇਦ ਓਸ ਨੂੰ ਹੁੰਦਾ ਸੀ।
ਹਰ ਇੱਕ ਦੀ ਬਦਖੋਈ ਕਰਨਾ,
ਧਰਮ ਉਸ ਦਾ ਹੁੰਦਾ ਸੀ।
ਪਰ ਸਮੇਂ ਨੇ ਪਲਟਾ ਮਾਰਿਆ,
ਕੁੱਟਣੀ ਤੋਂ ਕੁੱਟਣਾ ਬਣ ਬੈਠਾ।
ਕਰਤੂਤਾਂ ਦੇ ਤੌਰ ਤਰੀਕੇ ਦਾ,
ਨਵਾਂ ਤਾਣਾ ਬਾਣਾ ਬੁਣ ਬੈਠਾ।
ਲਾ ਰਿਹਾ ਹੈ ਨਵੀਆਂ ਲੂਤੀਆਂ,
ਅੰਤਰਰਾਸ਼ਟਰੀ ਪੱਧਰ 'ਤੇ।
ਫ਼ੇਰ ਰਿਹਾ ਨਿੱਤ ਨਵਾਂ ਹੀ ਪਾਣੀ,
ਹਰ ਇੱਕ ਦੇਸ਼ ਦੀ ਸੱਧਰ 'ਤੇ।
ਆਪਣਾ ਉੱਲੂ ਸਿੱਧਾ ਰਖਣਾ,
ਉਸ ਦਾ ਮੁੱਖ ਉਦੇਸ਼ ਬਣ ਗਿਆ।
ਉਸ ਦੀ ਧੌਂਸ ਦੇ ਅੱਗੇ ਦੇਖੋ,
ਕੌਣ ਝੁੱਕ ਗਿਆ ਕੌਣ ਤਣ ਗਿਆ।
ਅਸਮਾਨਾਂ ਨੂੰ ਟਾਕੀ ਦੀ ਥਾਂ 'ਤੇ,
ਅੱਗ ਲਾਉਣ ਦਾ ਚਾਅ ਹੈ ਇਸਨੂੰ।
ਪਤਾਲਾਂ ਵਿੱਚ ਵੜ ਕੇ ਪਤਾ ਨਹੀਂ,
ਲੱਭ ਲਵੇਗਾ ਕਿਸ 'ਤੇ ਕਿਸ ਨੂੰ।
ਜਿਸ ਨਾਲ ਇਹ ਅੱਖ ਮਟਕਾਵੇ,
ਦੂਜੇ ਪਲ ਉਸਨੂੰ ਅੱਖ ਦਿਖਾਵੇ।
ਗੌਂ ਨਿਕਲਣ ਤੇ ਝੱਟ ਹੀ ਆਪਣੇ,
ਭੁੱਲ ਜਾਵੇ ਸਭ ਕੀਤੇ ਵਾਅਦੇ।
ਹਰ ਗਲ਼ੀ ਵਿੱਚ ਭਾਗੋ ਦੇ ਵਾਂਗੂੰ,
ਜਾ ਖੜ੍ਹਦਾ ਹੈ ਬਿਨਾ ਬੁਲਾਏ।
ਵਿਚੋਲਗਿਰੀ ਦਾ ਐਨਾ ਚਾਅ ਹੈ,
ਹਰ ਰਿਸ਼ਤੇ ਚੋਂ ਮੁੰਦੀ ਘੜਵਾਏ।
ਦਫ਼ਾ ਪੁੱਟਣਾ ਲੋਕਾਂ ਦੀ ਹੈ,
ਫ਼ਫ਼ਾ ਕੁੱਟਣੇ ਦਾ ਅੱਜ ਵਿਉਪਾਰ।
ਜਿਹਨੂੰ ਇੱਕ ਦਿਨ ਗਾਲ਼ਾਂ ਕੱਢੇ,
ਦੂਜੇ ਦਿਨ ਉਸ ਦਾ ਸਤਿਕਾਰ।
ਇਸ ਸਦੀ ਦਾ ਸੰਤਾਪ ਇਹ ਦੇਖੋ,
ਐਸੇ ਐਸੇ ਭੜੂਏ ਜੰਮ ਪਏ।
ਕਰ ਕਰ ਨਿਸ ਦਿਨ ਪੁੱਠੇ ਕਾਰੇ,
ਬੇਸ਼ਰਮੀ ਦੀਆਂ ਹੱਦਾਂ ਲੰਘ ਗਏ।

## ਅਸਲੀ ਬਨਾਮ ਨਕਲੀ

ਲਖਵਿੰਦਰ ਸਿੰਘ ਬਾਜਵਾ

ਦੇਸੀ ਗੁੜ ਕੱਕੋਂ ਤੇ ਸ਼ੱਕਰ ਦਾ ਤਖਤ ਉੱਚਾ,
ਚਿੱਟੀ ਚੀਨੀ ਵਾਲੇ ਚਮਕਾਰੇ ਜੜ੍ਹੋਂ ਪੁੱਟ ਗਏ।
ਬਾਸਮਤੀ ਵਰਗੇ ਪਦਾਰਥ ਮਹਿਕ ਭਰੇ,
ਝਾੜ ਵਾਲੇ ਝੋਨਿਆਂ ਦੇ ਥੱਲੇ ਦਮ ਘੁੱਟ ਗਏ।
ਸਣ ਸਣਕੁਕੜਾ ਕਪਾਹ ਦੇਸੀ ਨਰਮੇ ਦੇ,
ਵੇਖ ਕੇ ਪਲਾਸਟਿਕ ਕਰਮ ਨਿਖੁੱਟ ਗਏ।
ਡੂੰਘੇ ਮੱਛੀ ਮੋਟਰਾਂ ਦੇ ਜ਼ਾਲਮ ਪੰਪ ਵੇਖ,
ਨਲਕੇ ਤੇ ਖੂਹੀਆਂ ਦੇ ਪ੍ਰਾਣ ਵੇਖੋ ਛੁੱਟ ਗਏ।
ਘੜਿਆਂ ਨੂੰ ਦਿੱਤਾ ਏ ਫਰਿੱਜਾਂ ਧੱਕਾ ਐਸਾ ਆਣ,
ਝੱਜਰਾਂ ਵਿਚਾਰੀਆਂ ਦੇ ਦਿਲ ਉੱਕਾ ਟੁੱਟ ਗਏ।
ਨਿੰਬੂ ਦੀ ਸ਼ਿਕੰਜਵੀ ਕਿਓੜੇ ਦੇ ਸ਼ਰਬਤਾਂ ਨੂੰ,
ਕੋਕੇ ਕੋਲੇ ਫੈਂਟੇ ਬਣ ਡਾਕੂ ਵੱਡੇ ਲੁੱਟ ਗਏ।
ਘਿਓ ਦੀ ਰਿਫਾਈਂਡ ਨੇ ਭਵਾਈ ਪੁੱਠੀ ਚੱਕਰੀ ਏ,
ਸਰ੍ਹੋਂ ਅਤੇ ਤੋਰੀਏ ਨੂੰ ਪਾਮ ਤੇਲ ਕੁੱਟ ਗਏ।
ਪੁੱਤ ਪੀਂਦੇ ਬੋਤਲਾਂ 'ਚੋਂ ਵੇਖ ਕੇ ਬਣਾਉਟੀ ਜੂਸ,
ਦੁੱਧ ਪੈ ਕੇ ਪਤਲੇ ਧਰਮ ਨਾਲ ਫੁੱਟ ਗਏ।
ਸੇਵੀਆਂ ਪੁਲਾਵਾਂ ਦੀ ਹਵਾ ਕੱਢੀ ਮੈਗੀਆਂ ਨੇ,
ਚੋਂਘੇ ਵਾਲੀ ਮਿੱਸੀ ਰੋਟੀ ਪੀਜ਼ੇ ਪਿੱਛੇ ਸੁੱਟ ਗਏ।
ਫੁੱਲੀਆਂ, ਪਤਾਸੇ ਤੇ ਰਿਊੜੀਆਂ, ਗੱਜਕ ਸਾਰੇ,
ਕੁਰਕੁਰੇ ਚਿਪਸ ਦੀ ਚੜ੍ਹਤ ਵੇਖ ਹੁੱਟ ਗਏ।
ਖੰਡ ਦਿਆਂ ਚੂਪਿਆਂ ਨੂੰ ਚਾਕਲੇਟ ਚੂਪ ਗਈ,
ਵਿਅੰਜਨਾਂ ਕਰਾਰਿਆਂ ਦੇ ਨਾਲ ਬਣ ਗੁੱਟ ਗਏ।
ਬਾਜਵਾ ਇਹ ਹਰੜਾਂ ਜਵੈਣ ਸੌਂਫ਼ ਕਾਲੀਜੀਰੀ,
ਸਾਰੇ ਨੇ ਦਵਾਈ ਅੰਗਰੇਜ਼ੀ ਹੱਥੋਂ ਲੁੱਟ ਗਏ।
* * *

## ਟੱਪੇ

ਵਿਜੇ ਕੁਮਾਰ ਤਾਲਿਬ

ਕੋਈ ਡੋਲਦਾ ਪਾਰਾ ਏ,
ਦਿਲ ਤੇ ਗੋਡੇ ਦੀ ਸੱਟ ਦਾ
ਵੱਖੋ ਵੱਖਰਾ ਨਜ਼ਾਰਾ ਏ।
ਕੋਈ ਪਿੰਡ ਕਥਲੌਰ ਮਾਹੀਆ,
ਅੱਖਾਂ ਵਿੱਚ ਰੇਤ ਪਾ ਗਿਆ,
ਕਿਤੇ ਰਾਵੀ ਤਾਂ ਨਈਂ ਕੋਲ ਮਾਹੀਆ?
ਮਾਲਿਕ ਨੂੰ ਬੁਲਾਉਂਦੇ ਪਏ,
ਕੰਧਾਂ ਦੀਆਂ ਖੋੜਾਂ 'ਚੋਂ,
ਤਾੜੀ ਪਿੱਪਲ ਵਜਾਉਂਦੇ ਪਏ।
ਰੰਗ ਫੁੱਲਾਂ ਉੱਤੇ ਚਾੜ੍ਹਦੀ ਸੀ,
ਜਦ ਸੀ ਸਕੂਲੋਂ ਆਉਂਦੇ,
ਮਾਂ ਬਾਹਵਾਂ ਨੂੰ ਉਲਾਰਦੀ ਸੀ।
ਕੋਠੇ 'ਤੇ ਪੌਣ ਖਰੇ,
ਕੰਮ ਸਾਫ਼-ਸੁਥਰੇ ਮਾਏ,
ਹੋਰ ਤੇਰੇ ਬਾਝੋਂ ਕੌਣ ਕਰੇ।




# ਕ੍ਰਿਕਟ 'ਚ ਸ਼ੁਭਮਨ ਗਿੱਲ ਨੇ ਸਿਰਜਿਆ ਇਤਿਹਾਸ

## ਸਭ ਤੋਂ ਵੱਡੀ ਪਾਰੀ ਖੇਡਣ ਵਾਲੇ ਭਾਰਤੀ ਕਪਤਾਨ ਬਣੇ

ਬਰਮਿੰਘਮ/ਏ.ਟੀ.ਨਿਊਜ਼: ਭਾਰਤ ਤੇ ਇੰਗਲੈਂਡ ਦਰਮਿਆਨ ਦੂਜਾ ਟੈਸਟ ਮੈਚ ਬਰਮਿੰਘਮ ਦੇ ਅਜਬੈਸਟਨ ਸਟੇਡੀਅਮ ਵਿੱਚ ਖੇਡਿਆ ਗਿਆ।ਸ਼ੁਭਮਨ ਗਿੱਲ 269 ਦੌੜਾਂ ਬਣਾ ਕੇ ਆਊਟ ਹੋਇਆ। ਗਿੱਲ ਇਨ੍ਹਾਂ ਦੌੜਾਂ ਨਾਲ ਸਭ ਤੋਂ ਵੱਡੀ ਪਾਰੀ ਖੇਡਣ ਵਾਲੇ ਭਾਰਤੀ ਕਪਤਾਨ ਬਣ ਗਏ ਹਨ ਤੇ ਉਨ੍ਹਾਂ ਨੇ ਵਿਰਾਟ ਕੋਹਲੀ ਦਾ 254 ਦੌੜਾਂ ਦਾ ਰਿਕਾਰਡ ਤੋੜ ਦਿੱਤਾ ਹੈ। ਕੋਹਲੀ ਨੇ ਸਾਲ 2019 ਵਿੱਚ ਦੱਖਣੀ ਅਫਰੀਕਾ ਖ਼ਿਲਾਫ਼ ਪੁਣੇ ਵਿੱਚ ਨਾਬਾਦ 254 ਦੌੜਾਂ ਦੀ ਪਾਰੀ ਖੇਡੀ ਸੀ। ਇਸ ਤੋਂ ਇਲਾਵਾ ਸ਼ਭਮਨ ਇੰਗਲੈਂਡ ਵਿੱਚ ਸਭ ਤੋਂ ਵੱਡੀ ਪਾਰੀ ਖੇਡਣ ਵਾਲੇ ਭਾਰਤੀ ਬਣ ਗਏ ਹਨ। ਉਨ੍ਹਾਂ ਸੁਨੀਲ ਗਵਾਸਕਰ ਦਾ 1979 ਦੌਰਾਨ ਓਵਲ ਵਿੱਚ ਇੰਗਲੈਂਡ ਖ਼ਿਲਾਫ਼ 221 ਦੌੜਾਂ ਦਾ ਵੀ ਰਿਕਾਰਡ ਤੋੜ ਦਿੱਤਾ ਹੈ। ਇਸ ਤੋਂ ਪਹਿਲਾਂ ਕਿਸੇ ਏਸ਼ਿਆਈ ਕਪਤਾਨ ਦਾ ਇੰਗਲੈਂਡ ਵਿੱਚ ਸਰਵੋਤਮ ਪ੍ਰਦਰਸ਼ਨ 193 ਦੌੜਾਂ ਸੀ ਜੋ 2011 ਵਿੱਚ ਸ੍ਰੀਲੰਕਾ ਦੇ ਤਿਲਕਰਤਨੇ ਦਿਲਸ਼ਾਨ ਨੇ ਲਾਡਰਜ਼ ਵਿੱਚ ਬਣਾਏ ਸਨ। ਗਿੱਲ ਨੇ ਦੋਹਰਾ ਸੈਂਕੜਾ ਮਾਰਨ ਲਈ 311 ਗੇਂਦਾਂ ਦਾ ਸਾਹਮਣਾ ਕੀਤਾ। ਉਹ ਹੁਣ ਐੱਮਏਕੇ ਪਟੌਦੀ, ਸੁਨੀਲ ਗਾਵਸਕਰ, ਸਚਿਨ ਤੇਂਦੁਲਕਰ ਅਤੇ ਮਹਿੰਦਰ ਧੋਨੀ ਨਾਲ ਭਾਰਤ ਲਈ ਦੋਹਰਾ ਸੈਂਕੜਾ ਮਾਰਨ ਵਾਲੇ ਕਪਤਾਨਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ।




# ਅਗਲੇ ਮਹੀਨੇ ਭਾਰਤ ਆਵੇਗੀ ਪਾਕਿ ਦੀ ਹਾਕੀ ਟੀਮ

## ਏਸ਼ੀਆ ਕੱਪ ਤੇ ਜੂਨੀਅਰ ਹਾਕੀ ਵਿਸ਼ਵ ਕੱਪ 'ਚ ਲਵੇਗੀ ਹਿੱਸਾ

ਨਵੀਂ ਦਿੱਲੀ/ਏ.ਟੀ.ਨਿਊਜ਼: ਪਾਕਿਸਤਾਨ ਦੀ ਹਾਕੀ ਟੀਮ ਨੂੰ ਅਗਲੇ ਮਹੀਨੇ ਭਾਰਤ ਵਿੱਚ ਹੋਣ ਵਾਲੇ ਏਸ਼ੀਆ ਕੱਪ ਤੇ ਨਵੰਬਰ-ਦਸੰਬਰ 'ਚ ਹੋਣ ਵਾਲੇ ਜੂਨੀਅਰ ਹਾਕੀ ਵਿਸ਼ਵ ਕੱਪ 'ਚ ਖੇਡਣ ਤੋਂ ਰੋਕਿਆ ਨਹੀਂ ਜਾਵੇਗਾ, ਕਿਉਂਕਿ ਅਜਿਹਾ ਕਰਨਾ ਉਲੰਪਿਕ ਚਾਰਟਰ ਦੀ ਉਲੰਘਣਾ ਹੋਵੇਗੀ। ਖੇਡ ਮੰਤਰਾਲੇ ਸੂਤਰ ਨੇ ਇਹ ਜਾਣਕਾਰੀ ਦਿੱਤੀ। ਦੂਜੇ ਪਾਸੇ ਹਾਕੀ ਇੰਡੀਆ ਨੇ ਖੇਡ ਮੰਤਰਾਲੇ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ।

ਹਾਕੀ ਏਸ਼ੀਆ ਕੱਪ 29 ਅਗਸਤ ਤੋਂ 7 ਸਤੰਬਰ ਤੱਕ ਰਾਜਗੀਰ (ਬਿਹਾਰ) 'ਚ ਹੋਣਾ ਹੈ, ਜਦਕਿ ਜੂਨੀਅਰ ਹਾਕੀ ਵਿਸ਼ਵ ਕੱਪ ਚੇਨੱਈ ਤੇ ਮਦੁਰਾਇ ਵਿੱਚ 28 ਨਵੰਬਰ ਤੋਂ 10 ਦਸੰਬਰ ਤੱਕ ਹੋਵੇਗਾ।

ਸੂਤਰ ਨੇ ਕਿਹਾ, "ਅਸੀਂ ਕਿਸੇ ਵੀ ਟੀਮ ਦੇ ਭਾਰਤ ਵਿੱਚ ਬਹੁ-ਮੁਲਕੀ ਟੂਰਨਾਮੈਂਟ 'ਚ ਹਿੱਸਾ ਲੈਣ ਦੇ ਖ਼ਿਲਾਫ਼ ਨਹੀਂ ਹਾਂ, ਜੇਕਰ ਅਸੀਂ ਪਾਕਿਸਤਾਨ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਉਲੰਪਿਕ ਚਾਰਟਰ ਦੀ ਉਲੰਘਣਾ ਮੰਨੀ ਜਾਵੇਗੀ। ਇਸ ਤਰ੍ਹਾਂ ਅਸੀਂ



ਪਾਕਿਸਤਾਨ ਦੇ ਸ਼ਮੂਲੀਅਤ ਵਾਲੇ ਕਿਸੇ ਵੀ ਬਹੁਦੇਸ਼ੀ ਟੂਰਨਾਮੈਂਟ 'ਚ ਹਿੱਸਾ ਲਵਾਂਗੇ। ਪਰ ਦੁਵੱਲੇ ਟੂਰਨਾਮੈਂਟ ਵੱਖਰੇ ਹੁੰਦੇ ਹਨ ਤੇ ਇਸ ਪੱਖ ਤੋਂ ਕੋਈ ਛੋਟ ਨਹੀਂ ਦਿੱਤੀ ਜਾਵੇਗੀ।"


ਮੰਤਰਾਲੇ ਦੇ ਇਸ ਫ਼ੈਸਲੇ ਨਾਲ ਸਤੰਬਰ 'ਚ ਇੱਥੇ ਹੋਣ ਵਾਲੇ ਨਿਸ਼ਾਨੇਬਾਜ਼ੀ ਜੂਨੀਅਰ ਵਿਸ਼ਵ ਕੱਪ ਅਤੇ ਸਤੰਬਰ-ਅਕਤੂਬਰ 'ਚ ਦਿੱਲੀ ਵਿੱਚ ਹੋਣ ਵਾਲੀ ਵਿਸ਼ਵ ਪੈਰਾ-ਅਥਲੈਟਿਕ ਚੈਂਪੀਅਨਸ਼ਿਪ ਵਿੱਚ ਪਾਕਿਸਤਾਨ ਦੇ ਸ਼ਾਮਲ ਹੋਣ ਦਾ ਰਾਹ ਵੀ ਪੱਧਰਾ ਹੋ ਗਿਆ ਹੈ। ਸੂਤਰ ਨੇ ਕਿਹਾ, "ਅਸੀਂ ਹਾਕੀ ਇੰਡੀਆ (ਐੱਚ.ਆਈ.) ਨੂੰ ਇਸ ਫ਼ੈਸਲੇ ਬਾਰੇ ਜਾਣੂ ਕਰਵਾ ਦਿੱਤਾ ਹੈ।" ਹਾਕੀ ਇੰਡੀਆ ਦੇ ਸਕੱਤਰ ਜਨਰਲ ਭੋਲਾ ਨਾਥ ਸਿੰਘ ਨੇ ਕਿਹਾ, "ਅਸੀਂ ਸਰਕਾਰ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ। ਸਾਡਾ ਸ਼ੁਰੂ ਤੋਂ ਹੀ ਇਹ ਰੁਖ਼ ਰਿਹਾ ਹੈ ਕਿ ਸਰਕਾਰ ਜੋ ਵੀ ਫ਼ੈਸਲਾ ਕਰੇਗੀ ਅਸੀਂ ਉਸ ਦੀ ਪਾਲਣਾ ਕਰਾਂਗੇ।"

**ਏਸ਼ੀਆ ਕੱਪ ਕ੍ਰਿਕਟ ਮੁਕਾਬਲੇ ਬਾਰੇ ਦੁਚਿੱਤੀ**

ਭਾਰਤ ਨੂੰ ਸਤੰਬਰ ਮਹੀਨੇ ਏਸ਼ੀਆ ਕ੍ਰਿਕਟ ਕੱਪ 'ਚ ਪਾਕਿਸਤਾਨ ਖ਼ਿਲਾਫ਼ ਖੇਡਣ ਦੀ ਮਨਜ਼ੂਰੀ ਦੇਣ ਸਬੰਧੀ ਸਵਾਲ 'ਤੇ ਸੂਤਰ ਨੇ ਕਿਹਾ ਕਿ ਬੀ.ਸੀ.ਸੀ.ਆਈ. ਨੇ ਹਾਲੇ ਤੱਕ ਇਸ ਬਾਰੇ ਸੰਪਰਕ ਨਹੀਂ ਕੀਤਾ। ਸੂਤਰ ਨੇ ਆਖਿਆ, "ਬੀ.ਸੀ.ਸੀ.ਆਈ. ਨੇ ਹਾਲੇ ਤੱਕ ਇਸ ਮਸਲੇ 'ਤੇ ਸੰਪਰਕ ਨਹੀਂ ਕੀਤਾ ਹੈ। ਜਦੋਂ ਉਹ ਸੰਪਰਕ ਕਰਨਗੇ ਤਾਂ ਅਸੀਂ ਇਸ ਮਸਲੇ 'ਤੇ ਵਿਚਾਰ ਕਰਾਂਗੇ।" ਅਜਿਹੇ ਕਿਆਫੇ ਲਾਏ ਜਾ ਰਹੇ ਹਨ ਕਿ ਭਾਰਤ ਤੇ ਪਾਕਿਸਤਾਨ ਇਸ ਮਹਾਂਦੀਪੀ ਟੂਰਨਾਮੈਂਟ ਦੇ ਰਾਊਂਡ ਰੌਬਿਨ ਮੈਚ 'ਚ ਇੱਕ-ਦੂਜੇ ਖ਼ਿਲਾਫ਼ ਖੇਡਣਗੇ, ਜੋ ਯੂ.ਏ.ਈ. ਜਾਂ ਸ੍ਰੀਲੰਕਾ ਵਿੱਚ ਹੋਣਾ ਹੈ, ਹਾਲਾਂਕਿ ਟੂਰਨਾਮੈਂਟ ਦਾ ਮੂਲ ਮੇਜ਼ਬਾਨ ਭਾਰਤ ਹੀ ਹੈ।

# ਜਦੋਂ ਉਲੰਪਿਕ ਮਾਟੋ ਹੋਂਦ 'ਚ ਆਇਆ...

ਮਨਦੀਪ ਸਿੰਘ ਸੁਨਾਮ



ਅਧਿਕਾਰਿਤ ਤੌਰ 'ਤੇ ਉਲੰਪਿਆਡ ਦੀਆਂ ਅੱਠਵੀਂਆਂ ਖੇਡਾਂ ਪੈਰਿਸ ਵਿਖੇ ਸਾਲ 1924 ਅੰਦਰ ਹੋਈਆਂ ਸਨ। ਇਹ ਖੇਡਾਂ ਪੈਰਿਸ ਵਿਖੇ 5 ਜੁਲਾਈ ਤੋਂ 27 ਜੁਲਾਈ ਤੱਕ ਆਯੋਜਿਤ ਕੀਤੀਆਂ ਗਈਆਂ ਸਨ।ਇਹ ਖੇਡਾਂ 'ਬੇਰਨ-ਡੀ-ਕੂਬਰਟਿਨ' ਦੀ ਪ੍ਰਧਾਨਗੀ ਹੇਠ ਆਖ਼ਰੀ ਉਲੰਪਿਕ ਖੇਡਾਂ ਸਨ ਅਤੇ ਇਨ੍ਹਾਂ ਖੇਡਾਂ 'ਚ ਕੁੱਲ 44 ਮੁਲਕਾਂ ਦੇ 3089 ਖਿਡਾਰੀਆਂ ਨੇ ਭਾਗ ਲਿਆ ਸੀ ਜਿੰਨਾਂ ਵਿੱਚ 2954 ਮਰਦ ਅਤੇ 135 ਔਰਤ ਖਿਡਾਰੀ ਸਨ।

ਫ਼ਰਾਂਸ ਵਿਖੇ ਹੋਈਆਂ 1924 ਉਲੰਪਿਕ ਖੇਡਾਂ ਅੰਦਰ ਅਜੋਕੇ ਉਲੰਪਿਕ ਮਾਟੋ ਸੀਟੀਅਸ ਆਲਟੀਅਸ ਫਾਰਟੀਅਸ ਨੂੰ ਪਹਿਲੀ ਵਾਰ ਵਰਤਿਆ ਗਿਆ ਸੀ। ਇਨ੍ਹਾਂ ਲਾਤੀਨੀ ਭਾਸ਼ਾ ਦੇ ਸ਼ਬਦਾਂ ਦੇ ਅਰਥ ਹਨ ਤੇਜ਼, ਉੱਚਾ, ਮਜ਼ਬੂਤ ਅਤੇ ਇਨ੍ਹਾਂ ਨੂੰ ਕੂਬਰਟਿਨ ਨੇ ਆਪਣੇ ਡੋਮਿਨਿਕਨ ਪਾਦਰੀ ਦੋਸਤ ਹੈਨਰੀ ਡੀਡਨ ਤੋਂ ਉਧਾਰ ਲਿਆ ਸੀ ਜੋ ਕਿ ਐਥਲੈਟਿਕਸ ਦਾ ਸ਼ੌਕੀਨ ਸੀ। ਕੂਬਰਟਿਨ ਨੇ ਕਿਹਾ ਸੀ ਕਿ ਇਹ ਤਿੰਨ ਸ਼ਬਦ ਖੇਡਾਂ ਦੀ ਨੈਤਿਕ ਸੁੰਦਰਤਾ ਨੂੰ ਦਰਸਾਉਂਦੇ ਹਨ। ਸਾਲ 2020 ਦੀਆਂ ਟੋਕੀਓ ਉਲੰਪਿਕ ਤੋਂ ਪਹਿਲਾਂ 'ਆਈਓਸੀ' ਦੇ ਇੱਕ ਵਿਸ਼ੇਸ਼ ਇਜਲਾਸ ਵਿੱਚ ਉਲੰਪਿਕ ਮਾਟੋ ਨਾਲ ਐਨ ਡੈਸ਼ ਤੋਂ ਬਾਅਦ ਇੱਕ ਸ਼ਬਦ ਕਮਿਊਨੀਟਰ ਜੋੜ ਦਿੱਤਾ ਗਿਆ ਜਿਸਦਾ ਅਰਥ ਹੈ ਇਕੱਠੇ ਤੇ ਹੁਣ ਉਲੰਪਿਕ ਮਾਟੋ ਨੂੰ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ ਸੀਟੀਅਸ ਆਲਟੀਅਸ ਫਾਰਟੀਅਸ-ਕਮਿਊਨੀਟਰ।1924 ਦੀਆਂ ਪੈਰਿਸ ਉਲੰਪਿਕ 'ਚ 'ਸੰਯੁਕਤ ਰਾਜ ਅਮਰੀਕਾ' ਕੁੱਲ 99 ਤਗ਼ਮਿਆਂ ਨਾਲ ਪਹਿਲੇ ਸਥਾਨ 'ਤੇ ਰਿਹਾ ਸੀ ਜਦੋਂਕਿ ਮੇਜ਼ਬਾਨ ਫ਼ਰਾਂਸ 38 ਤਗ਼ਮਿਆਂ ਨਾਲ ਤੀਸਰੇ ਸਥਾਨ 'ਤੇ ਰਿਹਾ ਸੀ। ਇਨ੍ਹਾਂ ਖੇਡਾਂ 'ਚ ਹੀ ਨਿਸ਼ਾਨਬੱਧ ਲੇਨਾਂ ਨਾਲ 50 ਮੀਟਰ ਦੇ ਤੈਰਾਕੀ ਕੂੰਡਾਂ ਦੀ ਵਰਤੋਂ ਸ਼ੁਰੂ ਹੋਈ ਸੀ।

# ਪੰਜਾਬ ਦੀ ਧੀ ਅਮਨਜੋਤ ਕੌਰ ਨੇ ਕ੍ਰਿਕਟ 'ਚ ਭਾਰਤ ਤੇ ਸਿੱਖ ਪੰਥ ਦਾ ਨਾਮ ਚਮਕਾਇਆ

## ➤ ਕਿਰਤੀ ਪਰਿਵਾਰ ਨੇ ਅਮਨਜੋਤ ਨੂੰ ਟਰੇਨਿੰਗ ਦਿਵਾਕੇ ਕ੍ਰਿਕਟ ਸਟਾਰ ਬਣਾਇਆ

## ➤ ਇੰਗਲੈਂਡ ਨੂੰ ਹਰਾਉਣ ਵਾਲੀ ਪੰਜਾਬਣ ਅਮਨਜੋਤ ਦੀ ਸੰਘਰਸ਼ ਭਰਪੂਰ ਦਾਸਤਾਨ

ਪੰਜਾਬ ਦੀ ਉੱਭਰਦੀ ਕ੍ਰਿਕਟ ਸਟਾਰ ਅਮਨਜੋਤ ਕੌਰ ਮੋਹਾਲੀ, ਜੋ ਕਿ ਇੱਕ ਕਿਰਤੀ ਸਿੱਖ ਪਰਿਵਾਰ ਨਾਲ ਸਬੰਧਿਤ ਹੈ, ਨੇ ਭਾਰਤੀ ਮਹਿਲਾ ਕ੍ਰਿਕਟ ਟੀਮ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾਈ ਹੈ। ਇੰਗਲੈਂਡ ਖ਼ਿਲਾਫ਼ ਟੀ-20 ਸੀਰੀਜ਼ ਦੇ ਦੂਜੇ ਮੈਚ ਵਿੱਚ 24 ਦੌੜਾਂ ਨਾਲ ਜਿੱਤ ਵਿੱਚ ਅਮਨਜੋਤ ਕੌਰ ਦਾ ਹਰਫ਼ਨਮੌਲਾ ਪ੍ਰਦਰਸ਼ਨ ਨੇ ਸਭ ਦਾ ਧਿਆਨ ਖਿੱਚਿਆ। ਉਸ ਨੇ 40 ਗੇਂਦਾਂ ਵਿੱਚ 63 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ, ਜਿਸ ਵਿੱਚ 9 ਚੌਕੇ ਸ਼ਾਮਲ ਸਨ ਅਤੇ ਗੇਂਦਬਾਜ਼ੀ ਵਿੱਚ ਇੰਗਲੈਂਡ ਦੀ ਕਪਤਾਨ ਨੈਟ ਸਾਈਵਰ-ਬਰੰਟ ਦੀ ਮਹੱਤਵਪੂਰਨ ਵਿਕਟ ਲੈ ਕੇ -ਪਲੇਅਰ ਆਫ਼ ਦਿ ਮੈਚ' ਦਾ ਖਿਤਾਬ ਜਿੱਤਿਆ। ਅਮਨਜੋਤ ਕੌਰ ਦੀ ਇਹ ਸਫਲਤਾ ਸਿਰਫ ਉਸ ਦੀ ਮਿਹਨਤ ਦਾ ਨਤੀਜਾ ਨਹੀਂ, ਸਗੋਂ ਉਸ ਦੇ ਪਰਿਵਾਰ ਅਤੇ ਕੋਚ ਦੇ ਅਥਾਹ ਸਮਰਥਨ ਦਾ ਨਤੀਜਾ ਹੈ। ਅਮਨਜੋਤ ਦੇ ਪਿਤਾ, ਭੁਪਿੰਦਰ ਸਿੰਘ, ਲੱਕੜ ਦਾ ਫਰਨੀਚਰ ਬਣਾਉਣ ਦਾ ਕੰਮ ਕਰਦੇ ਹਨ, ਜਦਕਿ ਉਸ ਦੀ ਮਾਤਾ ਮਨਜੀਤ ਕੌਰ ਘਰੇਲੂ ਔਰਤ ਹੈ। ਪਰਿਵਾਰ ਦੀ ਆਰਥਿਕ ਸਥਿਤੀ ਸਾਧਾਰਨ ਹੋਣ ਦੇ ਬਾਵਜੂਦ, ਉਨ੍ਹਾਂ ਨੇ ਅਮਨਜੋਤ ਦੇ ਕ੍ਰਿਕਟ ਸੁਪਨਿਆਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਹੈ।

ਭੁਪਿੰਦਰ ਸਿੰਘ ਨੇ ਅਮਨਜੋਤ ਨੂੰ ਟਰੇਨਿੰਗ ਲਈ ਮੋਹਾਲੀ, ਚੰਡੀਗੜ੍ਹ ਅਤੇ ਪੰਚਕੂਲਾ ਦੀਆਂ ਕ੍ਰਿਕਟ ਅਕੈਡਮੀਆਂ ਵਿੱਚ ਲਿਜਾਣ ਲਈ ਆਪਣਾ ਕੰਮ ਛੱਡਿਆ। ਉਹ ਤੜਕੇ ਅਮਨ ਨੂੰ 20 ਕਿਲੋਮੀਟਰ ਦੂਰ ਕੋਚਿੰਗ ਸੈਂਟਰ ਛੱਡਣ ਜਾਂਦੇ ਸਨ, ਫਿਰ 10 ਕਿਲੋਮੀਟਰ ਦੂਰ ਕੰਮ 'ਤੇ ਜਾਂਦੇ ਅਤੇ ਸ਼ਾਮ ਨੂੰ ਮੁੜ ਅਮਨ ਨੂੰ ਵਾਪਸ ਲੈ ਕੇ ਆਉਂਦੇ। ਇਹ ਸਮਰਪਣ ਅਮਨ ਦੀ ਸਫਲਤਾ ਦੀ ਨੀਂਹ ਬਣਿਆ। ਭੁਪਿੰਦਰ ਦੱਸਦੇ ਹਨ ਕਿ ਕ੍ਰਿਕਟ ਇੱਕ ਮਹਿੰਗੀ ਖੇਡ ਹੈ, ਪਰ ਉਹ ਅਮਨ ਦੀ ਟਰੇਨਿੰਗ ਵਿੱਚ ਕੋਈ ਕਮੀ ਨਹੀਂ ਛੱਡਣਾ ਚਾਹੁੰਦੇ ਸਨ।

**ਕ੍ਰਿਕਟ ਦੀਆਂ ਪ੍ਰਾਪਤੀਆਂ**

ਅਮਨਜੋਤ ਕੌਰ ਨੇ ਆਪਣੇ ਕ੍ਰਿਕਟ ਕੈਰੀਅਰ ਦੀ ਸ਼ੁਰੂਆਤ ਗਲੀ ਕ੍ਰਿਕਟ ਤੋਂ ਕੀਤੀ, ਪਰ 16 ਸਾਲ ਦੀ ਉਮਰ ਵਿੱਚ ਕੋਚ ਨਾਗੇਸ਼ ਗੁਪਤਾ ਦੀ ਅਗਵਾਈ ਵਿੱਚ ਉਸ ਦਾ ਸਫਰ ਸਫਲਤਾ ਰੂਪ ਧਾਰਨ ਕਰ ਗਿਆ। ਚੰਡੀਗੜ੍ਹ ਅਤੇ ਪੰਜਾਬ ਲਈ ਘਰੇਲੂ ਕ੍ਰਿਕਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਨੇ ਉਸ ਨੂੰ 2021 ਅਤੇ 2022 ਦੀ ਸੀਨੀਅਰ ਮਹਿਲਾ ਵਨ ਡੇ ਚੈਲੇਂਜਰ ਟਰਾਫੀ ਵਿੱਚ ਚਮਕਣ ਦਾ ਮੌਕਾ ਦਿੱਤਾ। 2023 ਵਿੱਚ ਅਮਨਜੋਤ ਦੀ ਚੋਣ ਭਾਰਤੀ ਮਹਿਲਾ ਕ੍ਰਿਕੇਟ ਟੀਮ ਵਿੱਚ ਹੋਈ, ਜਿੱਥੇ ਉਸ ਨੇ ਦੱਖਣੀ ਅਫਰੀਕਾ ਖ਼ਿਲਾਫ਼ ਪਹਿਲੇ ਮੈਚ ਵਿੱਚ 30 ਗੇਂਦਾਂ ਵਿੱਚ 41 ਦੌੜਾਂ ਦੀ ਪਾਰੀ ਖੇਡੀ। ਵੂਮੈਨ ਪ੍ਰੀਮੀਅਰ ਲੀਗ 2025 ਵਿੱਚ ਮੁੰਬਈ ਇੰਡੀਅਨਜ਼ ਲਈ ਖੇਡਦਿਆਂ ਅਮਨ ਨੇ ਆਰ.ਸੀ.ਬੀ. ਖ਼ਿਲਾਫ਼ 27 ਗੇਂਦਾਂ ਵਿੱਚ ਨਾਬਾਦ 34 ਦੌੜਾਂ ਬਣਾ ਕੇ ਟੀਮ ਨੂੰ ਜਿੱਤ ਦਿਵਾਈ ਅਤੇ ਪਲੇਅਰ ਆਫ ਦਿ ਮੈਚ ਦਾ ਖਿਤਾਬ ਜਿੱਤਿਆ। ਇਸ ਟੂਰਨਾਮੈਂਟ ਵਿੱਚ ਉਸ ਨੂੰ ਇਮਰਜਿੰਗ ਪਲੇਅਰ ਆਫ ਦਿ ਸੀਜ਼ਨ ਦੀ ਟਰਾਫੀ ਵੀ ਮਿਲੀ। ਇੰਗਲੈਂਡ ਖ਼ਿਲਾਫ਼ 2025 ਦੇ ਟੀ-20 ਮੈਚ ਵਿੱਚ ਵੀ ਉਸ

**(ਬਾਕੀ ਸਫ਼ਾ 31 'ਤੇ)**



# ਪੰਜਾਬੀ ਕਲਾਕਾਰਾਂ ਦੀ ਹੋਂਦ, ਭਾਸ਼ਾ, ਫ਼ਰਜ਼ ਅਤੇ ਚਿੰਤਨ



ਸ. ਦਲਵਿੰਦਰ ਸਿੰਘ ਘੁੰਮਣ

ਪ੍ਰਸਿੱਧ ਗਾਇਕ ਦਿਲਜੀਤ ਦਾ ਜਨਮ 1984 ਦਾ ਹੋਣ ਕਰਕੇ ਆਪਣੇ ਵਿੱਚ ਪੰਜਾਬ ਨਾਲ ਹੋਈ ਬੇਇਨਸਾਫ਼ੀ ਦੀ ਚੀਸ ਲੈ ਕੇ ਕਿਤੇ ਨਾ ਕਿਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਡਰ, ਭਉ ਤੋਂ ਮੁਕਤ ਰਹਿ ਕੇ ਚਰਚਾ ਦਾ ਵਿਸ਼ਾ ਬਣਦਾ ਰਹਿੰਦਾ ਹੈ।

ਦਿਲਜੀਤ ਦੋਸਾਂਝ ਦੀ ਫ਼ਿਲਮ 'ਸਰਦਾਰ ਜੀ 3' ਦਾ ਭਾਰਤੀ ਮੀਡੀਏ ਸਮੇਤ ਭਾਰਤ ਵਿੱਚ 2014 ਦੇ ਬਾਅਦ ਵਾਲੇ ਰਾਸ਼ਟਰਵਾਦੀਆਂ ਵੱਲੋਂ ਵਾਦ-ਵਿਵਾਦ ਬਣਾਇਆ ਗਿਆ। ਵਿਰੋਧ ਕੇਵਲ ਪਾਕਿਸਤਾਨੀ ਐਕਟਰਸ ਨਾਲ ਫ਼ਿਲਮ ਕਰਨਾ ਕੇਂਦਰ ਬਿੰਦੂ ਲੱਗਦਾ ਹੈ। ਪਰ ਇਸ ਪਿੱਛੇ ਦਿੱਖ, ਅਦਿੱਖ ਨਫ਼ਰਤ ਹੈ ਜੋ 'ਪੱਗ' ਦੇ ਵਿਰੋਧ ਵਿੱਚ ਖੜੀ ਦਿਸਦੀ ਹੈ। ਪੰਜ ਸਦੀਆਂ ਦੇ ਵੈਰ ਹੁਣ ਛੇਵੀਂ ਸਦੀ ਵਿੱਚ ਪਹੁੰਚਣ ਵਾਲਾ ਹੈ। ਦਿਲਜੀਤ ਭਾਵੇਂ ਕਿ ਇੱਕ ਗਾਇਕ ਦੇ ਤੌਰ 'ਤੇ ਉਭਰਿਆ ਹੈ ਪਰ ਕਲਾ ਰਾਹੀਂ ਇੱਕ ਬਹੁਤ ਵੱਡੀ ਮਿਸਾਲੀ ਉਦਾਹਰਣ ਪੇਸ਼ ਕਰਨ ਵਿੱਚ ਕਾਮਯਾਬ ਹੋਇਆ ਹੈ ਕਿਵੇਂ ਇੱਕ ਪੱਗ ਬੰਨ ਕੇ ਦੁਨੀਆਂ ਦੇ ਵੱਡੇ ਮੰਚਾਂ 'ਤੇ ਕਲਾ ਰਾਹੀ ਪੰਜਾਬੀ ਭਾਸ਼ਾ ਨੂੰ ਸਨਮਾਨ ਦੇਣ ਦੇ ਨੋਬਲੀ ਕੰਮ ਕੀਤੇ ਜਾ ਸਕਦੇ ਹਨ। ਕਈ ਅਣਕਿਆਸੇ, ਅਣਛੋਹੇ ਵਿਸ਼ਿਆਂ 'ਤੇ ਫ਼ਿਲਮਾਂ ਬਣਾ ਕੇ ਸਿੱਖਾਂ ਅਤੇ ਪੰਜਾਬ ਨਾਲ ਹੋਏ ਧੱਕੇ, ਅਨਿਆਂ, ਬੇਇਨਸਾਫ਼ੀਆਂ ਦਾ ਦੁਨੀਆਂ ਸਾਹਮਣੇ ਉੱਘੜਵਾਂ ਰੂਪ ਪੇਸ਼ ਕੀਤਾ ਹੈ।

'ਸਰਦਾਰ ਜੀ 3' ਫ਼ਿਲਮ ਆਮ ਫ਼ਿਲਮਾਂ ਵਰਗੀ ਹੀ ਹੋਵੇਗੀ। ਜਿਸ ਦੇ ਹੱਕ ਜਾਂ ਵਿਰੋਧ ਦਾ ਕੋਈ ਕਾਰਨ ਬਣਦਾ ਹੋਵੇ। ਪਰ ਕਿਉਂਕਿ ਦਿਲਜੀਤ ਨੇ ਜੋ ਕੁਝ ਗਾਣਿਆਂ ਅਤੇ ਫ਼ਿਲਮਾਂ ਰਾਹੀ ਪੰਜਾਬ 'ਤੇ ਵਾਪਰੀਆਂ ਕਹਿਰ ਕਹਾਣੀਆਂ ਦੀ ਸਹੀ ਪੇਸ਼ਕਾਰੀ ਨੂੰ ਵੱਡਾ ਪਲੇਟਫ਼ਾਰਮ ਦਿੱਤਾ ਹੈ। ਦਿਲਜੀਤ ਨੇ ਆਪਣੇ ਕੰਮ ਕਰਨ ਅਤੇ ਆਪਣੀ ਪੱਗ ਵਾਲੀ ਦਿੱਖ ਨੂੰ ਵੱਖਰੀ ਪਹਿਚਾਣ ਦੇਣ ਵਿੱਚ ਦੁਨੀਆਂ ਨੂੰ ਸਤਿਕਾਰੀ ਜੁਬਾਨ ਦਿੱਤੀ ਹੈ। ਉਸ ਦਾ ਪੰਜਾਬੀ ਅਤੇ ਹਿੰਦੀ ਫ਼ਿਲਮਾਂ ਵਿੱਚ ਪੱਗਾਂ ਬੰਨ ਕੇ ਕਲਾਕਾਰੀ ਕਰਨ ਦੀ ਨਵੀਂ ਪਿਰਤ ਨੂੰ ਪੱਗ ਪ੍ਰਤੀ ਆਦਰ ਮਿਲਿਆ ਹੈ। ਅਭਿਨੈ ਕਰਨ ਵਿੱਚ ਆਪਣਾ ਲੋਹਾ ਮਨਵਾਇਆ ਹੈ। ਇਸ ਨਾਲ ਗਲਤ ਢੰਗ ਨਾਲ ਸਿੱਖ ਕਿਰਦਾਰਾਂ ਦੀ ਪੇਸ਼ਕਾਰੀ ਕਰਨ ਨੂੰ ਵੀ ਠੱਲ੍ਹ ਪਈ ਹੈ।




ਦਿਲਜੀਤ ਨੇ ਗਾਇਕੀ ਅਤੇ ਕਲਾ ਦੇ ਖੇਤਰ ਵਿੱਚ ਵੱਡੀ ਮੱਲ ਮਾਰੀ ਹੈ। ਇਸ ਦੇ 'ਦਿਲ ਲਮਿਊਨਟੀ ਟੂਰ' ਨੇ ਦੁਨੀਆਂ ਵਿੱਚ ਪੰਜਾਬੀ ਸੰਗੀਤ ਦੀ ਨਵੀਂ ਪਹਿਲ ਨੂੰ ਨਵੀਂ ਦਿਸ਼ਾ ਦਿੱਤੀ ਹੈ ਅਤੇ ਅਸਲ ਹੋਂਦ ਨੂੰ ਵੀ ਪੈਰਾਂ ਸਿਰ ਕੀਤਾ ਹੈ। ਪਹਿਚਾਣ ਨੂੰ ਸਹੀ ਦਿਸ਼ਾ ਮਿਲੀ ਹੈ। ਪੰਜਾਬੀ ਦੀ ਪਹੁੰਚ ਨੂੰ ਪਿੰਡਾਂ ਦੀਆਂ ਪਗਡੰਡੀਆਂ ਤੋਂ ਦੁਨੀਆਂ ਦੇ ਵੱਡੇ ਮਾਰਗਾਂ 'ਤੇ ਲੈ ਆਂਦਾ ਹੈ। ਜਿਸ ਦੀ ਰਫ਼ਤਾਰ ਮਾਪਣ ਲਈ ਦੂਜੀਆਂ ਭਾਰਤੀ ਜੁਬਾਨਾਂ ਨੂੰ ਖਾਸ ਕਰਕੇ ਲੰਮੀ ਲਕੀਰ ਖਿੱਚਣੀ ਪਵੇਗੀ। ਕਿਸੇ ਭਾਸ਼ਾ ਦਾ ਘੇਰਾ ਉਸ ਦੀਆਂ ਅਸੀਮ ਜਿਉਣ ਸ਼ਕਤੀ ਨਾਲ ਵੱਡਾ ਪਿੜ ਮੱਲਣਾ ਹੈ। ਜੋ ਪੰਜਾਬੀ, ਗੁਰਮੁਖੀ ਵਿੱਚ ਪਿਆ ਹੈ। ਪੰਜਾਬੀ ਗੁਰੂ-ਵਡਿਆਈ ਦੀ ਛੋਹ ਵਿੱਚੋਂ ਆਈ ਹੋਈ ਹੈ। ਉਸ ਦੇ ਰੋਕੇ ਜਾਂਦੇ ਰਾਹਾਂ ਨੂੰ ਵਿਦਵਤਾ ਦੇ ਅੱਥਰੇ ਹੜ੍ਹਾਂ ਦੀਆਂ ਛੱਲਾਂ ਨੇ ਸਰਹੱਦਾਂ ਨੂੰ ਪਾਰ ਕਰਨਾ ਹੀ ਹੈ। ਜੇ ਸਿੱਖ ਧਰਮ ਸਰਬੱਤ ਦੀ ਖੈਰ ਮੰਗਦਾ ਹੈ ਤਾਂ ਪੰਜਾਬੀ ਜੁਬਾਨ ਅਤੇ ਭਾਸ਼ਾ ਦਾ ਪਸਾਰਾ ਵੀ ਬਿਨਾਂ ਸਰਹੱਦੀ ਹੈ।

ਦਿਲਜੀਤ ਵੱਲੋਂ ਅਪ੍ਰੈਲ ਮਹੀਨੇ ਅਮਰੀਕਾ ਦੇ ਲਾਸ ਏਂਜਲਸ ਵਿੱਚ ਲੱਗਦੇ ਸੰਸਾਰ ਪੱਧਰੀ ਸੰਗੀਤ ਮੇਲੇ 'ਕੋਚੀਲਾ' ਵਿੱਚ ਸ਼ਮੂਲੀਅਤ ਕਰਕੇ ਵੱਡੀ ਪੁਲਾਂਘ ਪੁੱਟੀ ਸੀ। ਪਹਿਲੇ ਪੰਜਾਬ ਗਾਇਕ ਨੂੰ ਐਨੀ ਵੱਡੀ ਸਟੇਜ ਮਿਲੀ ਸੀ। 2020 ਵਿੱਚ ਬਿਲ ਬੋਰਡ ਮੈਗਜ਼ੀਨ ਵਿੱਚ ਆਪਣੀ ਥਾਂ ਬਣਾਉਣ ਵਿੱਚ ਕਾਮਯਾਬ ਹੋਇਆ ਸੀ।

ਦਿਲਜੀਤ ਨੇ ਮੈਟ ਗੈਲਾ ਵਿੱਚ ਰੇਪ ਵਾਕ ਵੇਲੇ ਪੱਗ, ਸ੍ਰੀ ? ਸਾਹਿਬ, ਪੰਜਾਬ ਦਾ ਨਕਸ਼ਾ, ਪੈਂਤੀ ਅੱਖਰੀ ਪੰਜਾਬੀ ਅਤੇ ਸਿੱਖ ਸ਼ਾਹੀ ਪਹਿਰਾਵੇ ਨੂੰ ਦੁਨੀਆਂ ਵਿੱਚ ਵੱਡੀ ਪਹਿਚਾਣ ਦਿੱਤੀ ਹੈ। ਉਹ ਦੱਸਦਾ ਭਾਵੁਕ ਹੋ ਜਾਂਦਾ ਹੈ, ਕਿ 'ਮੈਨੂੰ ਆਪਣੀ ਪਹਿਚਾਣ ਨਾਲੋਂ ਆਪਣੇ ਵਿਰਸੇ ਦੀ ਪਹਿਚਾਣ ਕਰਨ ਦਾ ਵਾਹਿਗੁਰੂ ਨੇ ਮੌਕਾ ਦਿੱਤਾ ਹੈ । .... ਉਥੇ ਮੈਂ ਨਹੀਂ ਜਾ ਰਿਹਾ ,...ਪੱਗ ਜਾ ਰਹੀ ਹੈ' ।

ਸਿੱਧੂ ਮੂਸੇ ਵਾਲੇ ਦੀ ਦੁਨੀਆ ਵਿੱਚ ਰੈਪ ਸੰਗੀਤ ਵਿੱਚ ਪਾਈ ਲੀਹ ਨੂੰ ਦਿਲਜੀਤ ਦੋਸਾਂਝ ਨੱਪਣ ਵਿੱਚ ਕਾਮਯਾਬ ਹੋਇਆ ਹੈ। ਮੂਸੇ ਵਾਲੇ ਦੀ ਮੌਤ ਤੋਂ ਬਾਅਦ ਸੰਸਾਰ ਭਰ ਵਿੱਚ ਪੰਜਾਬੀ ਦੀ ਅਸਲ ਪਹਿਚਾਣ ਮਿਲਣ ਦੀ ਪੈੜ ਬੱਝੀ ਸੀ। ਭਾਰਤ ਦੇ ਇੱਕ ਛੋਟੇ ਖ਼ਿੱਤੇ ਪੰਜਾਬ ਵਿੱਚੋਂ ਉਠ ਕੇ ਦੁਨੀਆਂ ਦੇ ਪਹਿਲੀ ਕਤਾਰ ਦੇ ਗਾਇਕਾਂ ਵਿੱਚ ਖੜੇ ਹੋਣਾ ਇਹਨਾਂ ਦੋਵਾਂ ਗਾਇਕਾਂ ਦੇ ਹਿੱਸੇ ਹੀ ਆਇਆ ਹੈ। ਇਸ ਤਰਜ਼ 'ਤੇ ਚਲਣ ਵਾਲੇ ਗਾਇਕਾਂ, ਕਲਾਕਾਰਾਂ ਲਈ ਵੀ ਭਵਿੱਖ ਸੁਨਹਿਰੀ ਹੋ ਸਕਦਾ ਹੈ। ਫ਼ਿਲਹਾਲ ਫ਼ਿਲਮ 'ਸਰਦਾਰ ਜੀ 3' ਨੂੰ ਭਾਰਤ ਵਿੱਚ ਰਿਲੀਜ਼ ਨਹੀਂ ਕੀਤਾ ਗਿਆ ਹੈ। ਪਰ ਇਸ ਸਾਰੇ ਘਟਨਾਕ੍ਰਮ ਨਾਲ ਭਾਰਤ ਦੇ ਲੋਕਤੰਤਰ ਦੀ ਘੱਟ ਗਿਣਤੀ ਲੋਕਾਂ ਅਤੇ ਭਾਸ਼ਾਵਾਂ ਪ੍ਰਤੀ ਮਾੜੇ ਨਜ਼ਰੀਏ ਨੂੰ ਉਜਾਗਰ ਕੀਤਾ ਹੈ।

ਸਮਾਂ ਚਿੰਤਨ ਕਰਨ ਦਾ ਹੈ ਉਹ ਸਰਬ ਪੱਖੀ ਹਾਲਾਤਾਂ 'ਤੇ ਵੱਡੀ ਜ਼ਿੰਮੇਵਾਰੀ ਮੰਗਦਾ ਹੈ। ਆਓ, ਸਾਰੇ ਰਲ ਕੇ ਸੰਸਾਰ ਵਿੱਚ ਹਰ ਚੰਗੇ ਪੱਖਾਂ ਦੀ ਧਿਰ ਬਣ ਕੇ ਚੰਗੇ ਸਮਾਜ ਦੀ ਉਸਾਰੀ ਕਰੀਏ।

# ਐਫ.ਡਬਲਯੂ.ਆਈ.ਸੀ.ਈ. ਨੇ 'ਬਾਰਡਰ 2' ਲਈ ਦਿਲਜੀਤ 'ਤੇ ਲੱਗੀ ਪਾਬੰਦੀ ਹਟਾਈ

## 'ਬਾਰਡਰ 2' ਲਈ ਦਿਲਜੀਤ ਦੋਸਾਂਝ ਨੇ ਸ਼ੁਰੂ ਕੀਤੀ ਸ਼ੂਟਿੰਗ


ਦਿਲਜੀਤ ਦੋਸਾਂਝ ਆਪਣੀ ਆਉਣ ਵਾਲੀ ਫ਼ਿਲਮ ਬਾਰਡਰ 2 ਲਈ ਸੁਰਖੀਆਂ ਵਿੱਚ ਹਨ। ਹਾਲ ਹੀ ਵਿੱਚ, ਉਨ੍ਹਾਂ ਦੀ ਫ਼ਿਲਮ ਸਰਦਾਰ ਜੀ 3 ਰਿਲੀਜ਼ ਹੋਈ ਸੀ ਜਿਸ ਵਿੱਚ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੀ ਕਾਸਟਿੰਗ 'ਤੇ ਸਵਾਲ ਉਠਾਏ ਗਏ ਸਨ। ਇਸ ਲਈ ਉਨ੍ਹਾਂ ਨੂੰ ਬੁਰੀ ਤਰ੍ਹਾਂ ਟ੍ਰੋਲ ਕੀਤਾ ਜਾ ਰਿਹਾ ਹੈ। ਇਸ ਦੌਰਾਨ, ਫ਼ੈਡਰੇਸ਼ਨ ਆਫ਼ ਵੈਸਟਰਨ ਇੰਡੀਆ ਸਿਨੇਮਾ ਇੰਪਲਾਈਜ਼ (ਐਫ਼.ਡਬਲਯੂ.ਆਈ.ਸੀ.ਈ.) ਨੇ ਬਾਰਡਰ 2 ਵਿੱਚ ਉਨ੍ਹਾਂ ਦੀ ਕਾਸਟਿੰਗ ਦਾ ਵਿਰੋਧ ਕੀਤਾ।

ਇਹ ਕਿਹਾ ਜਾ ਰਿਹਾ ਸੀ ਕਿ ਐਫ਼.ਡਬਲਯੂ.ਆਈ.ਸੀ.ਈ. ਨੇ ਦਿਲਜੀਤ ਦੁਸਾਂਝ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਉਨ੍ਹਾਂ ਨੂੰ ਬਾਰਡਰ 2 ਤੋਂ ਕੱਢ ਦਿੱਤਾ ਗਿਆ ਹੈ, ਪਰ ਕੱਲ੍ਹ ਅਦਾਕਾਰ ਨੇ ਫ਼ਿਲਮ ਦੇ ਸੈੱਟ ਤੋਂ ਆਪਣੀ ਵੀਡੀਓ ਸਾਂਝੀ ਕੀਤੀ ਅਤੇ ਸਾਰੀਆਂ ਅਫ਼ਵਾਹਾਂ ਨੂੰ ਖਾਰਜ ਕਰ ਦਿੱਤਾ। ਇਸ ਦੌਰਾਨ ਐਫ਼.ਡਬਲਯੂ.ਆਈ.ਸੀ.ਈ. ਦਾ ਤਾਜ਼ਾ ਬਿਆਨ ਸਾਹਮਣੇ ਆਇਆ ਹੈ ਜਿਸ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਫ਼ੈਡਰੇਸ਼ਨ ਨੇ ਸਿਰਫ਼ ਬਾਰਡਰ 2 ਲਈ ਦਿਲਜੀਤ 'ਤੇ ਪਾਬੰਦੀ ਹਟਾ ਦਿੱਤੀ ਹੈ। ਹਾਂ, ਐਫ਼.ਡਬਲਯੂ.ਆਈ.ਸੀ.ਈ. ਨੇ ਸਰਦਾਰ ਜੀ 3 ਵਿੱਚ ਹਾਨੀਆ ਆਮਿਰ ਨੂੰ ਕਾਸਟ ਕਰਨ ਤੋਂ ਬਾਅਦ ਦਿਲਜੀਤ ਦੋਸਾਂਝ 'ਤੇ ਪਾਬੰਦੀ ਲਗਾ ਦਿੱਤੀ ਸੀ, ਪਰ ਬਾਰਡਰ 2 ਦੇ ਨਿਰਮਾਤਾ ਭੂਸ਼ਣ ਕੁਮਾਰ ਨੇ ਨਿੱਜੀ ਤੌਰ 'ਤੇ ਫ਼ੈਡਰੇਸ਼ਨ ਨੂੰ ਦਿਲਜੀਤ ਨੂੰ ਫ਼ਿਲਮ ਵਿੱਚ ਕੰਮ ਕਰਨ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਸੀ। ਪੱਤਰਕਾਰਾਂ ਨਾਲ ਗੱਲਬਾਤ ਵਿੱਚ, ਐਫ਼.ਡਬਲਯੂ.ਆਈ.ਸੀ.ਈ. ਦੇ ਪ੍ਰਧਾਨ ਬੀ.ਐਨ. ਤਿਵਾੜੀ ਨੇ ਕਿਹਾ ਕਿ ਭੂਸ਼ਣ ਕੁਮਾਰ ਨੇ ਉਨ੍ਹਾਂ ਨੂੰ ਦਿਲਜੀਤ ਨੂੰ ਸ਼ੂਟਿੰਗ ਕਰਨ ਦੀ ਆਗਿਆ ਦੇਣ ਦੀ ਬੇਨਤੀ ਕੀਤੀ ਸੀ।

**ਅਸ਼ੋਕ ਪੰਡਿਤ ਦਾ ਗੁੱਸਾ ਭੜਕਿਆ**

ਭੂਸ਼ਣ ਕੁਮਾਰ ਨੇ ਐਫ਼.ਡਬਲਯੂ.ਆਈ.ਸੀ.ਈ. ਨਾਲ ਵਾਅਦਾ ਕੀਤਾ ਹੈ ਕਿ ਉਹ ਦਿਲਜੀਤ ਨੂੰ ਸਿਰਫ਼ ਬਾਰਡਰ 2 ਵਿੱਚ ਹੀ ਕੰਮ ਕਰਨ ਦੇਣਗੇ, ਜਿਸ ਤੋਂ ਬਾਅਦ ਉਹ ਉਨ੍ਹਾਂ ਨੂੰ ਕਿਸੇ ਹੋਰ ਫ਼ਿਲਮ ਵਿੱਚ ਕਾਸਟ ਨਹੀਂ ਕਰਨਗੇ। ਦਿਲਜੀਤ ਇਸ ਸ਼ਰਤ 'ਤੇ ਸਹਿਮਤ ਹੋ ਗਏ ਹਨ। ਦੂਜੇ ਪਾਸੇ, ਐਫ਼.ਡਬਲਯੂ.ਆਈ.ਸੀ.ਈ. ਦੇ ਮੈਂਬਰ ਅਸ਼ੋਕ ਪੰਡਿਤ ਨੇ ਆਪਣੀ ਅਸਹਿਮਤੀ ਪ੍ਰਗਟ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤੋਂ ਬਾਅਦ ਕਿਸੇ ਵੀ ਨੁਕਸਾਨ ਲਈ ਫ਼ੈਡਰੇਸ਼ਨ ਜ਼ਿੰਮੇਵਾਰ ਨਹੀਂ ਹੋਵੇਗਾ।






**ਬਾਰਡਰ 2 ਦੀ ਰਿਲੀਜ਼ ਮਿਤੀ**

ਬਾਰਡਰ 2 ਵਿੱਚ ਦਿਲਜੀਤ ਦੋਸਾਂਝ ਇੱਕ ਫ਼ੌਜੀ ਅਧਿਕਾਰੀ ਦੀ ਭੂਮਿਕਾ ਨਿਭਾ ਰਹੇ ਹਨ। ਅਨੁਰਾਗ ਸਿੰਘ ਦੁਆਰਾ ਨਿਰਦੇਸ਼ਤ ਇਸ ਫ਼ਿਲਮ ਵਿੱਚ ਸੰਨੀ ਦਿਓਲ, ਵਰੁਣ ਧਵਨ ਅਤੇ ਸੁਨੀਲ ਸ਼ੈੱਟੀ ਦੇ ਪੁੱਤਰ ਅਹਾਨ ਸ਼ੈੱਟੀ ਵੀ ਹਨ। ਇਹ ਫ਼ਿਲਮ ਅਗਲੇ ਸਾਲ 23 ਜਨਵਰੀ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

# ਗਾਇਕੀ, ਫ਼ਿਲਮਾਂ ਤੇ ਰਾਜਨੀਤੀ 'ਚ ਨਾਮਣਾ ਖੱਟਣ ਵਾਲਾ ਗਾਇਕ ਮੁਹੰਮਦ ਸਦੀਕ

ਡਾ. ਸੁਖਦਰਸ਼ਨ ਸਿੰਘ ਚਹਿਲ

ਛੋਟਾ ਕੱਦ, ਗਠੀਲਾ ਸਰੀਰ ਤੇ ਪੱਕਾ ਰੰਗ ਕਦੇ ਵੀ ਮੁਹੰਮਦ ਸਦੀਕ ਦੀ ਪਛਾਣ ਨਹੀਂ ਬਣੇ ਸਗੋਂ ਉਸ ਦੀ ਸੱਭਿਅਕ ਗਾਇਕੀ ਤੇ ਦਿਲਕਸ਼ ਅਦਾਵਾਂ ਨੇ ਉਸ ਦੀ ਸ਼ਖ਼ਸੀਅਤ ਨੂੰ ਇੰਨਾ ਨਿਖਾਰ ਦਿੱਤਾ ਕਿ ਦੁਨੀਆ ਭਰ 'ਚ ਵਸਦੇ ਪੰਜਾਬੀ ਉਸ ਨੂੰ ਆਪਣਾ ਗਾਇਕ ਕਹਿਣ 'ਚ ਫ਼ਖ਼ਰ ਮਹਿਸੂਸ ਕਰਦੇ ਹਨ। ਉਸ ਨੇ ਗਾਇਕੀ ਦੇ ਨਾਲ-ਨਾਲ ਫ਼ਿਲਮਾਂ 'ਚ ਵੀ ਨਾਮਣਾ ਖੱਟਿਆ ਹੈ ਤੇ ਰਾਜਨੀਤੀ 'ਚ ਵੀ। ਉਸ ਦੀ ਗਾਇਕੀ ਬਾਰੇ ਧਾਰਨਾ ਬਣ ਚੁੱਕੀ ਹੈ ਕਿ ਜਦੋਂ ਤੂੰਬੀ ਦੀ ਟੁਣਕਾਰ ਦੇ ਨਾਲ-ਨਾਲ ਉਸ ਦੀ ਪੱਗ ਦਾ ਤੁਰਲਾ ਹਿੱਲਣ ਲੱਗ ਜਾਂਦਾ ਹੈ ਤਾਂ ਸਮਝੋ ਉਹ ਆਪਣੇ ਸਾਜ਼ੀਆਂ ਨਾਲ ਇਕਸੁਰ ਹੋ ਗਿਆ ਹੈ। ਪੰਜਾਬੀਆਂ ਦੀਆਂ ਚਾਰ ਪੀੜ੍ਹੀਆਂ ਦਾ ਮਨੋਰੰਜਨ ਕਰਨ ਵਾਲੇ ਇਸ ਯੁੱਗ ਗਾਇਕ ਨਾਲ ਪਿਛਲੇ ਦਿਨੀਂ ਇੱਕ ਰੂਬਰੂ ਸਮਾਗਮ ਦੌਰਾਨ ਖੁੱਲ੍ਹੀਆਂ ਗੱਲਾਂ ਕਰਨ ਦਾ ਮੌਕਾ ਮਿਲਿਆ। ਇਸ ਦੌਰਾਨ ਉਸ ਨੇ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਅਣਛੋਹੇ ਪਲ ਸਾਂਝੇ ਕੀਤੇ।

ਆਪਣੇ ਗਾਇਕੀ ਦੇ ਸਫ਼ਰ ਦੀ ਸ਼ੁਰੂਆਤ ਬਾਰੇ ਮੁਹੰਮਦ ਸਦੀਕ ਦੱਸਦਾ ਹੈ ਕਿ 'ਲੋੜ ਕਾਢ ਦੀ ਮਾਂ ਹੈ' ਵਾਲੀ ਕਹਾਵਤ ਨੇ ਉਸ ਨੂੰ ਗਾਇਕੀ ਵੱਲ ਤੋਰਿਆ। ਘਰ ਦੇ ਹਾਲਾਤ ਕੁਝ ਇਸ ਤਰ੍ਹਾਂ ਦੇ ਸਨ ਕਿ ਉਸ ਨੂੰ ਬਚਪਨ ਤੋਂ ਹੀ ਪੜ੍ਹਾਈ ਦੇ ਨਾਲ-ਨਾਲ ਰੋਜ਼ੀ-ਰੋਟੀ ਲਈ ਮਾਪਿਆਂ ਨਾਲ ਹੱਥ ਵਟਾਉਣਾ ਪਿਆ। ਉਹ ਸਕੂਲ ਦੀ ਸਭਾ 'ਚ ਹਰ ਸਨਿੱਚਰਵਾਰ ਕੋਈ ਨਾ ਕੋਈ ਗੀਤ ਗਾਉਂਦਾ। ਅਧਿਆਪਕਾਂ ਤੇ ਸਾਥੀਆਂ ਵੱਲੋਂ ਭਰਪੂਰ ਹੱਲਾਸ਼ੇਰੀ ਮਿਲਦੀ ਜਿਸ ਨਾਲ ਉਹ ਅਗਲੀ ਵਾਰ ਹੋਰ ਮਿਹਨਤ ਨਾਲ ਗਾਉਣ ਦੀ ਤਿਆਰੀ ਕਰਕੇ ਆਉਂਦਾ। ਜਦੋਂ ਉਸ ਵੇਲੇ ਪੈਪਸੂ ਦੇ ਮੁੱਖ ਮੰਤਰੀ ਬਾਬੂ ਬ੍ਰਿਸ਼ ਭਾਨ ਉਨ੍ਹਾਂ ਦੇ ਪਿੰਡ ਕੁੱਪ ਕਲਾਂ ਵਿਖੇ ਆਏ ਤਾਂ ਅਧਿਆਪਕਾਂ ਦੇ ਕਹਿਣ 'ਤੇ ਸਦੀਕ ਨੂੰ ਉਨ੍ਹਾਂ ਸਾਹਮਣੇ ਗਾਉਣ ਦਾ ਮੌਕਾ ਮਿਲਿਆ। ਉਹ ਬੱਚਾ ਹੋਣ ਕਰਕੇ ਭੈਅ ਤੇ ਸੰਗ ਤੋਂ ਮੁਕਤ ਸੀ। ਮੁੱਖ ਮੰਤਰੀ ਦੀ ਹਾਜ਼ਰੀ 'ਚ ਉਸ ਨੇ ਜਦੋਂ ਮੁਹੰਮਦ ਰਫ਼ੀ ਦਾ ਗਾਇਆ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ' ਦਾ ਗਾਇਆ ਤਾਂ ਮੁੱਖ ਮੰਤਰੀ ਨੇ ਖ਼ੁਸ਼ ਹੋ ਕੇ ਸੌ ਰੁਪਏ ਦਾ



ਨੋਟ ਇਨਾਮ 'ਚ ਦਿੱਤਾ। ਉਸ ਵੇਲੇ ਇੱਕ ਰੁਪਏ ਦਾ ਇਨਾਮ ਵੀ ਵੱਡਾ ਸਮਝਿਆ ਜਾਂਦਾ ਸੀ ਤੇ ਉਸ ਨੂੰ ਸੌ ਗੁਣਾ ਵੱਡਾ ਇਨਾਮ ਮਿਲਿਆ।

ਉਸ ਵੇਲੇ ਅਨੁਸਾਰ ਬਾਲਕ ਸਦੀਕ ਨੂੰ ਬਹੁਤ ਵੱਡਾ ਇਨਾਮ ਮਿਲਣ ਕਾਰਨ ਇਲਾਕੇ 'ਚ ਉਸ ਦੀ ਪਛਾਣ ਹੋ ਗਈ, ਪਰ ਉਹ ਇਸ ਪ੍ਰਸਿੱਧੀ ਬਾਰੇ ਬੇਖ਼ਬਰ ਸੀ। ਉਹ ਦੱਸਦਾ ਹੈ ਕਿ ਇਹ ਨੋਟ ਜਦੋਂ ਉਸ ਨੇ ਆਪਣੀ ਮਾਂ ਨੂੰ ਫੜਾਇਆ ਤਾਂ ਉਹ ਕਿੰਨਾ ਚਿਰ ਨੋਟ ਨੂੰ ਦੇਖੀ ਗਈ ਤੇ ਉਸ ਨੂੰ ਆਂਢਣਾਂ-ਗੁਆਂਢਣਾਂ ਨੇ ਵਧਾਈਆਂ ਦਿੱਤੀਆਂ ਤੇ ਕਿਹਾ, "ਤੇਰਾ ਪੁੱਤ ਸਦੀਕਾ ਤਾਂ ਜੰਮਦਾ ਹੀ ਕਮਾਉਣ ਲੱਗ ਗਿਆ।" ਇਸ ਘਟਨਾ ਤੋਂ ਬਾਅਦ ਸਦੀਕੇ ਦੇ ਮਾਪਿਆਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦੇ ਪੁੱਤ ਲਈ ਚਾਰ ਪੈਸੇ ਕਮਾਉਣ ਦਾ ਸਭ ਤੋਂ ਵਧੀਆ ਤੇ ਸੌਖਾ ਸਾਧਨ ਗਾਇਕੀ ਹੈ। ਥੋੜ੍ਹੇ ਹੀ ਸਮੇਂ ਬਾਅਦ ਜਿਉਂ ਹੀ ਉਸ ਨੇ ਪੰਜਵੀਂ ਜਮਾਤ ਪਾਸ ਕੀਤੀ ਤਾਂ ਮਾਪਿਆਂ ਨੇ ਮਾਲੇਰਕੋਟਲਾ ਵਿਖੇ ਪਟਿਆਲਾ ਘਰਾਣੇ ਦੇ ਉਸਤਾਦ ਜ਼ਾਕਿਰ ਹੁਸੈਨ ਕੋਲ ਸੰਗੀਤ ਦੀ ਤਾਲੀਮ ਲੈਣ ਲਈ ਭੇਜ ਦਿੱਤਾ। ਸਦੀਕ ਨੇ ਕਾਫ਼ੀ ਸਮਾਂ ਸੰਗੀਤ ਦੀ ਸਿੱਖਿਆ ਲਈ, ਪਰ ਇਹ ਪ੍ਰਪੱਕਤਾ ਦੇ ਪੱਧਰ ਵਾਲੀ ਲੋੜ ਤੋਂ ਘੱਟ ਸੀ। ਘਰੇਲੂ ਮਜਬੂਰੀਆਂ ਕਾਰਨ ਉਹ ਵਾਪਸ ਪਿੰਡ ਆ ਗਿਆ, ਪਰ ਇਸ ਤੋਂ ਬਾਅਦ ਆਪਣੀ ਗਾਇਕੀ ਨੂੰ ਨਿਖਾਰਨ ਤੇ ਇਸ 'ਚ ਪ੍ਰਪੱਕਤਾ ਲਿਆਉਣ ਲਈ ਨਿਰੰਤਰ ਰਿਆਜ਼ ਕਰਨ ਲੱਗਾ।

ਗਾਇਕੀ ਦੇ ਕਮਾਈ ਦਾ ਸਾਧਨ ਬਣਨ ਦਾ ਕਿੱਸਾ ਇਸ ਤਰ੍ਹਾਂ ਹੈ ਕਿ ਉਨ੍ਹਾਂ ਦਿਨਾਂ 'ਚ ਉੱਤਰ ਪ੍ਰਦੇਸ਼ ਦੀਆਂ ਨਾਟਕ ਮੰਡਲੀਆਂ ਪੰਜਾਬ 'ਚ ਰਾਮਲੀਲਾ ਤੇ ਹੋਰ ਨਾਟਕ ਕਰਨ ਲਈ ਆਉਂਦੀਆਂ ਸਨ। ਉਨ੍ਹਾਂ ਦੇ ਪਿੰਡ ਕੁੱਪ ਕਲਾਂ ਵਿਖੇ ਅਜਿਹੀ ਮੰਡਲੀ ਜਦੋਂ ਆਪਣੀ ਪੇਸ਼ਕਾਰੀ ਦੇਣ ਆਈ ਤਾਂ ਕਿਸੇ ਨੇ ਉਨ੍ਹਾਂ ਨੂੰ ਮੁਹੰਮਦ ਸਦੀਕ ਦੀ ਗਾਇਕੀ ਬਾਰੇ ਦੱਸਿਆ। ਇਸ ਤਰ੍ਹਾਂ ਮੰਡਲੀ ਵਾਲਿਆਂ ਨੇ ਉਸ ਨੂੰ ਸਟੇਜ 'ਤੇ ਗਾਉਣ ਦਾ ਮੌਕਾ ਦਿੱਤਾ ਤਾਂ ਉਨ੍ਹਾਂ ਦੀ ਨਜ਼ਰ 'ਚ ਸਦੀਕ ਵਧੀਆ ਗਾਇਕ ਸਾਬਤ ਹੋਇਆ ਤੇ ਉਨ੍ਹਾਂ ਨੇ ਉਸ ਨੂੰ ਪੰਦਰਾਂ ਰੁਪਏ ਪ੍ਰਤੀ ਮਹੀਨਾ ਦੇ ਮਿਹਨਤਾਨੇ 'ਤੇ ਆਪਣੀ ਟੀਮ 'ਚ ਸ਼ਾਮਲ ਕਰ ਲਿਆ। ਉਸ ਸਮੇਂ ਇਹ ਰਾਸ਼ੀ ਚੋਖੀ ਮੰਨੀ ਜਾਂਦੀ ਸੀ, ਉਹ ਵੀ ਇੱਕ ਬੱਚੇ ਲਈ। ਉਹ 7-8 ਸਾਲ ਮੰਡਲੀ ਦੇ ਪ੍ਰੋਗਰਾਮਾਂ 'ਚ ਗਾਉਂਦਾ ਤੇ ਛੋਟੇ-ਛੋਟੇ ਰੋਲ ਵੀ ਕਰਦਾ ਰਿਹਾ।

ਅਜੋਕੀ ਗਾਇਕੀ ਬਾਰੇ ਸਦੀਕ ਦਾ ਕਹਿਣਾ ਹੈ ਕਿ ਹੁਣ ਸੰਗੀਤ ਭਾਰੂ ਹੈ ਅਤੇ ਗਾਇਕੀ ਤੇ ਸ਼ਾਇਰੀ ਦਾ ਸਥਾਨ ਹੇਠ ਆ ਗਿਆ ਹੈ। ਉਸ ਦਾ ਕਹਿਣਾ ਹੈ ਕਿ ਸਰੋਤਿਆਂ ਦਾ ਜਾਗਰੂਕ ਹੋਣਾ ਹੀ ਇਸ ਨੂੰ ਠੱਲ੍ਹ ਪਾ ਸਕਦਾ ਹੈ।

## ਕੀ ਮਸਕ ਦੀ ਸਿਆਸੀ ਪਾਰਟੀ

ਮਸਕ ਦੀ ਪਾਰਟੀ ਦਾ ਭਵਿੱਖ ਵੀ ਇਸੇ ਸਵਾਲ ਨਾਲ ਜੁੜਿਆ ਹੈ—ਕੀ ਇਹ ਸਿਰਫ਼ ਟਰੰਪ ਨੂੰ ਸਿਆਸੀ ਨੁਕਸਾਨ ਪਹੁੰਚਾਉਣ ਦੀ ਨੀਤੀ ਹੈ, ਜਾਂ ਅਮਰੀਕੀ ਸਿਆਸਤ 'ਚ ਕੋਈ ਵੱਡਾ ਬਦਲਾਅ ਲਿਆਵੇਗੀ? ਸਿਰਫ਼ ਸਮਾਂ ਹੀ ਦੱਸੇਗਾ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮਸਕ ਦੀ ਅਮਰੀਕਾ ਪਾਰਟੀ 2026 ਦੀਆਂ ਮਿਡਟਰਮ ਚੋਣਾਂ 'ਚ ਰਿਪਬਲੀਕਨ ਵੋਟਾਂ ਵੰਡ ਸਕਦੀ ਹੈ, ਜਿਸ ਨਾਲ ਟਰੰਪ ਦੀ ਪਾਰਟੀ ਨੂੰ ਝਟਕਾ ਲੱਗਣ ਦੀ ਸੰਭਾਵਨਾ ਹੈ। ਕੁਆਂਟਸ ਇਨਸਾਈਟਸ ਦੇ ਸਰਵੇਖਣ ਮੁਤਾਬਕ, 40% ਵੋਟਰ, ਜਿਨ੍ਹਾਂ 'ਚ ਰਿਪਬਲੀਕਨ ਵੀ ਸ਼ਾਮਲ ਹਨ, ਮਸਕ ਦੀ ਪਾਰਟੀ ਨੂੰ ਸਮਰਥਨ ਦੇ ਸਕਦੇ ਹਨ। ਡੈਮੋਕ੍ਰੇਟਸ ਨੂੰ ਸਭ ਤੋਂ ਵੱਡਾ ਫ਼ਾਇਦਾ ਹੋ ਸਕਦਾ ਹੈ, ਕਿਉਂਕਿ ਮਸਕ ਦੀ ਪਾਰਟੀ ਰਿਪਬਲੀਕਨ ਵੋਟਾਂ ਨੂੰ ਖਿੰਡਾ ਸਕਦੀ ਹੈ। ਡੈਮੋਕ੍ਰੇਟਿਕ ਨੈਸ਼ਨਲ ਕਮੇਟੀ ਨੇ ਇਸ ਨੂੰ ਆਪਣੇ ਲਈ ਮੌਕਾ ਮੰਨਿਆ ਹੈ।

****

## ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪਟਨਾ ਸਾਹਿਬ ਦਾ ਟਕਰਾਅ

ਇਸ ਹੁਕਮਨਾਮੇ ਦੀ ਰੋਸ਼ਨੀ ਵਿੱਚ, ਪਟਨਾ ਸਾਹਿਬ ਦੇ 'ਪੰਜ ਪਿਆਰਿਆਂ' ਵੱਲੋਂ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਐਲਾਨਣਾ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ 'ਤੇ ਸਿੱਧਾ ਹਮਲਾ ਮੰਨਿਆ ਜਾ ਰਿਹਾ ਹੈ।

ਦੂਜੇ ਪਾਸੇ, ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਦਾਅਵਾ ਹੈ ਕਿ ਉਹ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਸੁਤੰਤਰ ਹੈ। ਫ਼ਿਰ ਸਾਡੇ ਫ਼ੈਸਲਿਆਂ ਵਿੱਚ ਦਖ਼ਲ-ਅੰਦਾਜ਼ੀ ਕਿਉਂ ਕੀਤੀ ਗਈ। ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਗਿਆਨੀ ਗੌਹਰ ਨੂੰ ਕਿਉਂ ਮਾਫ਼ ਕੀਤਾ ਗਿਆ।

ਇਸ ਆਪਸੀ ਸਿਧਾਂਤਕ ਸੂਝ ਬੂਝ ਦੀ ਘਾਟ ਨੇ 2003 ਦੇ ਹੁਕਮਨਾਮੇ ਦੀ ਉਲੰਘਣਾ ਦਾ ਸਵਾਲ ਖੜ੍ਹਾ ਕਰ ਦਿੱਤਾ ਹੈ।

**ਮਸਲੇ ਦਾ ਹੱਲ: ਸੰਭਾਵਨਾਵਾਂ ਅਤੇ ਚੁਣੌਤੀਆਂ**

ਇਸ ਵਿਵਾਦ ਨੇ ਸਿੱਖ ਪੰਥ ਨੂੰ ਇੱਕ ਗੰਭੀਰ ਸੰਕਟ ਵਿੱਚ ਧੱਕ ਦਿੱਤਾ ਹੈ। ਜੇਕਰ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਮੰਨਣ ਤੋਂ ਇਨਕਾਰ ਕਰਦੀ ਰਹੀ, ਤਾਂ ਸਿੱਖ ਪੰਥ 'ਚ ਵੰਡੀਆਂ ਪੈਦਾ ਹੋ ਸਕਦੀਆਂ ਹਨ। ਇਸ ਦੇ ਨਾਲ ਹੀ, ਅਕਾਲ ਤਖ਼ਤ ਸਾਹਿਬ ਦੀ ਪਟਨਾ ਸਾਹਿਬ ਦੇ ਅੰਦਰੂਨੀ ਮਸਲਿਆਂ ਵਿੱਚ ਦਖ਼ਲਅੰਦਾਜ਼ੀ ਨੂੰ ਵੀ ਗੈਰ-ਸਿਧਾਂਤਕ ਮੰਨਿਆ ਜਾ ਰਿਹਾ ਹੈ। ਇਸ ਮਸਲੇ ਦੇ ਹੱਲ ਲਈ ਸਿੱਖ ਸੰਗਤ ਅਤੇ ਪੰਥਕ ਸੰਸਥਾਵਾਂ ਨੂੰ ਸਾਂਝੀ ਸਲਾਹ-ਮਸ਼ਵਰੇ ਨਾਲ ਅੱਗੇ ਆਉਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਜਥੇਦਾਰਾਂ ਅਤੇ ਗ੍ਰੰਥੀਆਂ ਦੀ ਨਿਯੁਕਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਸਿਧਾਂਤਕ ਬਣਾਉਣਾ ਜ਼ਰੂਰੀ ਹੈ। ਸਿਆਸੀ ਦਖ਼ਲਅੰਦਾਜ਼ੀ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਕਈ ਪੰਥਕ ਆਗੂਆਂ ਨੇ ਸਰਬੱਤ ਖ਼ਾਲਸਾ ਸੱਦਣ ਦੀ ਮੰਗ ਕੀਤੀ ਹੈ, ਜਿਸ ਰਾਹੀਂ ਵਿਸ਼ਵ ਪੱਧਰ 'ਤੇ ਸਿੱਖ ਕੌਮ ਦੀ ਸਾਂਝੀ ਨੀਤੀ ਤੈਅ ਕੀਤੀ ਜਾ ਸਕੇ। ਇਸ ਦੇ ਨਾਲ ਹੀ, ਵਿਸ਼ਵ ਸਿੱਖ ਕੌਂਸਲ ਦੀ ਸਥਾਪਨਾ ਕਰਕੇ ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਰਾਖੀ ਕਰਨ ਦੀ ਜ਼ਰੂਰਤ ਹੈ।

ਸਿੱਖ ਪੰਥ ਨੂੰ ਇਸ ਸਮੇਂ ਇੱਕ ਮਜ਼ਬੂਤ, ਇਮਾਨਦਾਰ ਅਤੇ ਸਿਧਾਂਤਕ ਲੀਡਰਸ਼ਿਪ ਦੀ ਲੋੜ ਹੈ, ਜੋ ਸਿਆਸੀ ਸਾਜ਼ਿਸ਼ਾਂ ਘੜਨ ਦੀ ਬਜਾਏ ਪੰਥਕ ਹਿੱਤਾਂ ਨੂੰ ਤਰਜੀਹ ਦੇਵੇ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਮੁੜ ਸਥਾਪਿਤ ਕਰਨ ਅਤੇ ਤਖ਼ਤਾਂ ਵਿਚਕਾਰ ਸਹਿਯੋਗ ਵਧਾਉਣ ਲਈ ਸੰਵਾਦ ਅਤੇ ਸਮਝੌਤੇ ਦੀ ਜ਼ਰੂਰਤ ਹੈ। ਜੇ ਸਿੱਖ ਸੰਗਤ ਅਤੇ ਪੰਥਕ ਸੰਸਥਾਵਾਂ ਜਾਗਰੂਕ ਹੋ ਕੇ ਇਸ ਸੰਕਟ ਦਾ ਸਾਹਮਣਾ ਕਰਨਗੀਆਂ, ਤਾਂ ਸਿੱਖ ਪੰਥ ਦੀ ਏਕਤਾ ਅਤੇ ਸਰਬਉੱਚਤਾ ਨੂੰ ਬਚਾਇਆ ਜਾ ਸਕਦਾ ਹੈ। ਨਹੀਂ ਤਾਂ, ਇਹ ਵਿਵਾਦ ਸਿੱਖ ਪੰਥ ਨੂੰ ਅੰਦਰੂਨੀ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਦਾ ਹਿੱਸਾ ਸਾਬਤ ਹੋ ਸਕਦਾ ਹੈ।

***

## ਟਰੰਪ ਨੇ ਜਾਪਾਨ ਤੇ ਦੱਖਣੀ ਕੋਰੀਆ

ਜਿਨ੍ਹਾਂ ਹੋਰ ਮੁਲਕਾਂ 'ਤੇ ਦਰਾਮਦ ਟੈਕਸ ਵਧਾਇਆ ਗਿਆ ਉਨ੍ਹਾਂ ਵਿੱਚ ਮਿਆਂਮਾਰ ਅਤੇ ਲਾਓਸ 'ਤੇ 40 ਫ਼ੀਸਦ, ਕੰਬੋਡੀਆ ਅਤੇ ਥਾਈਲੈਂਡ 36 ਫ਼ੀਸਦੀ, ਸਰਬੀਆ ਅਤੇ ਬੰਗਲਾਦੇਸ਼ 35 ਫ਼ੀਸਦੀ, ਇੰਡੋਨੇਸ਼ੀਆ 32 ਪ੍ਰਤੀਸ਼ਤ, ਦੱਖਣੀ ਅਫ਼ਰੀਕਾ, ਬੋਸਨੀਆ ਅਤੇ ਹਰਜ਼ੇਗੋਵਿਨਾ 30 ਪ੍ਰਤੀਸ਼ਤ ਅਤੇ ਕਜ਼ਾਕਿਸਤਾਨ, ਮਲੇਸ਼ੀਆ ਅਤੇ ਟਿਊਨੀਸ਼ੀਆ 'ਤੇ 25 ਫ਼ੀਸਦੀ ਟੈਕਸ ਸ਼ਾਮਲ ਹਨ।

****

## ਜਲਦੀ ਹੀ ਹੋਵੇਗਾ ਅਮਰੀਕਾ-ਭਾਰਤ 'ਚ

ਜੇਕਰ ਤੁਸੀਂ ਅਮਰੀਕਾ ਨਾਲ ਵਪਾਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਨ੍ਹਾਂ ਟੈਕਸਾਂ ਦੀ ਅਦਾਇਗੀ ਕਰਨੀ ਹੋਵੇਗੀ।" ਅਮਰੀਕੀ ਰਾਸ਼ਟਰਪਤੀ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ ਜਦੋਂ ਟਰੰਪ ਪ੍ਰਸ਼ਾਸਨ ਨੇ ਵੱਖ-ਵੱਖ ਦੇਸ਼ਾਂ ਨੂੰ 'ਪੱਤਰਾਂ' ਦੀ ਪਹਿਲੀ ਕਿਸ਼ਤ ਭੇਜੀ ਹੈ ਜਿਸ ਵਿੱਚ ਉਨ੍ਹਾਂ ਦੇਸ਼ਾਂ ਦੇ ਉਤਪਾਦਾਂ 'ਤੇ ਅਮਰੀਕਾ ਵੱਲੋਂ ਲਗਾਏ ਜਾਣ ਵਾਲੇ ਦਰਾਮਦ ਟੈਕਸਾਂ ਦਾ ਵੇਰਵਾ ਦਿੱਤਾ ਗਿਆ ਸੀ।

ਟਰੰਪ ਦੀ ਸਹੀ ਵਾਲੇ ਇਹ ਪੱਤਰ ਜਿਨ੍ਹਾਂ ਮੁਲਕਾਂ ਨੂੰ ਭੇਜੇ ਗਏ ਹਨ, ਉਨ੍ਹਾਂ ਵਿੱਚ ਬੰਗਲਾਦੇਸ਼, ਬੋਸਨੀਆ, ਹਰਜ਼ੇਗੋਵਿਨਾ, ਕੰਬੋਡੀਆ, ਇੰਡੋਨੇਸ਼ੀਆ, ਜਾਪਾਨ, ਕਜ਼ਾਖਸਤਾਨ, ਲਾਓ ਪੀਪਲਜ਼ ਡੈਮੋਕਰੈਟਿਕ ਰਿਪਬਲਿਕ, ਮਲੇਸ਼ੀਆ, ਸਰਬੀਆ, ਦੱਖਣੀ ਅਫ਼ਰੀਕਾ, ਦੱਖਣੀ ਕੋਰੀਆ, ਥਾਈਲੈਂਡ ਤੇ ਟਿਊਨੀਸ਼ੀਆ ਸ਼ਾਮਲ ਹਨ। ਟਰੰਪ ਨੇ ਕਿਹਾ, "ਅਸੀਂ ਵੱਖ- ਵੱਖ ਮੁਲਕਾਂ ਨੂੰ ਪੱਤਰ ਭੇਜ ਰਹੇ ਹਾਂ ਕਿ ਉਨ੍ਹਾਂ ਨੂੰ ਕਿੰਨੇ ਟੈਕਸ ਦੀ ਅਦਾਇਗੀ ਕਰਨੀ ਹੋਵੇਗੀ।"

***

## ਦਿਨੋਂ ਦਿਨ ਤੇਜ਼ ਹੋ ਰਹੀਆਂ ਹਨ

ਪੰਜਾਬ ਕਾਂਗਰਸ ਇਸ ਸਮੇਂ ਅੰਦਰੂਨੀ ਫ਼ੁੱਟ ਦੀ ਸ਼ਿਕਾਰ ਹੈ, ਜਿਸ ਦਾ ਖਮਿਆਜ਼ਾ ਉਹ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਭੁਗਤ ਵੀ ਚੁੱਕੀ ਹੈ। ਇਸ ਦੇ ਬਾਵਜੂਦ ਪੰਜਾਬ ਕਾਂਗਰਸ ਦੇ ਸਾਰੇ ਆਗੂ ਆਪਸ ਵਿੱਚ ਏਕਾ ਕਰਨ ਦੇ ਮੂਡ ਵਿੱਚ ਅਜੇ ਦਿਖਾਈ ਨਹੀਂ ਦਿੰਦੇ। ਕਾਂਗਰਸ ਹਾਈ ਕਮਾਂਡ ਨੇ ਪੰਜਾਬ ਕਾਂਗਰਸ ਵਿੱਚ ਪਈ ਫ਼ੁੱਟ ਨੂੰ ਗੰਭੀਰਤਾ ਨਾਲ ਲਿਆ ਹੈ ਅਤੇ ਉਹ ਕੁੱਝ ਆਗੂਆਂ ਖ਼ਿਲਾਫ਼ ਕਾਰਵਾਈ ਕਰਨ ਦੀ ਚਾਹਵਾਨ ਹੈ। ਆਪਸੀ ਫ਼ੁੱਟ ਦਾ ਸ਼ਿਕਾਰ ਹੋਣ ਦੇ ਬਾਵਜੂਦ ਕਾਂਗਰਸ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੂੰ ਸਖ਼ਤ ਚੁਣੌਤੀ ਦੇਣ ਦਾ ਯਤਨ ਕਰ ਰਹੀ ਹੈ। ਪੰਜਾਬ ਵਿੱਚ ਕਾਂਗਰਸ ਨੂੰ ਮੁੱਖ ਵਿਰੋਧੀ ਧਿਰ ਦਾ ਰੁਤਬਾ ਪ੍ਰਾਪਤ ਹੈ ਅਤੇ ਆਪਣੀ ਇਹ ਜ਼ਿੰਮੇਵਾਰੀ ਕਾਂਗਰਸ ਤਨਦੇਹੀ ਨਾਲ ਨਿਭਾਉਣਾ ਚਾਹੁੰਦੀ ਹੈ। ਕਾਂਗਰਸੀ ਆਗੂ ਚਾਹੁੰਦੇ ਹਨ ਕਿ ਪੰਜਾਬ ਦੇ ਜਿਹੜੇ ਲੋਕ ਮੌਜੂਦਾ 'ਆਪ' ਸਰਕਾਰ ਤੋਂ ਨਾਰਾਜ਼ ਹਨ, ਉਹਨਾਂ ਨੂੰ ਕਾਂਗਰਸ ਨਾਲ ਜੋੜਿਆ ਜਾਵੇ ਅਤੇ ਇਸ ਦਾ ਲਾਹਾ ਤਰਨ ਤਾਰਨ ਜ਼ਿਮਨੀ ਚੋਣ ਦੇ ਨਾਲ ਹੀ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਲਿਆ ਜਾਵੇ।

ਜਿਥੋਂ ਤੱਕ ਭਾਜਪਾ ਦਾ ਸਵਾਲ ਹੈ ਤਾਂ ਪੰਜਾਬ ਵਿੱਚ ਭਾਜਪਾ ਬਹੁਤ ਸੰਭਲ ਸੰਭਲ ਕੇ ਤੁਰ ਰਹੀ ਹੈ। ਭਾਜਪਾ ਸ਼ਹਿਰੀ ਇਲਾਕਿਆਂ ਦੇ ਨਾਲ-ਨਾਲ ਪੇਂਡੂ ਖੇਤਰਾਂ ਵਿੱਚ ਵੀ ਆਪਣਾ ਆਧਾਰ ਮਜ਼ਬੂਤ ਕਰ ਰਹੀ ਹੈ। ਇਸ ਦੇ ਨਾਲ ਹੀ ਭਾਜਪਾ ਵੱਲੋਂ ਦੂਜੀਆਂ ਸਿਆਸੀ ਪਾਰਟੀਆਂ ਵਿੱਚ ਅਣਗੌਲੇ ਸਿੱਖ ਆਗੂਆਂ ਨੂੰ ਭਾਜਪਾ ਵਿੱਚ ਸ਼ਾਮਲ ਕਰਕੇ ਭਾਜਪਾ ਦੀ ਪੰਜਾਬ ਇਕਾਈ ਦਾ ਚਿਹਰਾ ਮੋਹਰਾ ਬਦਲਣ ਦੇ ਯਤਨ ਕੀਤੇ ਜਾ ਰਹੇ ਹਨ। ਭਾਜਪਾ ਵੱਲੋਂ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿੱਖਾਂ ਦੇ ਬਹੁਤ ਵੱਡੇ ਹਮਦਰਦ ਹਨ ਅਤੇ ਉਹਨਾਂ ਵੱਲੋਂ ਸਿੱਖਾਂ ਲਈ ਬਹੁਤ ਕੁੱਝ ਕੀਤਾ ਜਾ ਰਿਹਾ ਹੈ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਤੀਜੇ ਨੰਬਰ 'ਤੇ ਆਉਣ ਦੇ ਬਾਵਜੂਦ ਭਾਜਪਾ ਆਗੂ ਬਹੁਤ ਹੌਂਸਲੇ ਵਿੱਚ ਹਨ ਅਤੇ ਭਾਜਪਾ ਦਾ ਮੁੱਖ ਨਿਸ਼ਾਨਾ ਪੰਜਾਬ ਜਿੱਤਣਾ ਹੈ।

ਪੰਜਾਬ 'ਚ ਇਸ ਸਮੇਂ ਅਕਾਲੀ ਦਲ 'ਵਾਰਿਸ ਪੰਜਾਬ ਦੇ' ਅਤੇ ਅਕਾਲੀ ਦਲ ਅੰਮ੍ਰਿਤਸਰ (ਮਾਨ ਦਲ) ਵੀ ਸਰਗਰਮ ਹਨ। 'ਵਾਰਿਸ ਪੰਜਾਬ ਦੇ' ਪਾਰਟੀ ਨਾਲ ਸਬੰਧਿਤ ਦੋ ਆਗੂ ਭਾਈ ਅੰਮ੍ਰਿਤਪਾਲ ਸਿੰਘ ਅਤੇ ਭਾਈ ਸਰਬਜੀਤ ਸਿੰਘ ਮੌਜੂਦਾ ਸੰਸਦ ਮੈਂਬਰ ਹਨ। ਮਾਨ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸਾਬਕਾ ਸਾਂਸਦ ਹਨ ਅਤੇ ਉਹਨਾਂ ਵੱਲੋਂ ਵੀ ਸਰਗਰਮੀਆਂ ਜਾਰੀ ਹਨ। ਇਸ ਦੇ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਸੁਰਜੀਤੀ ਲਈ ਪੰਜ ਮੈਂਬਰੀ ਕਮੇਟੀ ਵੀ ਭਰਤੀ ਮੁਹਿੰਮ ਚਲਾ ਰਹੀ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਇਹ ਕਮੇਟੀ ਨਵੇਂ ਅਕਾਲੀ ਦਲ ਦੀ ਸਥਾਪਨਾ ਲਈ ਸਰਗਰਮ ਹੈ। ਅਜੇ ਇਹ ਨਵਾਂ ਅਕਾਲੀ ਦਲ ਹੋਂਦ ਵਿੱਚ ਨਹੀਂ ਆਇਆ, ਜਿਸ ਕਰਕੇ ਇਸ ਬਾਰੇ ਕੁਝ ਕਹਿਣਾ ਮੁਸ਼ਕਿਲ ਹੈ। ਹਾਂ! ਏਨਾ ਜ਼ਰੂਰ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਜੇ ਇਹ ਨਵਾਂ ਅਕਾਲੀ ਦਲ ਹੋਂਦ ਵਿੱਚ ਆ ਜਾਂਦਾ ਹੈ ਤਾਂ ਇਸ ਨਾਲ ਪੰਜਾਬ ਦੀ ਪੰਥਕ ਸਿਆਸਤ ਦਾ ਮੁਹਾਂਦਰਾ ਬਦਲ ਸਕਦਾ ਹੈ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬ ਵਿੱਚ ਇਸ ਸਮੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਮੁੱਖ ਤੌਰ 'ਤੇ ਸਰਗਰਮ ਹਨ। ਇਸ ਕਾਰਨ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਤਰਨ ਤਾਰਨ ਜ਼ਿਮਨੀ ਚੋਣ ਅਤੇ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਇਹਨਾਂ ਚਾਰ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਹੀ ਹੋਣ ਦੀ ਸੰਭਾਵਨਾ ਹੈ। ਆਮ ਆਦਮੀ ਪਾਰਟੀ ਨੂੰ ਜਿੱਥੇ ਪੰਜਾਬ ਵਿੱਚ ਆਪਣੀ ਸਰਕਾਰ ਹੋਣ ਦਾ ਲਾਭ ਮਿਲ ਰਿਹਾ ਹੈ, ਉਥੇ ਭਾਜਪਾ ਨੂੰ ਕੇਂਦਰ ਵਿੱਚ ਭਾਜਪਾ ਸਰਕਾਰ ਹੋਣ ਦਾ ਸਿਆਸੀ ਲਾਹਾ ਮਿਲ ਰਿਹਾ ਹੈ। ਕਾਂਗਰਸ ਅਤੇ ਅਕਾਲੀ ਦਲ ਬਾਦਲ ਨੂੰ ਚੋਣਾਂ ਲੜਨ ਦਾ ਲੰਬਾ ਤਜਰਬਾ ਹੈ। ਜਿਸ ਕਰਕੇ ਆਉਣ ਵਾਲੇ ਦਿਨਾਂ ਦੌਰਾਨ ਪੰਜਾਬ ਦੀ ਸਿਆਸਤ ਵਿੱਚ ਹੋਰ ਤੇਜ਼ੀ ਆਉਣ ਦੀ ਸੰਭਾਵਨਾ ਹੈ।

***

## ਜੰਗਲ ਦੀ ਅੱਗ

ਦਰਅਸਲ, ਘੱਟ ਬਰਸਾਤ, ਸੋਕੇ ਵਰਗੀਆਂ ਸਥਿਤੀਆਂ, ਬਹੁਤ ਜ਼ਿਆਦਾ ਗਰਮੀ ਦੀਆਂ ਲਹਿਰਾਂ ਅਤੇ ਅਤਿ ਦੀ ਗਰਮੀ ਜੰਗਲਾਂ ਦੀ ਅੱਗ ਲਈ ਜ਼ਿੰਮੇਵਾਰ ਹਨ। ਜਲਵਾਯੂ ਪਰਿਵਰਤਨ ਦੇ ਨਾਲ, ਇਹੋ ਜਿਹੇ ਹਾਲਾਤ ਪੈਦਾ ਹੋ ਰਹੇ ਹਨ. ਕੁਦਰਤ ਦੇ ਵੱਧ ਰਹੇ ਸ਼ੋਸ਼ਣ ਕਾਰਨ ਵਾਤਾਵਰਣ ਦਾ ਸੰਤੁਲਨ ਵਿਗੜ ਗਿਆ ਹੈ। ਕੁਝ ਥਾਵਾਂ 'ਤੇ ਜ਼ਿਆਦਾ ਮੀਂਹ ਪੈ ਰਿਹਾ ਹੈ ਅਤੇ ਕਈ ਥਾਵਾਂ 'ਤੇ ਘੱਟ ਮੀਂਹ ਪੈ ਰਿਹਾ ਹੈ। ਇਸ ਦੇ ਨਾਲ ਹੀ ਤਾਪਮਾਨ ਵੀ ਵੱਧ ਰਿਹਾ ਹੈ। ਇਸ ਕਾਰਨ ਜੰਗਲਾਂ ਵਿੱਚ ਅੱਗ ਲੱਗਣ ਦਾ ਖਤਰਾ ਵੱਧ ਰਿਹਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੰਗਲ ਦੀ ਇਸ ਵਿਸ਼ਾਲ ਅੱਗ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ? ਮਾਹਰ ਅੱਗ ਲੱਗਣ ਦੀ ਸੰਭਾਵਨਾ ਦਾ ਪਤਾ ਲਗਾਉਣ ਲਈ ਵਿਸ਼ੇਸ਼ ਸਾਧਨਾਂ ਦੀ ਵਰਤੋਂ ਕਰਦੇ ਹਨ। ਇਹ ਟੂਲ ਤਾਪਮਾਨ, ਹਵਾ ਦੀ ਗਤੀ ਵਰਗੇ ਮਾਪਦੰਡਾਂ ਦੀ ਜਾਂਚ ਕਰਦਾ ਹੈ। ਇਹ ਮਾਪਦੰਡ ਖਤਰਨਾਕ ਪੱਧਰ ਤੱਕ ਪਹੁੰਚਣ ਤੋਂ ਪਹਿਲਾਂ ਅੱਗ ਨੂੰ ਰੋਕਣ ਦੇ ਯਤਨ ਕੀਤੇ ਜਾਂਦੇ ਹਨ। ਇਸ ਤਹਿਤ ਜੰਗਲਾਂ ਵਿੱਚ ਟੋਏ ਪੁੱਟੇ ਜਾਂਦੇ ਹਨ ਤਾਂ ਜੋ ਅੱਗ ਨਾ ਫੈਲੇ। ਨਾਲ ਹੀ, ਉਹ ਸਾਰੀਆਂ ਚੀਜ਼ਾਂ ਜੋ ਚੰਗਿਆੜੀਆਂ ਦਾ ਕਾਰਨ ਬਣਦੀਆਂ ਹਨ, ਜੰਗਲਾਂ ਵਿੱਚੋਂ ਹਟਾ ਦਿੱਤੀਆਂ ਜਾਂਦੀਆਂ ਹਨ।

***

## ਬਰਤਾਨਵੀ ਫ਼ੌਜ ਦੀ ਮਦਦ ਨਾਲ ਸਿੱਖ

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਇਸ ਮੁੱਦੇ ਨੂੰ ਚੁੱਕ ਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਸਾਧਣ ਦੀ ਕੋਸ਼ਿਸ਼ ਕਰ ਰਹੀ ਹੈ: ਪਹਿਲਾਂ, ਕਾਂਗਰਸ ਨੂੰ ਸਿੱਖ-ਵਿਰੋਧੀ ਦੱਸ ਕੇ ਉਸ ਦੀ ਸਿਆਸੀ ਨੁਕਸਾਨ ਪਹੁੰਚਾਉਣਾ ਚਾਹੁੰਦੀ ਹੈ, ਅਤੇ ਦੂਜਾ, ਸਿੱਖ ਪੰਥ ਦੀਆਂ ਭਾਵਨਾਵਾਂ ਨੂੰ ਆਪਣੇ ਪੱਖ ਵਿੱਚ ਕਰਕੇ ਪੰਜਾਬ ਵਿੱਚ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨਾ ਚਾਹੁੰਦੀ ਹੈ। ਪਰ ਸਵਾਲ ਇਹ ਵੀ ਉੱਠਦਾ ਹੈ ਕਿ ਭਾਜਪਾ ਸਰਕਾਰ, ਜੋ 2014 ਤੋਂ ਕੇਂਦਰ ਵਿੱਚ ਸੱਤਾ ਵਿੱਚ ਹੈ, ਨੇ ਸਿੱਖ ਘੱਲੂਘਾਰਾ ਜੂਨ 84 ਦੀ ਜਾਂਚ ਕਿਉਂ ਨਹੀਂ ਕਰਵਾਈ? ਸਿੱਖ ਪੰਥ ਦੀਆਂ ਪੰਥਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਭਾਜਪਾ ਦਾ ਇਹ ਬਿਆਨ ਸਿਰਫ਼ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਹੈ, ਨਾ ਕਿ ਸਿੱਖਾਂ ਨਾਲ ਸੱਚਮੁੱਚ ਹਮਦਰਦੀ।

ਸਿੱਖ ਫ਼ੈਡਰੇਸ਼ਨ (ਯੂ.ਕੇ.) ਦੇ ਨੁਮਾਇੰਦੇ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਭਾਜਪਾ ਦੇ ਇਹ ਦੋਸ਼ ਕਾਂਗਰਸ ਨੂੰ ਬਦਨਾਮ ਕਰਨ ਦੀ ਸਾਜਿਸ਼ ਹਨ। ਜੇਕਰ ਉਹ ਸੱਚਮੁੱਚ ਸਿੱਖਾਂ ਦੇ ਹੱਕ ਵਿੱਚ ਹਨ, ਤਾਂ ਮੋਦੀ ਸਰਕਾਰ ਨੂੰ ਸਿੱਖ ਘੱਲੂਘਾਰਾ ਜੂਨ ਤੇ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਸੁਤੰਤਰ ਜਾਂਚ ਕਰਵਾਉਣੀ ਚਾਹੀਦੀ ਹੈ।

ਪੰਥਕ ਜਥੇਬੰਦੀਆਂ ਨੇ ਨਿਸ਼ੀਕਾਂਤ ਦੂਬੇ ਦੇ ਬਿਆਨ ਨੂੰ ਸਿੱਖ-ਵਿਰੋਧੀ ਅਤੇ ਭੜਕਾਊ ਕਰਾਰ ਦਿੱਤਾ ਹੈ। ਸਿੱਖ ਫ਼ੈਡਰੇਸ਼ਨ (ਇੰਡੀਆ) ਦੇ ਪ੍ਰਧਾਨ ਗੁਰਮੀਤ ਸਿੰਘ ਨੇ ਕਿਹਾ ਕਿ ਭਾਜਪਾ ਦਾ ਸੰਤ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣਾ ਅਤੇ ਕਾਂਗਰਸ 'ਤੇ ਦੋਸ਼ ਲਗਾਉਣਾ ਸਿਰਫ਼ ਸਿਆਸੀ ਖੇਡ ਹੈ। ਸਿੱਖ ਘੱਲੂਘਾਰਾ ਜੂਨ 84 ਸਿੱਖਾਂ ਦੇ ਦਿਲਾਂ 'ਤੇ ਇੱਕ ਡੂੰਘਾ ਘਾਉ ਹੈ। ਇਸ ਦੀ ਸੱਚਾਈ ਸਾਹਮਣੇ ਲਿਆਉਣ ਦੀ ਬਜਾਏ, ਭਾਜਪਾ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਇਸ ਬਿਆਨ ਦੀ ਸਖ਼ਤ ਨਿਖੇਧੀ ਕੀਤੀ ਅਤੇ ਮੰਗ ਕੀਤੀ ਕਿ ਮੋਦੀ ਸਰਕਾਰ ਸਿੱਖ ਘੱਲੂਘਾਰਾ ਜੂਨ 84 ਦੀ ਸੁਤੰਤਰ ਜਾਂਚ ਕਰਵਾਏ। ਉਨ੍ਹਾਂ ਨੇ ਕਿਹਾ ਕਿ ਭਾਜਪਾ ਦੇ ਦੋਸ਼ਾਂ ਵਿੱਚ ਨਵਾਂ ਕੁਝ ਨਹੀਂ। 2014 ਵਿੱਚ ਬਰਤਾਨਵੀ ਸਰਕਾਰ ਦੇ ਦਸਤਾਵੇਜ਼ਾਂ ਵਿੱਚ ਵੀ ਇਹ ਗੱਲ ਸਾਹਮਣੇ ਆਈ ਸੀ ਕਿ ਭਾਰਤ ਨੇ ਬਰਤਾਨਵੀ ਮਦਦ ਮੰਗੀ ਸੀ। ਪਰ ਸਵਾਲ ਇਹ ਹੈ ਕਿ ਮੋਦੀ ਸਰਕਾਰ 11 ਸਾਲਾਂ ਵਿੱਚ ਇਸ ਮੁੱਦੇ 'ਤੇ ਜਾਂਚ ਕਿਉਂ ਨਹੀਂ ਕਰਵਾ ਸਕੀ?

ਪੰਥਕ ਜਥੇਬੰਦੀਆਂ ਦਾ ਇਹ ਵੀ ਕਹਿਣਾ ਹੈ ਕਿ ਸੰਤ ਭਿੰਡਰਾਂਵਾਲੇ ਨੂੰ ਦੋਸ਼ੀ ਠਹਿਰਾਉਣਾ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਸਾਜਿਸ਼ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸੰਤ ਭਿੰਡਰਾਂਵਾਲੇ ਸਿੱਖ ਸੰਘਰਸ਼ ਦੇ ਪ੍ਰਤੀਕ ਸਨ ਅਤੇ ਉਨ੍ਹਾਂ ਨੂੰ ਬਦਨਾਮ ਕਰਕੇ ਸਿੱਖ ਪੰਥ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਿੱਖ ਘਲੂਘਾਰਾ ਜੂਨ 84 ਵਿੱਚ ਬਰਤਾਨਵੀ ਭੂਮਿਕਾ ਦੀ ਜਾਂਚ ਦੀ ਮੰਗ ਨੂੰ ਨਜ਼ਰਅੰਦਾਜ਼ ਕਿਉਂ ਕਰ ਰਹੀ ਲੇਬਰ ਸਰਕਾਰ?

ਬਰਤਾਨਵੀ ਲੇਬਰ ਸਰਕਾਰ ਵੱਲੋਂ ਸਿੱਖ ਘੱਲੂਘਾਰਾ ਜੂਨ 84 ਵਿੱਚ ਬਰਤਾਨਵੀ ਭੂਮਿਕਾ ਦੀ ਸੁਤੰਤਰ ਜਾਂਚ ਦੀ ਮੰਗ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ 'ਤੇ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਵਧ ਰਹੀ ਹੈ। 2014 ਵਿੱਚ ਬਰਤਾਨਵੀ ਸਰਕਾਰ ਦੇ ਜਾਰੀ ਕੀਤੇ ਦਸਤਾਵੇਜ਼ਾਂ ਵਿੱਚ ਖੁਲਾਸਾ ਹੋਇਆ ਸੀ ਕਿ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਬਰਤਾਨਵੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਤੋਂ ਫ਼ੌਜੀ ਮਦਦ ਮੰਗੀ ਸੀ। ਇਨ੍ਹਾਂ ਦਸਤਾਵੇਜ਼ਾਂ ਅਨੁਸਾਰ, ਨਵੰਬਰ 1983 ਵਿੱਚ ਭਾਰਤੀ ਖੁਫ਼ੀਆ ਵਿਭਾਗ ਦੇ ਮੁਖੀ ਨਾਲ ਬਰਤਾਨਵੀ ਖੁਫ਼ੀਆ ਏਜੰਸੀ ਐਮ 96 ਦੇ ਅਧਿਕਾਰੀਆਂ ਦੀ ਗੱਲਬਾਤ ਹੋਈ ਸੀ। ਫ਼ਰਵਰੀ 1984 ਵਿੱਚ ਬਰਤਾਨਵੀ ਫ਼ੌਜ ਦੇ ਦੋ ਸੀਨੀਅਰ ਅਧਿਕਾਰੀਆਂ ਨੇ ਸ੍ਰੀ ਦਰਬਾਰ ਸਾਹਿਬ ਦਾ ਮੁਆਇਨਾ ਕਰਕੇ ਸਲਾਹ ਦਿੱਤੀ ਸੀ ਕਿ ਸੰਤ ਭਿੰਡਰਾਂਵਾਲੇ ਨੂੰ ਹੈਲੀਕਾਪਟਰਾਂ ਰਾਹੀਂ ਅਚਾਨਕ ਹਮਲਾ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਜਿਸ ਨਾਲ ਜਾਨੀ ਨੁਕਸਾਨ ਘੱਟ ਹੋਵੇ। ਪਰ ਇਸ ਸਲਾਹ ਨੂੰ ਨਹੀਂ ਮੰਨਿਆ ਗਿਆ।

## ਸਿੱਖ ਸ਼ਹੀਦੀਆਂ ਦਾ ਕੋਰਸ

ਸਿੱਖ ਧਰਮ ਦੀ ਵਿਚਾਰਧਾਰਾ ਸਾਰੇ ਧਰਮਾਂ ਦੇ ਲੋਕਾਂ ਲਈ ਸਮਾਨ ਸੀ। ਗੁਰੂ ਅਮਰਦਾਸ ਜੀ ਦੇ ਸਮੇਂ ਅਕਬਰ ਲੰਗਰ ਛਕਣ ਆਉਂਦੇ ਸਨ, ਜੋ ਸਿੱਖ-ਮੁਗ਼ਲ ਸਬੰਧਾਂ ਦੀ ਸਹਿਮਤੀ ਨੂੰ ਦਰਸਾਉਂਦਾ ਹੈ। ਸਿੱਖ ਲਹਿਰ ਨੇ ਫਿਰਕਾਪ੍ਰਸਤੀ ਦਾ ਵਿਰੋਧ ਕੀਤਾ, ਚਾਹੇ ਉਹ ਹਿੰਦੂ ਹੋਵੇ ਜਾਂ ਮੁਸਲਮਾਨ। ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਨੇ ਜੰਗ ਵਿੱਚ ਵੀ ਜ਼ਖਮੀ ਦੁਸ਼ਮਣਾਂ ਨੂੰ ਪਾਣੀ ਪਿਲਾਇਆ, ਜੋ ਸਿੱਖੀ ਦੀ ਮਨੁੱਖਤਾਵਾਦੀ ਸੋਚ ਨੂੰ ਦਰਸਾਉਂਦਾ ਹੈ।

**ਸਿੱਖ ਇਤਿਹਾਸ ਨੂੰ ਕਿਵੇਂ ਪੇਸ਼ ਕਰਨਾ ਚਾਹੀਦਾ?**

ਸਿੱਖ ਸ਼ਹੀਦੀਆਂ ਦਾ ਇਤਿਹਾਸ ਪੜ੍ਹਾਉਣਾ ਮਹੱਤਵਪੂਰਨ ਹੈ, ਪਰ ਸਿਰਫ਼ ਸ਼ਹੀਦੀਆਂ 'ਤੇ ਕੇਂਦਰਿਤ ਰਹਿਣ ਨਾਲ ਗੁਰੂਆਂ ਦੀ ਪੂਰੀ ਵਿਚਾਰਧਾਰਾ ਅਧੂਰੀ ਰਹਿ ਜਾਂਦੀ ਹੈ। ਸਿੱਖ ਧਰਮ ਦੀ ਨੀਂਹ ਨਿਆਂ, ਸਮਾਨਤਾ ਅਤੇ ਸਰਬੱਤ ਦੇ ਭਲੇ 'ਤੇ ਟਿਕੀ ਹੈ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਸਿੱਖ ਇਤਿਹਾਸ ਨੂੰ ਮੁਗ਼ਲ-ਵਿਰੋਧੀ ਜਾਂ ਧਾਰਮਿਕ ਝਗੜੇ ਵਜੋਂ ਨਹੀਂ, ਸਗੋਂ ਨਿਆਂ ਅਤੇ ਮਨੁੱਖਤਾ ਦੀ ਲੜਾਈ ਵਜੋਂ ਪੇਸ਼ ਕਰਨਾ ਚਾਹੀਦਾ ਹੈ। ਸਿੱਖ ਲਹਿਰ ਨੂੰ ਸਿਰਫ਼ ਲੜਾਈਆਂ ਅਤੇ ਸ਼ਹੀਦੀਆਂ ਤੱਕ ਸੀਮਤ ਨਹੀਂ ਕਰਨਾ ਚਾਹੀਦਾ, ਸਗੋਂ ਗੁਰੂ ਨਾਨਕ ਦੇਵ ਜੀ ਦੀ ਸਮਾਜ ਸੁਧਾਰਕ ਸੋਚ, ਗੁਰੂ ਅਰਜਨ ਦੇਵ ਦੀ ਸ਼ਾਂਤਮਈ ਵਿਚਾਰਧਾਰਾ, ਅਤੇ ਗੁਰੂ ਗੋਬਿੰਦ ਸਿੰਘ ਦੀ ਖ਼ਾਲਸਾ ਪੰਥ ਦੀ ਸਥਾਪਨਾ ਦੇ ਮਕਸਦ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ।

**ਸਿੱਖ ਇਤਿਹਾਸ ਦੀ ਸਹੀ ਪੇਸ਼ਕਾਰੀ ਦੀ ਲੋੜ**

ਸਿੱਖ ਇਤਿਹਾਸ ਨੂੰ ਸਹੀ ਸੰਦਰਭ ਵਿੱਚ ਪੜ੍ਹਾਉਣ ਲਈ ਮੁਗ਼ਲਾਂ ਨਾਲ ਸਿੱਖਾਂ ਦੇ ਸਬੰਧਾਂ ਨੂੰ ਸੰਤੁਲਿਤ ਨਜ਼ਰੀਏ ਨਾਲ ਵੇਖਣ ਦੀ ਲੋੜ ਹੈ। ਜਿਵੇਂ ਕਿ ਅਕਬਰ ਦੇ ਸਮੇਂ ਸਿੱਖ-ਮੁਗ਼ਲ ਸਬੰਧ ਸਹਿਮਤੀ ਵਾਲੇ ਸਨ, ਪਰ ਔਰੰਗਜ਼ੇਬ ਦੇ ਜ਼ੁਲਮਾਂ ਨੇ ਟਕਰਾਅ ਨੂੰ ਜਨਮ ਦਿੱਤਾ। ਸਿੱਖ ਲਹਿਰ ਨੂੰ ਕਿਸੇ ਇੱਕ ਧਰਮ ਜਾਂ ਕੌਮ ਦੇ ਵਿਰੁੱਧ ਨਹੀਂ, ਸਗੋਂ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਲੜਾਈ ਵਜੋਂ ਪੇਸ਼ ਕੀਤਾ ਜਾਵੇ। ਇਸ ਕੋਰਸ ਵਿੱਚ ਸਿੱਖ ਧਰਮ ਦੀ ਮਨੁੱਖਤਾਵਾਦੀ ਸੋਚ, ਸਮਾਜ ਸੁਧਾਰ, ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ, ਤਾਂ ਜੋ ਵਿਦਿਆਰਥੀ ਸਿੱਖ ਇਤਿਹਾਸ ਦੀ ਪੂਰੀ ਤਸਵੀਰ ਸਮਝ ਸਕਣ। ਸਿਰਫ਼ ਸ਼ਹੀਦੀਆਂ 'ਤੇ ਕੇਂਦਰਿਤ ਰਹਿਣ ਨਾਲ ਸਿੱਖ ਧਰਮ ਦੀ ਵਿਸ਼ਾਲ ਸੋਚ ਅਤੇ ਫਿਲਾਸਫੀ ਅਧੂਰੀ ਰਹਿ ਜਾਵੇਗੀ।

ਦਿੱਲੀ ਯੂਨੀਵਰਸਿਟੀ ਦਾ ਸਿੱਖ ਸ਼ਹੀਦੀਆਂ ਦਾ ਕੋਰਸ ਪੜ੍ਹਾਉਣ ਦਾ ਫੈਸਲਾ ਸੁਆਗਤਯੋਗ ਹੈ, ਪਰ ਇਸ ਨੂੰ ਸਿਰਫ਼ ਸ਼ਹੀਦੀਆਂ ਤੱਕ ਸੀਮਤ ਨਹੀਂ ਕਰਨਾ ਚਾਹੀਦਾ। ਸਿੱਖ ਇਤਿਹਾਸ ਨੂੰ ਨਿਆਂ, ਸਮਾਨਤਾ ਅਤੇ ਮਨੁੱਖਤਾ ਦੀ ਲੜਾਈ ਵਜੋਂ ਪੇਸ਼ ਕਰਨ ਦੀ ਲੋੜ ਹੈ, ਨਾ ਕਿ ਮੁਗ਼ਲ ਜਾਂ ਇਸਲਾਮ ਵਿਰੋਧੀ ਲਹਿਰ ਵਜੋਂ। ਸਿੱਖ ਧਰਮ ਦੀ ਵਿਚਾਰਧਾਰਾ ਅਤੇ ਗੁਰੂਆਂ ਦੀ ਫਿਲਾਸਫੀ ਨੂੰ ਸਮਝਾਉਣ ਨਾਲ ਵਿਦਿਆਰਥੀਆਂ ਨੂੰ ਸਿੱਖੀ ਦਾ ਸਹੀ ਅਰਥ ਸਮਝ ਆਵੇਗਾ, ਜੋ ਸਿਰਫ਼ ਲੜਾਈਆਂ ਜਾਂ ਸ਼ਹੀਦੀਆਂ ਤੱਕ ਸੀਮਤ ਨਹੀਂ, ਸਗੋਂ ਸਰਬੱਤ ਦੇ ਭਲੇ ਦੀ ਸੋਚ 'ਤੇ ਟਿਕਿਆ ਹੈ।



## ਪੰਜਾਬ ਸਰਕਾਰ ਬਾਜ਼ਾਰ ਤੇ ਵਪਾਰੀ

ਭਾਰਤ ਜੀ.ਐਮ. ਫ਼ਸਲਾਂ ਪੈਦਾ ਕਰਨ ਵਾਲਾ ਰਾਸ਼ਟਰ ਨਹੀਂ ਹੈ ਤੇ ਇਸ ਨੂੰ ਕਿਸੇ ਵੀ ਕੀਮਤ 'ਤੇ ਉਨ੍ਹਾਂ ਫ਼ਸਲਾਂ ਦੀ ਦਰਾਮਦ ਲਈ ਨਹੀਂ ਖੋਲ੍ਹਣਾ ਚਾਹੀਦਾ, ਜੋ ਲੋੜੀਂਦੀਆਂ ਨਹੀਂ ਹਨ। ਦੂਜੇ ਪਾਸੇ 2023-24 ਦੌਰਾਨ ਸੋਕੇ ਵਾਲੇ ਸਾਲਾਂ ਤੋਂ ਸ਼ੁਰੂ ਹੋਇਆ ਦਾਲਾਂ ਦੀ ਰਿਕਾਰਡ ਦਰਾਮਦ ਕਰਨ ਦਾ ਸਿਲਸਿਲਾ ਅਸਲ ਵਿੱਚ ਘਰੇਲੂ ਉਤਪਾਦਨ 'ਚ ਗਿਰਾਵਟ ਲਿਆਉਣ ਦਾ ਕਾਰਨ ਬਣਿਆ ਹੈ, ਜਦੋਂ ਕਿ ਦਰਾਮਦ ਕੀਤੀਆਂ ਦਾਲਾਂ ਦੀ ਲਾਗਤ ਲਗਾਤਾਰ ਵੱਧ ਰਹੀ ਹੈ। ਭਾਰਤ ਵਿੱਚ ਮੌਜੂਦਾ ਬਾਜ਼ਾਰ ਕੀਮਤਾਂ ਤੋਂ ਘੱਟ 'ਤੇ ਦਾਲਾਂ ਦੀ ਦਰਾਮਦ ਨੇ ਘਰੇਲੂ ਉਤਪਾਦਨ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ ਹੈ। ਇਸ ਦੇ ਨਾਲ ਹੀ ਖਾਣ ਵਾਲੇ ਤੇਲਾਂ ਦੀ ਦਰਾਮਦ ਲਗਾਤਾਰ ਵਧ ਰਹੀ ਹੈ ਅਤੇ ਇਹ ਅਮਲ ਘਰੇਲੂ ਉਤਪਾਦਨ ਨੂੰ ਵਧਾਉਣ ਦੇ ਵਿਰੁੱਧ ਇਕ ਰੁਕਾਵਟ ਦੇ ਰੂਪ 'ਚ ਸਾਹਮਣਾ ਆਇਆ ਹੈ। ਇਸ ਤੋਂ ਇਲਾਵਾ ਮੈਨੂੰ ਹਿਮਾਚਲ ਪ੍ਰਦੇਸ਼ ਤੇ ਕਸ਼ਮੀਰ ਵਿੱਚ 20 ਲੱਖ ਸੇਬ ਉਤਪਾਦਕਾਂ ਦੀ ਰੋਜ਼ੀ-ਰੋਟੀ ਨੂੰ ਖ਼ਤਰੇ 'ਚ ਪਾਉਣ ਵਾਲੀ ਜੀ.ਐਮ. ਸੇਬਾਂ ਦੀ ਦਰਾਮਦ ਨੂੰ ਜਾਇਜ਼ ਠਹਿਰਾਉਣ ਦਾ ਕੋਈ ਠੋਸ ਕਾਰਨ ਦਿਖਾਈ ਨਹੀਂ ਦਿੰਦਾ। ਇਨ੍ਹਾਂ ਦਰਾਮਦ ਕੀਤੇ ਸੇਬਾਂ ਦਾ ਪੋਸ਼ਣ ਪੱਖੋਂ ਕੋਈ ਲਾਭ ਨਹੀਂ ਹੈ, ਜਿਵੇਂ ਕਿ ਦੱਸਿਆ ਜਾ ਰਿਹਾ ਹੈ।

ਇਸ ਕਹਾਣੀ ਦਾ ਨੈਤਿਕ ਸਬਕ ਇਹ ਹੈ ਕਿ ਭਾਰਤ ਕਿਸੇ ਵੀ ਕੀਮਤ 'ਤੇ ਸਸਤੀ ਦਰਾਮਦ ਲਈ ਰਸਤਾ ਨਹੀਂ ਖੋਲ੍ਹ ਸਕਦਾ। ਭਾਰਤ ਫ਼ਿਰ ਤੋਂ 'ਜਹਾਜ਼ ਤੋਂ ਮੂੰਹ ਤੱਕ' ਦੀ ਸਥਿਤੀ ਵਾਲੇ ਦਿਨਾਂ ਵਿੱਚ ਵਾਪਸ ਨਹੀਂ ਜਾ ਸਕਦਾ। ਕਿਸਾਨਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਲਾਭਕਾਰੀ ਮੁੱਲ ਦੇਣ ਲਈ ਭਾਰਤ ਨੂੰ ਨਾ ਸਿਰਫ਼ ਇਕ ਯਕੀਨੀ ਕੀਮਤ ਵਿਵਸਥਾ ਬਣਾਉਣੀ ਪਵੇਗੀ, ਸਗੋਂ ਇਸ ਲਈ ਇੱਕ 'ਸਿੰਗਲ ਵਿੰਡੋ' ਪ੍ਰਵਾਨਗੀ ਵੀ ਪ੍ਰਦਾਨ ਕਰਨੀ ਹੋਵੇਗੀ। ਕਿਸਾਨਾਂ ਪੱਖੀ ਫ਼ੈਸਲਿਆਂ ਲਈ ਇੱਕ 'ਫ਼ਾਸਟ-ਟਰੈਕ' ਤੰਤਰ ਵੀ ਮੁਹੱਈਆ ਕਰਨਾ ਪਵੇਗਾ, ਜੋ ਇਹ ਯਕੀਨੀ ਬਣਾਏ ਕਿ ਕਿਸਾਨਾਂ ਨੂੰ ਕੋਈ ਵੀ ਪੈਦਾ ਕੀਤੀ ਖੇਤੀ ਵਸਤੂ ਸੁੱਟਣ ਲਈ ਮਜਬੂਰ ਨਾ ਹੋਣਾ ਪਵੇ।

***

## ਐਮਰਜੈਂਸੀ ਦਾ ਯੁੱਗ ਬਨਾਮ ਲੋਕਤੰਤਰ

ਸੱਚੀ ਗੱਲ ਤਾਂ ਇਹ ਹੈ ਕਿ ਐਮਰਜੈਂਸੀ ਤੋਂ ਕਿਸੇ ਨੇ ਕੋਈ ਸਬਕ ਨਹੀਂ ਸਿੱਖਿਆ। ਨਾ ਉਨ੍ਹਾਂ ਨੇ ਜਿਨ੍ਹਾਂ ਇਹ ਲਗਾਈ ਸੀ ਤੇ ਨਾ ਉਨ੍ਹਾਂ ਨੇ ਜਿਨ੍ਹਾਂ ਕਥਿਤ ਤੌਰ 'ਤੇ ਦੂਸਰੀ ਆਜ਼ਾਦੀ ਲਈ ਸੰਘਰਸ਼ ਕੀਤਾ ਸੀ।

ਅਜੇ ਵੀ ਮੌਕਾ ਹੈ ਕਿ 50 ਸਾਲ ਬਾਅਦ ਐਮਰਜੈਂਸੀ ਦੇ ਕੌੜੇ ਅਨੁਭਵ ਦੀ ਰੌਸ਼ਨੀ 'ਚ ਅਸੀਂ ਆਪਣੀਆਂ ਲੋਕਤੰਤਰਿਕ ਕਦਰਾਂ-ਕੀਮਤਾਂ ਨੂੰ ਦੁਬਾਰਾ ਮਜ਼ਬੂਤ ਕਰਨ ਲਈ ਗੰਭੀਰਤਾ ਪੂਰਵਕ ਵਿਚਾਰ ਕਰਨਾ ਸ਼ੁਰੂ ਕਰ ਦੇਈਏ। ਜੇਕਰ ਅਸੀਂ ਅਜੇ ਵੀ ਇਸ ਤਰ੍ਹਾਂ ਨਾ ਕੀਤਾ ਅਤੇ ਸਹਿਯੋਗੀ ਲੋਕਤੰਤਰ ਬਣਾਉਣ ਵਾਲੇ ਪਾਸੇ ਨਾ ਤੁਰੇ ਤਾਂ ਇਹ ਸਿਰਫ਼ ਨਾਂਅ ਦਾ ਲੋਕਤੰਤਰ ਬਣ ਕੇ ਰਹਿ ਜਾਵੇਗਾ। ਚੋਣਾਂ ਦੇ ਜ਼ਰੀਏ ਸਰਕਾਰਾਂ ਬਣਦੀਆਂ-ਵਿਗੜਦੀਆਂ ਰਹਿਣਗੀਆਂ, ਪਰ ਲੋਕਤੰਤਰ ਇੱਕ ਆਤਮਾ ਤੋਂ ਬਿਨਾਂ ਸਰੀਰ ਵਾਂਗ ਜਿਉਂਦਾ ਰਹੇਗਾ।

***

## ਪੰਜਾਬ ਦੀ ਧੀ ਅਮਨਜੋਤ ਕੌਰ ਨੇ

ਦੀ 63 ਦੌੜਾਂ ਅਤੇ ਵਿਕਟ ਨੇ ਉਸ ਦੀ ਹਰਫਨਮੌਲਾ ਯੋਗਤਾ ਨੂੰ ਸਾਬਤ ਕੀਤਾ।

**ਕੋਚ ਨਾਗੇਸ਼ ਗੁਪਤਾ ਦੀ ਅਹਿਮ ਭੂਮਿਕਾ**

ਅਮਨਜੋਤ ਦੀ ਸਫਲਤਾ ਦਾ ਸਿਹਰਾ ਉਸ ਦੇ ਕੋਚ ਨਾਗੇਸ਼ ਗੁਪਤਾ ਨੂੰ ਜਾਂਦਾ ਹੈ, ਜਿਨ੍ਹਾਂ ਨੇ 9 ਸਾਲਾਂ ਤੋਂ ਉਸ ਨੂੰ ਸਿਖਲਾਈ ਦਿੱਤੀ। ਨਾਗੇਸ਼ ਨੇ ਅਮਨ ਦੀ ਪ੍ਰਤਿਭਾ ਨੂੰ ਪਛਾਣਿਆ ਅਤੇ ਉਸ ਨੂੰ ਜ਼ਿੰਮੇਵਾਰੀ ਨਾਲ ਖੇਡਣ ਦੀ ਸਮਝ ਵਿਕਸਤ ਕੀਤੀ। ਉਹ ਕਹਿੰਦੇ ਹਨ ਕਿ ਸੱਟ ਤੋਂ ਬਾਅਦ ਅਮਨ ਵਿੱਚ ਸਕਾਰਾਤਮਕ ਬਦਲਾਅ ਆਇਆ, ਜਿਸ ਨੇ ਉਸ ਨੂੰ ਹੋਰ ਮਜਬੂਤ ਅਤੇ ਜ਼ਿੰਮੇਵਾਰ ਖਿਡਾਰੀ ਬਣਾਇਆ। ਅਮਨਜੋਤ ਕੌਰ ਅੱਜ ਵੀ ਡੇਢ ਘੰਟੇ ਦਾ ਸਫਰ ਕਰਕੇ ਨਾਗੇਸ਼ ਦੀ ਅਕੈਡਮੀ ਵਿੱਚ ਟਰੇਨਿੰਗ ਲੈਂਦੀ ਹੈ, ਜੋ ਉਸ ਦੇ ਸਮਰਪਣ ਨੂੰ ਦਰਸਾਉਂਦਾ ਹੈ।

ਅਮਨਜੋਤ ਕੌਰ ਨੇ ਆਪਣੀਆਂ ਪ੍ਰਾਪਤੀਆਂ ਬਾਰੇ ਕਿਹਾ, ਮੈਂ ਜਿੱਥੇ ਵੀ ਪਹੁੰਚੀ ਆਂ, ਓਹ ਮੇਰੇ ਮਾਪਿਆਂ, ਕੋਚ ਅਤੇ ਮੇਰੀ ਮਿਹਨਤ ਦਾ ਨਤੀਜਾ ਹੈ। ਸੱਟ ਨੇ ਮੈਨੂੰ ਤੋੜਿਆ ਸੀ, ਪਰ ਮੈਂ ਹਾਰ ਨਾ ਮੰਨੀ। ਮੈਂ ਸੋਚਿਆ ਕਿ ਮੈਂ ਵਾਪਸ ਆਵਾਂਗੀ, ਤੇ ਮੈਂ ਆਈ। ਹਰ ਮੈਚ ਵਿੱਚ ਮੈਂ ਪੂਰੀ ਜਾਨ ਲਾ ਦਿੰਦੀ ਆਂ ਕਿ ਟੀਮ ਨੂੰ ਜਿਤਾਵਾਂ ਤੇ ਮੇਰੇ ਪੰਜਾਬ ਦਾ ਨਾਮ ਚਮਕਾਵਾਂ। ਵੂਮੈਨ ਪ੍ਰੀਮੀਅਰ ਲੀਗ ਅਤੇ ਇੰਗਲੈਂਡ ਵਰਗੀਆਂ ਟੀਮਾਂ ਨੂੰ ਹਰਾਉਣ ਦਾ ਮਜ਼ਾ ਹੀ ਵੱਖਰਾ ਆ। ਮੈਂ ਹੋਰ ਵੀ ਵੱਡੇ ਸੁਪਨੇ ਦੇਖਦੀ ਆਂ, ਤੇ ਮਿਹਨਤ ਜਾਰੀ ਰੱਖਾਂਗੀ।

ਅਮਨਜੋਤ ਕੌਰ ਦੀ ਦਾਸਤਾਨ ਮਿਹਨਤ, ਸਮਰਪਣ ਅਤੇ ਪਰਿਵਾਰਕ ਸਮਰਥਨ ਦੀ ਮਿਸਾਲ ਹੈ, ਜਿਸ ਨੇ ਉਸ ਨੂੰ ਪੰਜਾਬ ਦੀ ਇੱਕ ਗਲੀ ਕ੍ਰਿਕਟਰ ਤੋਂ ਭਾਰਤੀ ਟੀਮ ਦੀ ਆਲਰਾਊਂਡਰ ਤੱਕ ਪਹੁੰਚਾਇਆ।

***

## ਸਰਕਾਰੀ ਗਰੰਟੀ ਬਿਨਾਂ ਸਮਰਥਨ ਮੁੱਲ

ਭੂਗੋਲਿਕ ਵਖਰੇਵੇਂ ਕਰਕੇ, ਪ੍ਰਾਂਤ ਦੀਆਂ ਪ੍ਰਮੁੱਖ ਫ਼ਸਲਾਂ ਦੀ ਵੱਧ ਉਪਜ ਲੈਣੀ ਦੇਸ਼ ਅਤੇ ਕਿਸਾਨ ਦੋਵਾਂ ਦੇ ਹਿੱਤ ਵਿੱਚ ਹੈ। ਇੱਥੋਂ ਤੱਕ ਕਿ ਭਾਰਤ ਲੱਕੜੀ ਦੀ ਵੀ ਦਰਾਮਦ ਕਰਦਾ ਹੈ, ਕੁਝ ਖ਼ਾਸ ਲੱਕੜੀਆਂ ਵੀ ਸਰਕਾਰ ਵੱਲੋਂ ਸਮਰਥਨ ਮੁੱਲ 'ਤੇ ਖ਼ਰੀਦਣੀਆਂ ਚਾਹੀਦੀਆਂ ਹਨ। ਪ੍ਰਾਂਤਾਂ ਦੀਆਂ ਸਰਕਾਰਾਂ ਦੀਆਂ ਐਗਰੀ ਐਕਸਪੋਰਟ ਕਾਰਪੋਰੇਸ਼ਨਾਂ ਦੇ ਜ਼ਿੰਮੇ ਇਹ ਕੰਮ ਲੱਗ ਸਕਦੇ ਹਨ।

ਪਰ ਇਸ ਲਈ ਵੱਖ-ਵੱਖ ਕਿਸਾਨਾਂ ਨਾਲ ਮੰਡੀਕਰਨ ਅਧਿਕਾਰੀਆਂ ਦੇ ਬਾਂਡ ਹੋਣੇ ਹੋਰ ਵੀ ਜ਼ਰੂਰੀ ਹਨ। ਜੇ ਸਰਕਾਰ ਬਹੁਤੀਆਂ ਫ਼ਸਲਾਂ ਲਈ ਯਕੀਨੀ ਮੰਡੀਕਰਨ ਦੀ ਗਾਰੰਟੀ ਦਿੰਦੀ ਹੈ ਅਤੇ ਪਿਆਜ਼ ਦੀ ਖੇਤੀ ਬਾਕੀ ਫ਼ਸਲਾਂ ਨਾਲੋਂ ਲਾਭਦਾਇਕ ਹੈ ਤਾਂ ਇਹ ਨਾ ਹੋਵੇ ਕਿ ਸਾਰੇ ਹੀ ਪ੍ਰਾਂਤ ਵਿੱਚ ਪਿਆਜ਼ ਹੀ ਬੀਜ ਦਿੱਤੇ ਜਾਣ। ਇਸ ਲਈ ਵੱਖ-ਵੱਖ ਫ਼ਸਲਾਂ ਦੇ ਜ਼ੋਨਾਂ ਅਨੁਸਾਰ ਉਨ੍ਹਾਂ ਲਈ ਕੇਰਲਾ ਸਰਕਾਰ ਦੇ ਸਬਜ਼ੀਆਂ ਖ਼ਰੀਦਣ ਵਾਲੇ ਮਾਡਲ ਅਨੁਸਾਰ ਖ਼ਰੀਦ ਕਰਨੀ, ਸਮਰਥਨ ਮੁੱਲ ਨੂੰ ਲਾਗੂ ਕਰਨ ਤੋਂ ਵੀ ਜ਼ਿਆਦਾ ਜ਼ਰੂਰੀ ਹੈ। ਪੰਜਾਬ ਵਿੱਚ ਪਾਣੀ ਦੀ ਪੱਧਰ ਗੰਭੀਰ ਹਾਲਤ ਵਿੱਚ ਪਹੁੰਚ ਗਈ ਹੈ ਅਤੇ ਇਸ ਲਈ ਮੁਫ਼ਤ ਦੀ ਬਿਜਲੀ ਤੇ ਸਿਰਫ਼ ਝੋਨੇ ਅਤੇ ਕਣਕ ਦੀ ਖ਼ਰੀਦ ਵੀ ਵੱਡਾ ਕਾਰਨ ਹੈ, ਬਾਕੀ ਫ਼ਸਲਾਂ ਨੂੰ ਵੀ ਲਾਭਦਾਇਕ ਸਮਰਥਨ ਮੁੱਲ 'ਤੇ ਖ਼ਰੀਦਣ ਦੀ ਵਿਵਸਥਾ ਵਿੱਚ ਇਹ ਵੀ ਸ਼ਾਮਿਲ ਹੋਣਾ ਚਾਹੀਦਾ ਹੈ ਕਿ ਇੱਕ ਕਿਸਾਨ ਕੋਲੋਂ ਕਿੰਨੀ ਮਾਤਰਾ ਜਾਂ ਕਿੰਨੇ ਖੇਤਰ ਤੋਂ ਕਣਕ, ਕਿੰਨੇ ਤੋਂ ਝੋਨਾ ਅਤੇ ਕਿੰਨੇ ਤੋਂ ਮਾਂਹ, ਮਸਰ, ਮੂੰਗਫ਼ਲੀ, ਤੋਰੀਆ ਆਦਿ ਨੂੰ ਯਕੀਨੀ ਤੌਰ 'ਤੇ ਖ਼ਰੀਦਿਆ ਜਾਵੇਗਾ। ਇਸ ਦਾ ਸਮਝੌਤਾ ਸਰਕਾਰੀ ਪ੍ਰਤੀਨਿਧਾਂ ਅਤੇ ਕਿਸਾਨ ਵਿਚਕਾਰ ਹੋਣਾ ਬਹੁਤ ਜ਼ਰੂਰੀ ਹੈ। ਨਿੱਜੀ ਉਦਯੋਗਿਕ ਉੱਦਮੀ ਵੀ ਖ਼ਰੀਦ ਕਰ ਸਕਣ ਪਰ ਸਰਕਾਰੀ ਕੀਮਤ ਤੋਂ ਘੱਟ 'ਤੇ ਖ਼ਰੀਦ ਨਾ ਹੋਵੇ।

****

## ਸਿੱਖ ਮਾਮਲਿਆਂ ਸੰਬੰਧੀ ਜਥੇਦਾਰ ਗੜਗੱਜ

ਮਾਈਕ ਉਨ੍ਹਾਂ ਦੇ ਅੱਗੇ ਕੀਤੇ ਜਾਣ ਨਾਲ ਪ੍ਰੋਟੋਕੋਲ ਦੀ ਉਲੰਘਣਾ ਹੁੰਦੀ ਹੈ ਅਤੇ ਅਜਿਹਾ ਨਾ ਕੀਤਾ ਜਾਵੇ। ਇਸ ਦੌਰਾਨ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਨੂੰ ਅਕਾਲ ਤਖ਼ਤ ਸਾਹਿਬ ਤੋਂ ਭੇਜੇ ਗਏ ਪੱਤਰ ਵਿੱਚ ਆਖਿਆ ਗਿਆ ਹੈ ਕਿ ਦੀਵਾਨ ਦੇ ਪ੍ਰਬੰਧ ਅਤੇ ਅਹੁਦੇਦਾਰਾਂ ਖ਼ਿਲਾਫ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ। ਇਸ ਸਬੰਧ ਵਿੱਚ ਚੀਫ਼ ਖ਼ਾਲਸਾ ਦੀਵਾਨ ਦੀ ਸਮੁੱਚੀ ਕਾਰਜਕਰਨੀ 15 ਦਿਨਾਂ ਵਿੱਚ ਆਪਣਾ ਪੱਖ ਰੱਖਣ ਲਈ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਪੁੱਜੇ। ਇਹ ਪੱਤਰ 20 ਜੂਨ ਨੂੰ ਜਾਰੀ ਕੀਤਾ ਗਿਆ ਸੀ।

***

## ਰੁੱਤ ਨਵੇਂ ਪੌਦੇ ਲਗਾਉਣ

ਸਬੰਧਿਤ ਵਿਦਿਆਰਥੀ ਵੱਲੋਂ ਨਵੇਂ ਬੂਟੇ ਦੀ ਕੀਤੀ ਗਈ ਸਾਂਭ ਸੰਭਾਲ ਉਪਰੰਤ ਜਦੋਂ ਬੂਟਾ ਚੱਲ ਪਵੇ ਤਾਂ ਇੱਕ ਸਾਲ ਬਾਅਦ ਉਸ ਵਿਦਿਆਰਥੀ ਨੂੰ ਵਿਸ਼ੇਸ਼ ਸਮਾਗਮ ਦੌਰਾਨ ਗੋਲਡ ਮੈਡਲ, ਕੁਝ ਨਕਦ ਰਾਸ਼ੀ ਅਤੇ ਸਨਮਾਨ ਚਿੰਨ੍ਹ ਭੇਟ ਕੀਤਾ ਜਾਵੇ ਤਾਂ ਜੋ ਉਸੇ ਸੰਸਥਾ ਦੇ ਹੋਰ ਵਿਦਿਆਰਥੀਆਂ ਵਿੱਚ ਵੀ ਬੂਟਿਆਂ ਨੂੰ ਪਾਲਣ, ਸੰਭਾਲਣ ਅਤੇ ਪ੍ਰਵਾਨ ਚੜ੍ਹਾਉਣ ਦੀ ਰੁਚੀ ਉਜਾਗਰ ਹੋਵੇ। ਹੋਰ ਵੀ ਚੰਗਾ ਹੋਵੇ, ਜੇਕਰ ਅਜਿਹੇ ਵਿਦਿਆਰਥੀ ਨੂੰ ਉਸ ਦੁਆਰਾ ਪਾਲੇ ਬੂਟੇ ਦੇ ਖੋਲ ਖੜ੍ਹਾ ਕੇ ਫੋਟੋ ਖਿੱਚੀ ਜਾਵੇ। ਇਸ ਤਸਵੀਰ ਨੂੰ ਸਕੂਲ-ਕਾਲਜ ਕੰਪਲੈਕਸ ਵਿੱਚ ਬਣੀ ਲਾਇਬ੍ਰੇਰੀ, ਕਾਮਨ ਰੂਮ, ਸਟਾਫ ਰੂਮ ਆਦਿ ਵਿੱਚ ਲਗਾਇਆ ਜਾਣਾ ਚਾਹੀਦਾ ਹੈ।

ਹਰਿਆਵਲ ਲਹਿਰ ਨੂੰ ਉਤਸ਼ਾਹਿਤ ਕਰਨ ਵਾਲੇ ਲੇਖਕਾਂ ਨੂੰ ਯੋਗ ਮਾਨ ਸਨਮਾਨ ਅਤੇ ਸਤਿਕਾਰ ਦਿੱਤਾ ਜਾਵੇ। ਨਵੇਂ ਬੂਟੇ ਲਗਾਉਣ ਸਬੰਧੀ ਲਗਾਤਾਰ ਪ੍ਰਚਾਰ ਕਰਕੇ ਜਨ-ਸਧਾਰਨ ਵਿੱਚ ਇਨਕਲਾਬੀ ਚੇਤਨਾ ਪੈਦਾ ਕੀਤੀ ਜਾਵੇ ਤਾਂ ਜੋ ਸਮਾਜ ਦਾ ਹਰ ਵਰਗ ਪੰਜਾਬ ਨੂੰ ਹਰਿਆ ਭਰਿਆ ਬਣਾਉਣ ਲਈ ਤਤਪਰ ਹੋਵੇ। ਇਸ ਪ੍ਰਕਾਰ ਕੰਮ ਕਰਕੇ ਹੀ ਸਹੀ ਅਰਥਾਂ ਵਿੱਚ ਪੰਜਾਬ ਨੂੰ ਹਰਿਆ ਭਰਿਆ ਬਣਾਇਆ ਜਾ ਸਕਦਾ ਹੈ।

***

## ਸਿੱਖ ਸ਼ਤਾਬਦੀਆਂ ਦੇ ਜਸ਼ਨਾਂ 'ਤੇ ਕਰੋੜਾਂ ਦਾ ਖ਼ਰਚ

ਪਰ ਅੱਜ ਦੀ ਸਥਿਤੀ ਚਿੰਤਾਜਨਕ ਹੈ। ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦਾ ਇਸਾਈਕਰਨ ਵਧ ਰਿਹਾ ਹੈ। ਇਸ ਤੋਂ ਇਲਾਵਾ, ਪਤਿਤ ਸਿੱਖਾਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਸਿੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਸ਼ਤਾਬਦੀਆਂ ਦੇ ਜਸ਼ਨਾਂ ਦਾ ਕੋਈ ਸਦੀਵੀ ਲਾਭ ਨਹੀਂ ਮਿਲਿਆ, ਸਗੋਂ ਸਿੱਖੀ ਦੀ ਰੂਹਾਨੀ ਅਤੇ ਸਮਾਜਿਕ ਤਾਕਤ ਕਮਜ਼ੋਰ ਹੋਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜੋ ਸਿੱਖ ਪੰਥ ਦੀ ਸਭ ਤੋਂ ਵੱਡੀ ਸੰਸਥਾ ਹੈ, ਨੂੰ ਸਿੱਖਾਂ ਦੀ ਭਲਾਈ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਕੰਮ ਕਰਨਾ ਚਾਹੀਦਾ ਹੈ। ਪਰ ਇਹ ਦੇਖਿਆ ਜਾ ਰਿਹਾ ਹੈ ਕਿ ਕਮੇਟੀ ਦੇ ਕਰੋੜਾਂ ਰੁਪਏ ਸ਼ਾਨੋ-ਸ਼ੌਕਤ ਵਾਲੇ ਸਮਾਗਮਾਂ, ਲਾਈਟਾਂ, ਪਟਾਕਿਆਂ, ਅਤੇ ਵੱਡੇ ਜਲੂਸਾਂ 'ਤੇ ਖਰਚ ਹੋ ਰਹੇ ਹਨ। ਇਹ ਖਰਚ ਸਿਰਫ਼ ਇੱਕ-ਦੋ ਦਿਨ ਦਾ ਜਲੌਅ ਬਣ ਕੇ ਰਹਿ ਜਾਂਦਾ ਹੈ, ਜਿਸ ਦਾ ਸਿੱਖ ਪੰਥ ਨੂੰ ਕੋਈ ਸਥਾਈ ਲਾਭ ਨਹੀਂ ਮਿਲਦਾ। ਸਿੱਖ ਸਮਾਜ ਸੁਧਾਰਕ ਪੁੱਛਦੇ ਹਨ ਕਿ ਜੇਕਰ ਇਹ ਪੈਸਾ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਨੁਸਾਰ ਸਮਾਜ ਭਲਾਈ ਦੇ ਕੰਮਾਂ ਵਿੱਚ ਲਗਾਇਆ ਜਾਵੇ, ਤਾਂ ਕੀ ਨਤੀਜੇ ਵਧੇਰੇ ਸਕਾਰਾਤਮਕ ਨਹੀਂ ਹੋਣਗੇ?

***

## ਆਰਟੀਫ਼ੀਸ਼ੀਅਲ ਇੰਟੈਲੀਜੈਂਸ ਵਿੱਚ

ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਇਸ ਦੇ ਨਾਲ ਹੀ, ਚੀਨ ਦੀ ਸਰਕਾਰੀ ਨੀਤੀਆਂ ਅਤੇ ਤੇਜ਼ੀ ਨਾਲ ਵਿਕਾਸ ਦੀ ਰਣਨੀਤੀ ਨੇ ਉਸ ਨੂੰ ਏ.ਆਈ. ਦੇ ਖੇਤਰ ਵਿੱਚ ਮੋਹਰੀ ਬਣਾਇਆ ਹੈ। ਏ.ਆਈ. ਵਿੱਚ ਪੰਜ ਮਜ਼ਬੂਤ ਦੇਸ਼:ਚੀਨ,ਅਮਰੀਕਾ, ਬਰਤਾਨੀਆ, ਕੈਨੇਡਾ, ਦੱਖਣੀ ਕੋਰੀਆ ਹਨ। ਭਾਰਤ ਏ.ਆਈ. ਦੇ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ, ਪਰ ਅਜੇ ਵੀ ਚੀਨ ਅਤੇ ਅਮਰੀਕਾ ਨਾਲੋਂ ਬਹੁਤ ਪਿੱਛੇ ਹੈ। ਭਾਰਤ ਦੀ ਮਜ਼ਬੂਤੀ ਉਸ ਦੀ ਵਿਸ਼ਾਲ ਆਈ.ਟੀ. ਇੰਡਸਟਰੀ, ਹੁਨਰਮੰਦ ਮਨੁੱਖੀ ਵਸੀਲੇ ਅਤੇ ਸਟਾਰਟਅੱਪ ਸੱਭਿਆਚਾਰ ਵਿੱਚ ਹੈ। ਸਰਕਾਰ ਦੀ 'ਡਿਜੀਟਲ ਇੰਡੀਆ' ਅਤੇ 'ਏ.ਆਈ. ਫ਼ਾਰ ਆਲ' ਪਹਿਲਕਦਮੀਆਂ ਨੇ ਖੋਜ ਅਤੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਹੈ। ਪਰ, ਡੇਟਾ ਪਹੁੰਚ, ਨਿਵੇਸ਼ ਅਤੇ ਬੁਨਿਆਦੀ ਢਾਂਚੇ ਦੀ ਕਮੀ ਕਾਰਨ ਭਾਰਤ ਨੂੰ ਅਜੇ ਲੰਮਾ ਸਫ਼ਰ ਤੈਅ ਕਰਨਾ ਹੈ। ਹਾਰਵਰਡ ਯੂਨੀਵਰਸਿਟੀ ਦੀ ਰਿਪੋਰਟ ਨੇ ਚੀਨ ਦੀ ਡੇਟਾ ਅਤੇ ਮਨੁੱਖੀ ਵਸੀਲਿਆਂ ਦੀ ਮਜ਼ਬੂਤੀ 'ਤੇ ਵਿਸ਼ਲੇਸ਼ਣ ਦਿੱਤਾ। ਇਸ ਤੋਂ ਇਲਾਵਾ, ਸਮਾਜਿਕ ਮੀਡੀਆ 'ਤੇ, ਖਾਸ ਕਰਕੇ ਐਕਸ 'ਤੇ, ਚੀਨ ਦੀ ਏ.ਆਈ. ਤਰੱਕੀ ਨੂੰ ਲੈ ਕੇ ਚਰਚਾ ਗਰਮ ਹੈ, ਜਿੱਥੇ ਮਾਈਕਰੋਸਾਫ਼ਟ ਦੇ ਸਾਬਕਾ ਏ.ਆਈ. ਚੀਫ਼ ਨੇ ਵੀ ਦੋਹਾਂ ਦੇਸ਼ਾਂ ਦੇ ਅੰਤਰ ਦੇ ਘਟਣ ਦੀ ਗੱਲ ਕੀਤੀ। ਇਹ ਦੌੜ ਸਿਰਫ਼ ਤਕਨੀਕੀ ਨਹੀਂ, ਸਗੋਂ ਵਿਚਾਰਧਾਰਕ ਵੀ ਹੈ। ਚੀਨ ਦੀ ਸਸਤੀ ਅਤੇ ਖੁੱਲ੍ਹੀ ਏ.ਆਈ. ਨੀਤੀ ਨੇ ਵਿਸ਼ਵ ਪੱਧਰ 'ਤੇ ਉਸ ਦੀ ਪਕੜ ਮਜ਼ਬੂਤ ਕੀਤੀ ਹੈ, ਜਦਕਿ ਅਮਰੀਕਾ ਦੀਆਂ ਪਾਬੰਦੀਆਂ ਅਤੇ ਮਹਿੰਗੇ ਮਾਡਲ ਉਸ ਦੀ ਰਫ਼ਤਾਰ ਨੂੰ ਹੌਲੀ ਕਰ ਰਹੇ ਹਨ।

***

## ਪੰਜਾਬ ਦੇ ਜ਼ਮੀਨੀ ਅਤੇ ਦਰਿਆਈ

ਪੰਜਾਬ ਦੇ ਪਾਣੀਆਂ ਦਾ ਸਬੰਧ ਸਮੁੱਚੇ ਪੰਜਾਬੀਆਂ ਨਾਲ ਹੈ, ਪਰ ਇਸ ਦੀ ਗੰਭੀਰਤਾ ਅਤੇ ਮਹੱਤਤਾ ਸਬੰਧੀ ਸਾਂਝੀਆਂ ਭਾਵਨਾਵਾਂ ਪੈਦਾ ਨਹੀਂ ਹੋ ਸਕੀਆਂ। ਇਸ ਦਾ ਖਮਿਆਜ਼ਾ ਅੱਜ ਬੰਜਰ ਹੋ ਰਹੀ ਧਰਤੀ, ਸੁੱਕ ਰਹੇ ਪੱਤਣ ਅਤੇ ਜ਼ਹਿਰੀਲੇ ਹੋ ਰਹੇ ਪਾਣੀ ਭੁਗਤ ਰਹੇ ਹਨ। ਪੰਜਾਬ ਅੰਦਰ ਕੋਈ ਵੀ ਇੱਕ ਧਿਰ ਜਾਂ ਵਰਗ ਇਸ ਸੰਕਟ ਦਾ ਹੱਲ ਨਹੀਂ ਕੱਢ ਸਕਦਾ। ਇਹ ਸਰਬ-ਸਾਂਝਾ ਮਸਲਾ ਹੈ, ਹਰ ਵਰਗ ਨੂੰ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਇਸ ਕਾਰਜ ਵਿੱਚ ਅੱਗੇ ਵਧਣਾ ਚਾਹੀਦਾ ਹੈ। ਪੰਜਾਬ ਦੇ ਦਰਿਆ ਇਸ ਦੀ ਜੀਵਨ ਧਾਰਾ ਹਨ, ਇਸ ਲਈ ਦਰਿਆਈ ਪਾਣੀਆਂ ਦਾ ਵਹਿਣ ਮੁੜ ਤੋਂ ਪੰਜਾਬ ਵੱਲ ਮੋੜਿਆ ਜਾਣਾ ਜ਼ਰੂਰੀ ਹੈ। ਸਮੁੱਚੀ ਸਥਿਤੀ ਨੂੰ ਠੱਲ੍ਹ ਪਾਉਣ ਲਈ ਉਪਰੋਕਤ ਨੁਕਤੇ ਅਹਿਮ ਭੂਮਿਕਾ ਨਿਭਾਉਂਦੇਹਨ। ਇਹ ਕਾਰਜ ਭਵਿੱਖ ਦੀ ਖੁਸ਼ਹਾਲੀ ਲਈ ਤੁਹਾਡਾ ਸਮਾਂ ਮੰਗਦਾ ਹੈ। ਲਗਾਤਾਰਤਾ ਬਣਾਈ ਰੱਖਣ ਲਈ ਹਮੇਸ਼ਾਂ ਯਤਨਸ਼ੀਲ ਰਹਿ ਕੇ ਕਾਰਜ ਕਰਨ ਨਾਲ ਹੀ ਇਸ ਸੰਕਟ ਦਾ ਸਦੀਵੀਂ ਹੱਲ ਕੱਢਿਆ ਜਾ ਸਕਦਾ ਹੈ। ਪੰਜਾਬ ਦੀ ਧਰਤ ਨੂੰ ਬੰਜਰ ਹੋਣ ਅਤੇ ਇਸ ਦੇ ਅੰਮ੍ਰਿਤ ਪਾਣੀਆਂ ਨੂੰ ਜ਼ਹਿਰੀਲਾ ਹੋਣ ਤੋਂ ਰੋਕਣਾ ਸਾਡਾ ਨੈਤਿਕ ਫ਼ਰਜ਼ ਹੈ। ਆਓ, ਪੰਜਾਬ ਦੀ ਸਦਾ ਹਰਿਆਵਲ ਲਈ ਯਤਨਸ਼ੀਲ ਹੋਈਏ।

***

## ਬਹੁਤ ਬਦਲ ਗਿਆ ਹੈ ਪੰਜਾਬ

ਪਰ ਉਸ ਸਮੇਂ ਬਾਗਲ ਡੰਗਰ ਪਸ਼ੂ, ਨੀਰੇ ਚਾਰੇ ਜਾਂ ਕਿਸੇ ਬੁੜੇ-ਠੇਰੇ ਦੇ ਸੌਣ ਦਾ ਸਥਾਨ ਹੀ ਹੁੰਦਾ ਸੀ। ਨਵੀਆਂ ਬਸਤੀਆਂ ਵਿੱਚ ਤਾਂ ਨਵੀਂ ਆਧੁਨਿਕ ਸ਼ੈਲੀ ਦੀਆਂ ਕੋਠੀਆਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਬਹੁਤ ਸਾਰੇ ਗੁਜ਼ਾਰੇ ਵਾਲੇ ਪਰਿਵਾਰ ਵੀ ਪੁਰਾਣੇ ਖਸਤਾ ਹਾਲਤ ਘਰ ਉਸੇ ਹਾਲਤ ਵਿੱਚ ਛੱਡ ਕੇ ਫਿਰਨੀ ਤੋਂ ਬਾਹਰ ਕੋਠੀਨੁਮਾ ਮਕਾਨ ਬਣਾਉਣ ਲੱਗ ਪਏ ਸਨ। ਪਿੰਡ ਅੰਦਰੋਂ ਖ਼ਾਲੀ ਹੋਣਾ ਸ਼ੁਰੂ ਹੋ ਗਿਆ ਸੀ ਤੇ ਫਿਰਨੀ ਤੋਂ ਬਾਹਰ ਵਸੋਂ ਵਧਣ ਲੱਗ ਪਈ ਸੀ। ਨਾ ਪਿੰਡ 'ਚੋਂ ਰੂੜੀਆਂ ਖ਼ਤਮ ਹੋਈਆਂ ਸਨ ਤੇ ਨਾ ਹੀ ਪਾਥੀਆਂ ਪੱਥਣੀਆਂ ਬੰਦ ਹੋਈਆਂ ਸਨ, ਪਿੰਡ ਜ਼ਰੂਰ ਵਿਖਰ ਗਿਆ ਸੀ। ਮੁਰੱਬੇਬੰਦੀ ਦੇ ਅਮਲ ਨਾਲ ਪਸ਼ੂਆਂ ਦੀ ਸੱਥ ਦਾ ਸੰਕਲਪ ਅਤੇ ਹੋਂਦ, ਦੋਵੇਂ ਖ਼ਤਮ ਹੋ ਗਏ ਸਨ। ਇਹ ਪੰਜਾਬੀ ਜੀਵਨ ਵਿੱਚੋਂ ਪਸ਼ੂ ਧਨ ਦੇ ਖ਼ਾਤਮੇ ਦੇ ਸੰਕੇਤ ਵਾਲੀ ਖ਼ਤਰੇ ਦੀ ਘੰਟੀ ਸੀ।

ਬਰਸਾਤਾਂ ਸਮੇਂ ਇਕੱਤਰ ਹੋਣ ਵਾਲੇ ਪਾਣੀ ਦੇ ਟੋਭੇ, ਛੱਪੜ, ਛੱਪੜੀਆਂ ਦੀ ਹੋਂਦ ਵੀ ਖ਼ਤਮ ਹੋ ਗਈ ਸੀ। ਇਉਂ ਪੇਂਡੂ ਜੀਵਨ ਅੰਦਰ ਹਰ ਤਰ੍ਹਾਂ ਦੇ ਸਾਂਝੇ ਸਥਾਨ ਅਤੇ ਵਰਤਾਰੇ ਖ਼ਤਮ ਹੋ ਗਏ ਸਨ। ਪਹਿਲਾਂ ਵਾਲਾ ਭਾਈਚਾਰਕ ਸਾਂਝ ਵਾਲਾ ਵਾਤਾਵਰਨ ਵਿਖਰਦਾ ਹੀ ਗਿਆ। ਨਿਰੋਲ ਵਿਅਕਤੀਗਤ ਰੁਚੀਆਂ ਵਾਲਾ ਸਮਾਜ ਹੋਂਦ ਵਿੱਚ ਆ ਗਿਆ ਸੀ। ਸੰਯੁਕਤ ਪਰਿਵਾਰ ਇਕਹਿਰੇ ਪਰਿਵਾਰ ਵਿੱਚ ਅਤੇ ਇਕਹਿਰਾ ਪਰਿਵਾਰ ਵਿਅਕਤੀਗਤ ਪਰਿਵਾਰ 'ਚ ਬਦਲਦਾ ਜਾ ਰਿਹਾ ਸੀ। ਇਹੋ ਹਾਲ ਵਾਹੀਯੋਗ ਜ਼ਮੀਨ ਦੀ ਚੱਕਬੰਦੀ ਦਾ ਹੋਇਆ ਸੀ। ਇਸ ਖੇਤਰ ਵਿੱਚ ਵੀ ਨਵੀਆਂ ਸਮੱਸਿਆਵਾਂ ਪੈਦਾ ਹੋਈਆਂ ਸਨ। ਕਿਸਾਨ ਦੀ ਸਮੱਸਿਆ ਕੇਵਲ ਸਾਰਾ ਟੱਕ ਇਕੱਠਾ ਕਰਨ ਨਾਲ ਹੱਲ ਹੋਣ ਵਾਲੀ ਨਹੀਂ ਸੀ। ਹਕੀਕਤ ਇਹ ਸੀ ਕਿ ਹਰ ਕਿਸਾਨ ਕੋਲ ਜੱਦੀ ਜ਼ਮੀਨ ਦਾ ਰਕਬਾ ਭਾਵੇਂ ਥੋੜ੍ਹਾ ਸੀ ਜਾਂ ਬਹੁਤਾ ਪਰ ਉਸ ਨੇ ਸਖ਼ਤ ਮਿਹਨਤ ਕਰਕੇ ਜੱਦੀ ਜ਼ਮੀਨ ਲੋੜੀਂਦੀ ਰੂੜੀ ਖਾਦ ਪਾ ਕੇ ਉਪਜਾਊ ਬਣਾ ਰੱਖੀ ਸੀ। ਮੁਰੱਬੇਬੰਦੀ ਦੌਰਾਨ ਬਦਲੇ 'ਚ ਉਸ ਨੂੰ ਮਾੜੀ, ਰੋੜਾਂ ਵਾਲੀ ਜਾਂ ਕੱਲਰੀ ਜ਼ਮੀਨ ਅਲਾਟ ਹੋ ਗਈ ਸੀ। ਉਂਝ ਵੀ ਪੁਰਾਤਨ ਸਮੇਂ ਦੀਆਂ ਪੱਕੀਆਂ ਮਜ਼ਬੂਤ ਸਾਂਝੀਆਂ ਵੱਟਾਂ ਖ਼ਤਮ ਹੋ ਗਈਆਂ ਸਨ।

***

## ਪੁਲਾੜ 'ਚ ਭਾਰਤ ਦੀਆਂ

ਇਨ੍ਹਾਂ ਵਿੱਚ ਪਲੇਟੀਨਮ, ਸੋਨਾ, ਕੋਬਾਲਟ, ਲੀਥੀਅਮ ਵਰਗੇ ਉਹ ਦੁਰਲਭ ਸੋਮੇ ਹਨ ਜੋ ਬੈਟਰੀ, ਇਲੈਕਟ੍ਰਾਨਿਕਸ ਅਤੇ ਸਵੱਛ ਊਰਜਾ ਤਕਨੀਕ ਵਰਗੀਆਂ ਆਧੁਨਿਕ ਲੋੜਾਂ ਦੀ ਪੂਰਤੀ 'ਚ ਬੇਹੱਦ ਅਹਿਮ ਹਨ। ਧਰਤੀ 'ਤੇ ਸਿਮਟਦੇ ਜਾ ਰਹੇ ਸੋਮਿਆਂ ਨੂੰ ਦੇਖਦੇ ਹੋਏ ਭਵਿੱਖ ਦੀ ਆਰਥਿਕਤਾ ਵਿੱਚ ਪੁਲਾੜ ਖਣਨ ਦਾ ਮਹੱਤਵ ਵਧੇਗਾ। ਸਮਝ ਲਓ ਕਿ ਸੰਪੂਰਨ ਵਿਸ਼ਵ ਦਾ ਸਮੁੱਚਾ ਘਰੇਲੂ ਉਤਪਾਦ (ਜੀਡੀਪੀ) ਲਗਪਗ 100 ਟ੍ਰਿਲੀਅਨ (ਲੱਖ ਕਰੋੜ) ਡਾਲਰ ਹੈ ਤਾਂ ਕੇਵਲ ਛੋਟੇ ਗ੍ਰਹਿ ਬੈਲਟ ਦੀ ਹੈਸੀਅਤ ਹੀ ਦੁਨੀਆ ਦੇ ਉਤਪਾਦਨ ਤੋਂ ਲਗਪਗ 8,000 ਗੁਣਾ ਵੱਧ ਹੈ। ਯਾਨੀ ਉੱਥੇ ਮੌਜੂਦ ਖਣਿਜਾਂ ਦਾ ਮੁੱਲ ਇੰਨਾ ਜ਼ਿਆਦਾ ਹੈ ਕਿ ਪੂਰੀ ਦੁਨੀਆ ਅਗਲੀਆਂ 80 ਸਦੀਆਂ ਤੱਕ ਕਮਾਈ ਜ਼ਰੀਏ ਹੀ ਉਸ ਦੀ ਬਰਾਬਰੀ ਕਰ ਸਕੇਗੀ। ਜੋ ਦੇਸ਼ ਇਨ੍ਹਾਂ ਇਲਾਕਿਆਂ ਵਿੱਚ ਸਭ ਤੋਂ ਪਹਿਲਾਂ ਪੁੱਜ ਕੇ ਉਸ ਦੇ ਕੁਝ ਹਿੱਸੇ 'ਤੇ ਆਪਣਾ ਕਬਜ਼ਾ ਕਰ ਲੈਣਗੇ, ਉਹੀ ਭਵਿੱਖ ਦੇ ਉਦਯੋਗਾਂ ਦੀਆਂ ਲੋੜਾਂ ਦੀ ਪੂਰਤੀ ਦੇ ਚੱਕਰ ਨੂੰ ਕੰਟਰੋਲ ਕਰ ਸਕਣਗੇ। ਉਹ ਕੀਮਤਾਂ ਦੇ ਨਿਰਧਾਰਨ, ਨਵੇਂ ਉੱਦਮਾਂ ਦੀ ਸਥਾਪਨਾ ਅਤੇ ਆਲਮੀ ਬਾਜ਼ਾਰਾਂ ਨੂੰ ਆਕਾਰ ਦੇਣਗੇ। ਇਹੀ ਵਜ੍ਹਾ ਹੈ ਕਿ ਪੁਲਾੜ 'ਚ ਪੈਂਠ ਭਾਰਤ ਦੇ ਭਵਿੱਖ ਲਈ ਅਹਿਮ ਹੈ। ਆਪਣੀਆਂ ਸਮਰੱਥਾਵਾਂ ਅਤੇ ਮੁਹਾਰਤ ਨਾਲ ਭਾਰਤ ਵੱਖ-ਵੱਖ ਦੇਸ਼ਾਂ ਦੇ ਨਾਲ ਸਾਂਝੇਦਾਰੀ ਤੇ ਸਿਖਲਾਈ ਜ਼ਰੀਏ ਪੁਲਾੜ 'ਚ ਵਿਕਾਸਸ਼ੀਲ ਤੇ ਉੱਭਰਦੇ ਅਰਥਚਾਰਿਆਂ ਦੀ ਅਗਵਾਈ ਕਰ ਸਕਦਾ ਹੈ। ਇਹ ਰਣਨੀਤੀ ਕੂਟਨੀਤਕ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੇ ਨਾਲ ਹੀ ਪੁਲਾੜ ਬਾਬਤ ਖੋਜ ਨੂੰ ਵੀ ਕਿਤੇ ਜ਼ਿਆਦਾ ਸਮਾਵੇਸ਼ੀ ਤੇ ਨਿਆਂ-ਸੰਗਤ ਬਣਾਵੇਗੀ।

ਪੁਲਾੜ ਬਾਰੇ ਅਣਗਿਣਤ ਪੌਰਾਣਿਕ ਕਥਾ-ਕਹਾਣੀਆਂ ਸਾਡੇ ਸੁਪਨਿਆਂ ਨੂੰ ਖੰਭ ਲਾਉਂਦੀਆਂ ਰਹੀਆਂ ਹਨ। ਭਾਰਤ ਦੇ ਵਿਗਿਆਨੀਆਂ ਨੇ ਮਨੁੱਖ ਦੇ ਸਦੀਆਂ ਪੁਰਾਣੇ ਸੁਪਨਿਆਂ ਨੂੰ ਸਾਕਾਰ ਕਰ ਕੇ ਪੁਲਾੜ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਇਸ ਨਾਲ ਭਾਰਤ ਦਾ ਆਲਮੀ ਰੁਤਬਾ ਵਧਿਆ ਹੈ। ਇਸ ਖੇਤਰ ਵਿੱਚ ਅਨੇਕ ਵਿਗਿਆਨੀਆਂ ਨੇ ਨਾਮਣਾ ਖੱਟਿਆ ਹੈ। ਇਸ ਸੂਚੀ ਵਿੱਚ ਹੁਣ ਸ਼ੁਭਾਂਸ਼ੂ ਸ਼ੁਕਲਾ ਦਾ ਨਾਂ ਵੀ ਜੁੜ ਗਿਆ ਹੈ। ਕੈਪਟਨ ਸ਼ੁਕਲਾ ਪੁਲਾੜ ਦੀ ਯਾਤਰਾ ਕਰਨ ਵਾਲੇ ਦੂਜੇ ਭਾਰਤੀ ਪੁਲਾੜ ਯਾਤਰੀ ਹਨ। ਚਾਰ ਦਹਾਕੇ ਪਹਿਲਾਂ ਵਿੰਗ ਕਮਾਂਡਰ ਰਾਕੇਸ਼ ਸ਼ਰਮਾ ਨੇ 1984 ਵਿੱਚ ਸੋਵੀਅਤ ਮਿਸ਼ਨ ਦੇ ਹਿੱਸੇ ਵਜੋਂ ਪੁਲਾੜ ਦੀ ਯਾਤਰਾ ਕੀਤੀ ਸੀ। ਇਸ ਦੌਰਾਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਕਿਹਾ ਹੈ ਕਿ ਸ਼ੁਭਾਂਸ਼ੂ ਸ਼ੁਕਲਾ ਨੇ ਪੁਲਾੜ 'ਚ ਭਾਰਤ ਲਈ ਇੱਕ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਪੂਰੇ ਦੇਸ਼ ਨੂੰ ਸ਼ੁਭਾਂਸ਼ੂ ਦੀ ਕਾਮਯਾਬੀ 'ਤੇ ਬਹੁਤ ਮਾਣ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਿਸ਼ਨ ਦੀ ਸਫ਼ਲਤਾ 'ਤੇ ਕਿਹਾ ਕਿ ਗਰੁੱਪ ਕੈਪਟਨ ਸ਼ੁਕਲਾ ਆਪਣੇ ਨਾਲ 140 ਭਾਰਤੀਆਂ ਦੀਆਂ ਉਮੀਦਾਂ ਲੈ ਕੇ ਗਏ ਹਨ।

***

## ਖ਼ੁਫ਼ੀਆ ਵਿਭਾਗ ਰਾਹੀਂ ਲੈ ਰਹੀ

ਮਾਝੇ ਖੇਤਰ ਵਿੱਚ ਪਹਿਲਾਂ ਡਾ. ਇੰਦਰਬੀਰ ਸਿੰਘ ਨਿੱਜਰ ਅਤੇ ਕੁੰਵਰ ਵਿਜੇ ਪ੍ਰਤਾਪ ਸਿੰਘ ਵਰਗੇ ਨੇਤਾਵਾਂ ਨੂੰ ਮੰਤਰੀ ਅਹੁਦਿਆਂ ਤੋਂ ਹਟਾਇਆ ਗਿਆ ਜਾਂ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿੱਚ ਕੱਢਿਆ ਗਿਆ ਅਤੇ ਹੁਣ ਧਾਲੀਵਾਲ ਦੀ ਬਰਖਾਸਤਗੀ ਨੇ ਮਾਝੇ ਵਿੱਚ ਆਪ ਦੀ ਸਥਿਤੀ ਨੂੰ ਕਮਜ਼ੋਰ ਕੀਤਾ ਹੈ। ਅੰਮ੍ਰਿਤਸਰ ਵਿੱਚ ਹੁਣ ਸਿਰਫ਼ ਹਰਭਜਨ ਸਿੰਘ ਈ.ਟੀ.ਓ. ਹੀ ਮੰਤਰੀ ਬਚੇ ਹਨ। ਇਸ ਸਥਿਤੀ ਨੇ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕੀ ਮਾਨ ਜਾਂ ਪੰਜਾਬ ਦੀ ਸਥਾਨਕ ਲੀਡਰਸ਼ਿਪ ਕੇਜਰੀਵਾਲ ਦੀ ਇਸ ਦਖਲਅੰਦਾਜ਼ੀ ਵਿਰੁੱਧ ਬਗਾਵਤ ਕਰ ਸਕਦੀ ਹੈ? ਹਾਲਾਂਕਿ, ਧਾਲੀਵਾਲ ਨੇ ਆਪਣੀ ਵਫ਼ਾਦਾਰੀ ਜਤਾਉਂਦਿਆਂਕਿਹਾ ਕਿ ਉਹ ਮਾਨ ਨਾਲ ਆਪਣੀ ਦੋਸਤੀ ਨੂੰ ਕਾਇਮ ਰੱਖਣਗੇ ਅਤੇ ਪੰਜਾਬ ਲਈ ਕੰਮ ਜਾਰੀ ਰੱਖਣਗੇ। ਪਰ, ਪਾਰਟੀ ਦੇ ਅੰਦਰੂਨੀ ਸੂਤਰਾਂ ਮੁਤਾਬਕ, ਕੇਜਰੀਵਾਲ ਦੀ ਇਸ ਰਣਨੀਤੀ ਨੇ ਕਈ ਸਥਾਨਕ ਨੇਤਾਵਾਂ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ।

***

## 'ਜਦੋਂ ਨਸਲਕੁਸ਼ੀ ਹੋਈ ਮੈਂ

ਮਨਜੀਤ ਕੌਰ ਨੇ ਦੱਸਿਆ ਕਿ ਉਸ ਨੇ ਹਿੰਸਾ ਦੌਰਾਨ ਭੀੜ ਵਿੱਚੋਂ ਸੁਣਿਆ ਸੀ ਕਿ ਸੱਜਣ ਕੁਮਾਰ ਵੀ ਮੌਜੂਦ ਸੀ, ਹਾਲਾਂਕਿ ਉਸ ਨੇ ਉਸ ਨੂੰ ਆਪਣੀਆਂ ਅੱਖਾਂ ਨਾਲ ਨਹੀਂ ਵੇਖਿਆ। ਇਸ ਤੋਂ ਇਲਾਵਾ, 1984 ਦੇ ਸਿੱਖ ਕਤਲੇਆਮ ਦੇ ਹੋਰ ਮਾਮਲਿਆਂ ਵਿੱਚ ਵੀ ਕਈ ਗਵਾਹ ਸਾਹਮਣੇ ਆਏ ਹਨ। ਜਿਵੇਂ ਕਿ ਚਾਮ ਕੌਰ, ਜਿਨ੍ਹਾਂ ਨੇ 16 ਨਵੰਬਰ 2018 ਨੂੰ ਪਟਿਆਲਾ ਹਾਊਸ ਅਦਾਲਤ ਵਿੱਚ ਸੱਜਣ ਕੁਮਾਰ ਦੀ ਸਨਾਖਤ ਕਰਦਿਆਂ ਕਿਹਾ ਸੀ ਕਿ ਉਹ ਸਿੱਖਾਂ ਨੂੰ ਕਤਲ ਕਰਨ ਲਈ ਭੀੜ ਨੂੰ ਉਕਸਾ ਰਿਹਾ ਸੀ। ਜਗਸ਼ੇਰ ਸਿੰਘ ਅਤੇ ਜਗਦੀਸ਼ ਕੌਰ ਵੀ ਸੱਜਣ ਕੁਮਾਰ ਖ਼ਿਲਾਫ਼ ਗਵਾਹੀ ਦੇਣ ਵਾਲਿਆਂ ਵਿਚ ਸ਼ਾਮਲ ਹਨ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com